@Qpatrika
@qaumipatrika punjabi
instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Punjabi National Daily**

**Qaumi Patrika NO. I**

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 20 June 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 20 ਜੂਨ 2026, 06 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 226. qpatrika@gmail.com ਫੋਨ : 9971359517 www.qaumipatrika.org




## ਸੀ. ਬੀ. ਐੱਸ. ਈ. ਦੀ 3 ਭਾਸ਼ਾ ਨੀਤੀ 'ਤੇ ਸੁਪਰੀਮ ਕੋਰਟ ਦਾ ਵੱਡਾ ਫੈਸਲਾ, ਅੰਤ੍ਰਿਮ ਰਾਹਤ ਦੇਣ ਤੋਂ ਸਾਫ਼ ਇਨਕਾਰ

ਨਵੀਂ ਦਿੱਲੀ 19 ਜੂਨ। ਸੁਪਰੀਮ ਕੋਰਟ ਨੇ ਸੀ. ਬੀ. ਐੱਸ. ਈ. ਦੀ ਉਸ ਨੀਤੀ ਨੂੰ ਲੈ ਕੇ ਦਾਇਰ ਪਟੀਸ਼ਨ 'ਤੇ ਕੋਈ ਅੰਤ੍ਰਿਮ ਰਾਹਤ ਦੇਣ ਤੋਂ ਵੀਰਵਾਰ ਨੂੰ ਇਨਕਾਰ ਕਰ ਦਿੱਤਾ, ਜਿਸ 'ਚ 2026-27 ਸੈਸ਼ਨ ਤੋਂ ਕਲਾਸ 9ਵੀਂ ਦੇ ਵਿਦਿਆਰਥੀਆਂ ਲਈ 2 ਭਾਰਤੀ ਭਾਸ਼ਾਵਾਂ ਸਮੇਤ 3 ਭਾਸ਼ਾਵਾਂ ਦਾ ਅਧਿਐਨ ਲਾਜ਼ਮੀ ਕੀਤਾ ਗਿਆ ਹੈ। ਅਦਾਲਤ ਨੇ ਕਿਹਾ ਕਿ ਇਸ ਪੜਾਅ 'ਚ ਕੋਈ ਅੰਤ੍ਰਿਮ ਆਦੇਸ਼ ਪਾਸ ਕਰਨ ਦਾ ਆਧਾਰ ਨਹੀਂ ਬਣਦਾ। ਚੀਫ ਜਸਟਿਸ ਸੂਰਿਆਕਾਂਤ ਅਤੇ ਜਸਟਿਸ ਵੀ. ਮੋਹਨਾ ਦੀ ਬੈਂਚ ਨੇ ਗੈਰ-ਸਰਕਾਰੀ ਸੰਗਠਨ (ਐੱਨ. ਜੀ. ਓ.) 'ਫ?ਰੈਂਡਜ਼ ਆਫ਼ ਪੀਪਲ ਫਾਰ ਐਕਟਿਵ ਡੈਮੋਕ੍ਰੇਸੀ' ਦੀ ਪਟੀਸ਼ਨ ਨੂੰ ਇਸ ਮੁੱਦੇ 'ਤੇ ਪਹਿਲਾਂ ਤੋਂ ਪੈਂਡਿੰਗ ਅਜਿਹੀਆਂ ਹੀ ਪਟੀਸ਼ਨਾਂ ਦੇ ਨਾਲ ਜੋੜ ਦਿੱਤਾ। ਇਸ ਸਬੰਧ ਵਿਚ ਬੈਂਚ ਨੇ ਪਟੀਸ਼ਨ ਨੂੰ ਹੋਰ ਪਟੀਸ਼ਨਾਂ ਦੇ ਨਾਲ ਜੋੜਨ ਦਾ ਹੁਕਮ ਦਿੰਦੇ ਹੋਏ ਕਿਹਾ, "ਅਸੀਂ ਅੱਜ ਇਕ ਲਾਈਨ ਦਾ ਹੁਕਮ ਪਾਸ ਨਹੀਂ ਕਰ ਸਕਦੇ। ਇਸ ਮਾਮਲੇ 'ਚ ਲੰਬੀ ਬਹਿਸ ਹੋਈ ਹੈ। ਅੰਤ੍ਰਿਮ ਰਾਹਤ ਦੇਣ ਦਾ ਕੋਈ ਸਵਾਲ ਹੀ ਨਹੀਂ ਹੈ।" ਸੰਖੇਪ ਸੁਣਵਾਈ ਦੌਰਾਨ ਐੱਨ. ਜੀ. ਓ. ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਉਹ 3 ਭਾਸ਼ਾ ਨੀਤੀ ਨੂੰ ਸਿੱਧੇ ਤੌਰ 'ਤੇ ਚੁਣੌਤੀ ਨਹੀਂ ਦੇ ਰਹੇ ਹਨ, ਬਲਕਿ ਇਸ ਦੇ ਸਿਰਫ਼ ਲਾਗੂ ਕਰਨ ਵਾਲੇ ਹਿੱਸੇ ਨੂੰ ਚੁਣੌਤੀ ਦੇ ਰਹੇ ਹਨ। ਇਸ ਤੋਂ ਬਾਅਦ ਚੀਫ ਜਸਟਿਸ ਨੇ ਐੱਨ. ਜੀ. ਓ. ਦੇ ਨਾਂ 'ਫ?ਰੈਂਡਜ਼ ਆਫ਼ ਪੀਪਲ ਫਾਰ ਐਕਟਿਵ ਡੈਮੋਕ੍ਰੇਸੀ' 'ਤੇ ਸਵਾਲ ਉਠਾਇਆ ਅਤੇ ਹਲਕੇ-ਫੁਲਕੇ ਅੰਦਾਜ਼ 'ਚ ਪੁੱਛਿਆ ਕਿ ਕੀ ਇਸ ਤਰ੍ਹਾਂ ਦਾ ਨਾਂ ਰੱਖਣ ਦਾ ਮਕਸਦ ਅਦਾਲਤ ਜਾਂ ਲੋਕਾਂ ਦੇ ਮਨ 'ਚ ਡਰ ਪੈਦਾ ਕਰਨਾ ਸੀ।

# ਰਾਮ ਮੰਦਰ ਦੀ ਵਿਸ਼ੇਸ਼ ਜਾਂਚ ਟੀਮ ਜਾਂਚ 'ਦੁੱਧ ਦਾ ਦੁੱਧ' ਅਤੇ 'ਪਾਣੀ ਦਾ ਪਾਣੀ' ਕਰ ਦੇਵੇਗੀ : ਮੁੱਖ ਮੰਤਰੀ ਯੋਗੀ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਅਯੁੱਧਿਆ 19 ਜੂਨ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸ਼ੁੱਕਰਵਾਰ ਨੂੰ ਸਮਾਜਵਾਦੀ ਪਾਰਟੀ (ਸਪਾ) ਅਤੇ ਕਾਂਗਰਸ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਨੇ ਰਾਮ ਭਗਤਾਂ ਨੂੰ ਭਰੋਸਾ ਦਿੱਤਾ ਕਿ ਐੱਸਆਈਟੀ ਜਾਂਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰ ਦੇਵੇਗੀ। ਰਾਮ ਮੰਦਰ ਲਈ 500 ਸਾਲਾਂ ਦੇ ਸੰਘਰਸ਼ ਦੇ ਇਤਿਹਾਸ ਨੂੰ ਯਾਦ ਕਰਦੇ ਹੋਏ ਯੋਗੀ ਨੇ ਕਿਹਾ,ਸਾਡੇ ਪੁਰਖਿਆਂ ਨੇ 500 ਸਾਲਾਂ ਤੱਕ ਭਗਵਾਨ ਰਾਮ ਦੇ ਸਥਾਨ ਨੂੰ ਲੈਣ ਲਈ ਸੰਘਰਸ਼ ਕੀਤਾ ਹੈ ਤਾਂ 15 ਦਿਨ ਹੋਰ ਦੇਖ ਲਵੋ, ਚਿੰਤਾ ਨਾ ਕਰੋ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸ਼ੁੱਕਰਵਾਰ ਨੂੰ ਅਯੁੱਧਿਆ ਦੇ ਰੁਦੌਲੀ ਵਿਧਾਨ ਸਭਾ ਹਲਕੇ 'ਚ 378 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਸਰਕਾਰੀ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਸਮੇਤ 126 ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ/ਨੀਂਹ ਪੱਥਰ ਰੱਖਿਆ। ਯੋਧਾ ਝਲਕਾਰੀ ਬਾਈ ਦੀ ਘੋੜਸਵਾਰ ਮੂਰਤੀ ਦਾ ਉਦਘਾਟਨ ਕਰਨ ਤੋਂ ਬਾਅਦ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਯੋਗੀ ਨੇ ਕਿਹਾ,ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਉੱਤਰ ਪ੍ਰਦੇਸ਼ ਨੇ ਪਿਛਲੇ 9 ਸਾਲਾਂ 'ਚ ਜੋ ਤਰੱਕੀ ਕੀਤੀ ਹੈ ਉਹ ਸਮਾਜਿਕ ਏਕਤਾ ਅਤੇ ਸਮੂਹਿਕ ਯਤਨਾਂ ਦਾ ਨਤੀਜਾ ਹੈ। ਅਯੁੱਧਿਆ ਦੇ ਭਗਵਾਨ ਸ਼੍ਰੀ ਰਾਮ ਮੰਦਰ 'ਚ ਦਾਨ ਬਕਸੇ 'ਚ ਬੇਨਿਯਮੀਆਂ ਅਤੇ ਵਿੱਤੀ ਪ੍ਰਬੰਧਨ ਦੇ ਮੁੱਦੇ ਤੋਂ ਬਾਅਦ ਪਹਿਲੀ ਵਾਰ ਸ਼ੁੱਕਰਵਾਰ ਨੂੰ ਪਹੁੰਚੇ ਯੋਗੀ ਆਦਿਤਿਆਨਾਥ ਨੇ ਲਖਨਊ ਡਿਵੀਜ਼ਨਲ ਕਮਿਸ਼ਨਰ ਦੀ ਅਗਵਾਈ 'ਚ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਬਣਾਈ ਹੈ। ਯੋਗੀ ਨੇ ਰਾਮ ਭਗਤਾਂ ਨੂੰ ਭਰੋਸਾ ਦਿੱਤਾ, ਮੈਂ ਸਾਰੇ ਰਾਮ ਭਗਤਾਂ ਨੂੰ ਅਪੀਲ ਕਰਦਾ ਹਾਂ ਕਿ ਅਸੀਂ ਅਯੁੱਧਿਆ ਬਾਰੇ ਅਖ਼ਬਾਰਾਂ 'ਚ ਜੋ ਸੁਣਿਆ ਹੈ, ਉਸ ਬਾਰੇ ਟਰੱਸਟ ਦੀ ਬੇਨਤੀ 'ਤੇ ਇਕ ਵਿਸ਼ੇਸ਼ ਜਾਂਚ ਟੀਮ ਜਾਂਚ ਬਿਠਾਈ ਹੈ। ਇਸ ਗੱਲ ਲਈ ਮੈਂ ਕਹਿ ਸਕਦਾ ਹਾਂ ਕਿ ਵਿਸ਼ੇਸ਼ ਜਾਂਚ ਟੀਮ ਜਾਂਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰ ਕੇ ਰਹੇਗੀ। ਮੁੱਖ ਮੰਤਰੀ ਨੇ ਕਿਹਾ,ਇਸ 'ਚ ਕੋਈ ਸ਼ੱਕ ਨਹੀਂ ਹੈ ਪਰ ਮੈਂ ਸਾਰਿਆਂ ਨੂੰ, ਸਾਰੀਆਂ ਧਿਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਰਾਮ ਭਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਕਿਸੇ ਵੀ ਅਪ੍ਰਸੰਗਿਕ ਟਿੱਪਣੀਆਂ ਜਾਂ ਬਿਆਨਾਂ ਤੋਂ ਬਚਣ। ਜੇਕਰ ਕਿਸੇ ਕੋਲ ਕੋਈ ਸਬੂਤ ਹੈ, ਤਾਂ ਕਿਰਪਾ ਕਰਕੇ ਇਸ ਨੂੰ ਵਿਸ਼ੇਸ਼ ਜਾਂਚ ਟੀਮ ਨੂੰ ਪ੍ਰਦਾਨ ਕਰੋ। ਯੋਗੀ ਨੇ ਕਿਹਾ ਕਿ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਦਾਅਵਾ ਕਰ ਰਹੀਆਂ ਹਨ ਕਿ ਰਾਮ ਭਗਤਾਂ ਦਾ ਅਪਮਾਨ ਕੀਤਾ ਗਿਆ, ਉਦੋਂ ਕੀ ਰਾਮ ਭਗਤਾਂ ਦਾ ਅਪਮਾਨ ਨਹੀਂ ਹੋ ਰਿਹਾ ਸੀ, ਜਦੋਂ ਤੁਹਾਡੇ ਨੇਤਾਵਾਂ ਨੇ ਸੁਪਰੀਮ ਕੋਰਟ 'ਚ ਬੇਸ਼ਰਮੀ ਨਾਲ ਹਲਫ਼ਨਾਮਾ ਦਾਇਰ ਕਰਕੇ ਦਾਅਵਾ ਕੀਤਾ ਕਿ ਰਾਮ ਸਨ ਹੀ ਨਹੀਂ।



## ਜਬਰ ਜ਼ਿਨਾਹ ਦਾ ਦੋਸ਼ੀ ਦੇਵੇਗਾ ਨੀਟ ਦੀ ਪ੍ਰੀਖਿਆ, ਮਿਲੀ 4 ਦਿਨਾਂ ਦੀ ਜ਼ਮਾਨਤ

ਮੁੰਬਈ 19 ਜੂਨ। ਮਹਾਰਾਸ਼ਟਰ ਦੀ ਰਾਜਧਾਨੀ ਮੁੰਬਈ ਦੀ ਇਕ ਵਿਸ਼ੇਸ਼ ਪੋਕਸੋ ਅਦਾਲਤ ਨੇ ਇਕ ਨਾਬਾਲਗ ਨਾਲ ਜਬਰ ਜ਼ਿਨਾਹ ਦੇ ਦੋਸ਼ 'ਚ ਜੇਲ੍ਹ 'ਚ ਬੰਦ ਇਕ 18 ਸਾਲਾ ਵਿਦਿਆਰਥੀ ਨੂੰ ਚਾਰ ਦਿਨਾਂ ਦੀ ਅਸਥਾਈ ਜ਼ਮਾਨਤ ਦੇ ਦਿੱਤੀ ਹੈ ਤਾਂ ਕਿ ਉਹ ਆਉਣ ਵਾਲੀ 21 ਜੂਨ ਨੂੰ ਹੋਣ ਵਾਲੀ ਮੈਡੀਕਲ ਕਾਲਜ 'ਚ ਪ੍ਰਵੇਸ਼ ਪ੍ਰੀਖਿਆ ਨੀਟ-ਯੂਜੀ 'ਚ ਸ਼ਾਮਲ ਹੋ ਸਕੇ। ਵਿਸ਼ੇਸ਼ ਜੱਸ ਐੱਸ.ਆਰ. ਸ਼ਰਮਾ ਨੇ ਨਵੀਂ ਮੁੰਬਈ ਦੀ ਤਲੋਜਾ ਕੇਂਦਰੀ ਜੇਲ੍ਹ 'ਚ ਬੰਦ ਦੋਸ਼ੀ ਨੂੰ ਇਹ ਰਾਹਤ ਪੀੜਤ ਪੱਖ ਵਲੋਂ ਕੋਈ ਇਤਰਾਜ਼ ਨਾ ਜਤਾਏ ਜਾਣ ਤੋਂ ਬਾਅਦ ਦਿੱਤੀ ਹੈ। ਪੀੜਤ ਪੱਖ ਨੇ ਇਸ ਸ਼ਰਤ 'ਤੇ ਸਹਿਮਤੀ ਜਤਾਈ ਕਿ ਜ਼ਮਾਨਤ 'ਤੇ ਬਾਹਰ ਰਹਿਣ ਦੌਰਾਨ ਦੋਸ਼ੀ ਉਸ ਦੇ ਪਰਿਵਾਰ ਨੂੰ ਬਦਨਾਮ ਜਾਂ ਤੰਗ ਨਹੀਂ ਕਰੇਗਾ। ਅਦਾਲਤ ਨੇ ਦੋਸ਼ੀ ਨੂੰ 50 ਹਜ਼ਾਰ ਰੁਪਏ ਦਾ ਜ਼ਮਾਨਤ ਬਾਂਡ ਭਰਨ ਦਾ ਨਿਰਦੇਸ਼ ਦਿੱਤਾ। ਅਦਾਲਤ ਨੇ ਵੀਰਵਾਰ ਨੂੰ ਪਾਸ ਆਪਣੇ ਆਦੇਸ਼ 'ਚ ਕਿਹਾ,"ਦੋਸ਼ੀ ਨੇ ਵਚਨ ਦਿੱਤਾ ਹੈ ਕਿ ਉਹ 21 ਜੂਨ ਨੂੰ ਹੋਣ ਵਾਲੀ ਨੀਟ ਪ੍ਰੀਖਿਆ 'ਚ ਸ਼ਾਮਲ ਹੋਵੇਗਾ ਅਤੇ ਸਰੰਡਰ ਕਰਦੇ ਸਮੇਂ ਜਾਂਚ ਅਧਿਕਾਰੀ ਨੇ ਪ੍ਰੀਖਿਆ 'ਚ ਸ਼ਾਮਲ ਹੋਣ ਨਾਲ ਜੁੜੇ ਸਹਾਇਕ ਦਸਤਾਵੇਜ਼ ਸੌਂਪੇਗਾ। ਦੋਸ਼ੀ 22 ਜੂਨ ਨੂੰ ਦੁਪਹਿਰ 2 ਵਜੇ ਤੋਂ ਪਹਿਲਾਂ ਸੰਬੰਧਤ ਜਾਂਚ ਅਧਿਕਾਰੀ ਦੇ ਸਾਹਮਣੇ ਸਰੰਡਰ ਕਰੇਗਾ।" ਜ਼ਮਾਨਤ ਪਟੀਸ਼ਨ ਦਾਇਰ ਕਰਦੇ ਹੋਏ ਬਚਾਅ ਪੱਖ ਦੇ ਵਕੀਲ ਨੇ ਤਰਕ ਦਿੱਤਾ ਸੀ ਕਿ ਅਪਰਾਧਕ ਨਿਆਂ ਪ੍ਰਣਾਲੀ ਦਾ ਮਕਸਦ ਸੁਧਾਰ ਕਰਨਾ ਹੈ ਅਤੇ ਦੋਸ਼ੀ ਨੂੰ ਆਪਣੀ ਗਲਤੀ ਸੁਧਾਰਨ ਲਈ ਪ੍ਰੀਖਿਆ 'ਚ ਸ਼ਾਮਲ ਹੋਣ ਦਾ ਇਕ ਮੌਕਾ ਮਿਲਣਾ ਚਾਹੀਦਾ। ਅਦਾਲਤ ਨੇ ਕੁਝ ਸ਼ਰਤਾਂ ਲਾਗੂ ਕਰਦੇ ਹੋਏ ਇਹ ਆਦੇਸ਼ ਪਾਸ ਕੀਤਾ।

# ਸਰਦੀਆਂ 'ਚ ਪ੍ਰਦੂਸ਼ਣ ਨਾਲ ਨਜਿੱਠਣ ਲਈ ਦਿੱਲੀ ਸਰਕਾਰ ਨੇ ਜਾਰੀ ਕੀਤਾ ਐਕਸ਼ਨ ਪਲਾਨ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 19 ਜੂਨ। ਦਿੱਲੀ ਸਰਕਾਰ ਨੇ ਸ਼ੁੱਕਰਵਾਰ ਨੂੰ 'ਪ੍ਰੋਐਕਟਿਵ ਵਿੰਟਰ ਏਅਰ ਕੁਆਲਿਟੀ ਮੈਨੇਜਮੈਂਟ ਫਰੇਮਵਰਕ' ਦਾ ਐਲਾਨ ਕੀਤਾ। ਇਸ ਦੇ ਅਧੀਨ, ਰਾਜਧਾਨੀ ਦੇ ਬਾਹਰ ਰਜਿਸਟਰਡ ਨਾਨ-BS VI ਕਮਰਸ਼ੀਅਲ ਗੱਡੀਆਂ ਨੂੰ ਨਵੰਬਰ ਤੋਂ ਜਨਵਰੀ ਵਿਚਾਲੇ ਸ਼ਹਿਰ 'ਚ ਆਉਣ ਦੀ ਇਜਾਜ਼ਤ ਨਹੀਂ ਹੋਵੇਗੀ। ਇਕ ਬਿਆਨ 'ਚ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਇਸ ਫਰੇਮਵਰਕ ਦੇ ਅਧੀਨ, ਸਿਰਫ਼ ਉਨ੍ਹਾਂ ਗੱਡੀਆਂ ਨੂੰ ਦਿੱਲੀ 'ਚ ਪੈਟਰੋਲ ਪੰਪਾਂ 'ਤੇ ਫਿਊਲ ਮਿਲੇਗਾ, ਜਿਨ੍ਹਾਂ ਕੋਲ ਵੈਲਿਡ 'ਪਾਲਿਊਸ਼ਨ ਅੰਡਰ ਕੰਟਰੋਲ ਸਰਟੀਫਿਕੇਟ ਹੋਵੇਗਾ। ਇਹ ਤੁਰੰਤ ਸਾਫ਼ ਨਹੀਂ ਹੋ ਸਕਿਆ ਕਿ ਫਿਊਲ ਖਰੀਦਣ 'ਤੇ ਇਹ ਪਾਬੰਦੀਆਂ ਕਿੰਨੇ ਸਮੇਂ ਤੱਕ ਲਾਗੂ ਰਹਿਣਗੀਆਂ। ਦਿੱਲੀ ਦੇ ਬਾਹਰ ਰਜਿਸਟਰਡ ਨਾਨ-BS VI ਕਮਰਸ਼ੀਅਲ ਗੱਡੀਆਂ ਨੂੰ 1 ਨਵੰਬਰ, 2026 ਤੋਂ 31 ਜਨਵਰੀ 2027 ਵਿਚਾਲੇ ਸ਼ਹਿਰ 'ਚ ਆਉਣ ਦੀ ਇਜਾਜ਼ਤ ਨਹੀਂ ਹੋਵੇਗੀ। ਹਾਲਾਂਕਿ ਮੁੱਖ ਮੰਤਰੀ ਨੇ ਕਿਹਾ ਕਿ ਸੀਐੱਨਜੀ ਗੱਡੀਆਂ, ਇਲੈਕਟ੍ਰਿਕ ਗੱਡੀਆਂ, ਐਮਰਜੈਂਸੀ ਸਰਵਿਸ ਵਾਲੀਆਂ ਗੱਡੀਆਂ ਅਤੇ ਸਰਕਾਰੀ ਕੰਮ 'ਚ ਲੱਗੀਆਂ ਗੱਡੀਆਂ ਨੂੰ ਇਸ ਪਾਬੰਦੀ ਤੋਂ ਛੋਟ ਮਿਲੇਗੀ। ਸਰਦੀਆਂ 'ਚ ਹਵਾ ਦੀ ਗੁਣਵੱਤਾ ਬਿਹਤਰ ਕਰਨ ਅਤੇ ਪ੍ਰਾਈਵੇਟ ਗੱਡੀਆਂ ਦੇ ਵੱਧ ਇਸਤੇਮਾਲ ਨੂੰ ਘੱਟ ਕਰਨ ਲਈ ਗੁਪਤਾ ਨੇ ਕਿਹਾ ਕਿ 1 ਨਵੰਬਰ 2026 ਤੋਂ 28 ਫਰਵਰੀ 2027 ਤੱਕ ਅਧਿਕ੍ਰਿਤ ਪਾਰਕਿੰਗ ਸਹੂਲਤਾਂ 'ਚ ਫੀਸ ਦੁੱਗਣੀ ਕਰ ਦਿੱਤੀ ਜਾਵੇਗੀ। ਵੱਖ-ਵੱਖ ਸਮੇਂ 'ਤੇ ਦਫ਼ਤਰ ਖੁੱਲ੍ਹਣ ਬੰਦ ਹੋਣ ਦੀ ਵਿਵਸਥਾ, ਕੂੜਾ ਅਤੇ ਬਾਇਓਮਾਸ ਨੂੰ ਖੁੱਲ੍ਹੇ 'ਚ ਸਾੜਨ 'ਤੇ ਰੋਕ ਅਤੇ ਧੂੜ ਕੰਟਰੋਲ ਤੇ ਨਿਰਮਾਣ ਕੰਮਾਂ ਲਈ ਪਹਿਲਾਂ ਤੋਂ ਯੋਜਨਾ ਬਣਾਉਣਾ ਵੀ ਇਸ ਫ?ਰੇਮਵਰਕ ਦਾ ਹਿੱਸਾ ਹੈ। ਗੁਪਤਾ ਨੇ ਕਿਹਾ ਕਿ ਇਨ੍ਹਾਂ ਪਾਬੰਦੀਆਂ ਅਤੇ ਵਿਵਸਥਾਵਾਂ ਦੀ ਜਾਣਕਾਰੀ ਸਰਦੀਆਂ ਦੇ ਸ਼ੁਰੂ ਹੋਣ ਨਾਲ ਕਈ ਮਹੀਨੇ ਪਹਿਲਾਂ ਹੀ ਦਿੱਤੀ ਜਾ ਰਹੀ ਹੈ ਤਾਂ ਕਿ ਲੋਕਾਂ ਨੂੰ ਬਾਅਦ 'ਚ ਕੋਈ ਪਰੇਸ਼ਾਨੀ ਨਾ ਹੋਵੇ।



# 56 ਸਾਲ ਦੇ ਹੋਏ ਰਾਹੁਲ ਗਾਂਧੀ, ਪ੍ਰਧਾਨ ਮੰਤਰੀ ਮੋਦੀ, ਖੜਗੇ ਅਤੇ ਕਈ ਆਗੂਆਂ ਨੇ ਦਿੱਤੀ ਵਧਾਈ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 19 ਜੂਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅੱਜ 56 ਸਾਲ ਦੇ ਹੋ ਗਏ ਹਨ। ਉਨ੍ਹਾਂ ਦੇ ਜਨਮ ਦਿਨ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਸਣੇ ਕਈ ਆਗੂਆਂ ਨੇ ਵਧਾਈ ਦਿੱਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਉਨ੍ਹਾਂ ਦੇ ਜਨਮਦਿਨ 'ਤੇ ਵਧਾਈ ਦਿੰਦੇ ਹੋਏ ਉਨ੍ਹਾਂ ਦੀ ਚੰਗੀ ਸਿਹਤ ਅਤੇ ਲੰਬੀ ਉਮਰ ਦੀ ਕਾਮਨਾ ਕੀਤੀ। ਸ਼੍ਰੀ ਮੋਦੀ ਨੇ ਸੋਸ਼ਲ ਮੀਡੀਆ 'ਤੇ ਰਾਹੁਲ ਨੂੰ ਸ਼ੁਭਕਾਮਨਾਵਾਂ ਦਿੰਦੇ ਲਿਖਿਆ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਜੀ ਨੂੰ ਉਨ੍ਹਾਂ ਦੇ ਜਨਮਦਿਨ 'ਤੇ ਬਹੁਤ-ਬਹੁਤ ਸ਼ੁਭਕਾਮਨਾਵਾਂ। ਉਨ੍ਹਾਂ ਦੀ ਚੰਗੀ ਸਿਹਤ ਅਤੇ ਲੰਬੀ ਉਮਰ ਦੀ ਕਾਮਨਾ ਕਰਦਾ ਹਾਂ। ਰਾਹੁਲ ਗਾਂਧੀ ਦਾ ਜਨਮ 19 ਜੂਨ, 1970 ਨੂੰ ਨਵੀਂ ਦਿੱਲੀ ਵਿੱਚ ਹੋਇਆ ਸੀ। ਉਹ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਸਭ ਤੋਂ ਵੱਡੇ ਪੁੱਤਰ ਹਨ। ਵਰਤਮਾਨ ਵਿੱਚ ਉਹ ਉੱਤਰ ਪ੍ਰਦੇਸ਼ ਦੇ ਰਾਏਬਰੇਲੀ ਤੋਂ ਲੋਕ ਸਭਾ ਮੈਂਬਰ ਅਤੇ ਹੇਠਲੇ ਸਦਨ ਵਿੱਚ ਵਿਰੋਧੀ ਧਿਰ ਦੇ ਨੇਤਾ ਹਨ। ਉਹ ਪਿਛਲੇ 22 ਸਾਲਾਂ ਤੋਂ ਰਾਜਨੀਤੀ ਵਿੱਚ ਸਰਗਰਮ ਹਨ। ਖੜਗੇ ਨੇ X 'ਤੇ ਪੋਸਟ ਕੀਤਾ, ਰਾਹੁਲ ਗਾਂਧੀ ਨੂੰ ਜਨਮਦਿਨ ਦੀਆਂ ਹਾਰਦਿਕ ਸ਼ੁਭਕਾਮਨਾਵਾਂ। ਸੰਵਿਧਾਨ ਦੇ ਆਦਰਸ਼ਾਂ ਪ੍ਰਤੀ ਤੁਹਾਡੀ ਅਟੁੱਟ ਵਚਨਬੱਧਤਾ ਅਤੇ ਹਾਸ਼ੀਏ 'ਤੇ ਧੱਕੇ ਗਏ ਅਤੇ ਅਣਸੁਣੇ ਲੋਕਾਂ ਲਈ ਤੁਹਾਡਾ ਅਟੁੱਟ ਸੰਘਰਸ਼ ਲੱਖਾਂ ਲੋਕਾਂ ਲਈ ਪ੍ਰੇਰਨਾ ਸਰੋਤ ਰਿਹਾ ਹੈ। ਕਾਂਗਰਸ ਪਾਰਟੀ ਦੀ ਸਮਾਵੇਸ਼, ਸਮਾਜਿਕ ਨਿਆਂ, ਸਦਭਾਵਨਾ ਅਤੇ ਹਮਦਰਦੀ ਦੀ ਸ਼ਾਨਦਾਰ ਪਰੰਪਰਾ ਤੁਹਾਡੇ ਜਨਤਕ ਜੀਵਨ ਅਤੇ ਲੀਡਰਸ਼ਿਪ ਵਿੱਚ ਸਪੱਸ਼ਟ ਤੌਰ 'ਤੇ ਝਲਕਦੀ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੀ ਜਨਤਾ ਨਾਲ ਨਿਰੰਤਰ ਗੱਲਬਾਤ ਅਤੇ ਸੱਤਾ ਸਾਹਮਣੇ ਨਿਡਰਤਾ ਨਾਲ ਸੱਚ ਬੋਲਣ ਦੀ ਹਿੰਮਤ ਰਾਹੀਂ ਉਨ੍ਹਾਂ ਨੇ ਹਮੇਸ਼ਾ ਸਮਾਜ ਦੇ ਸਭ ਤੋਂ ਕਮਜ਼ੋਰ ਅਤੇ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਦੇ ਅਧਿਕਾਰਾਂ ਅਤੇ ਹਿੱਤਾਂ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਕਾਂਗਰਸ ਪ੍ਰਧਾਨ ਨੇ ਕਿਹਾ, ਮੈਂ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਉਹ ਤੁਹਾਨੂੰ ਚੰਗੀ ਸਿਹਤ, ਖੁਸ਼ੀ, ਤਾਕਤ ਅਤੇ ਦੇਸ਼ ਦੀ ਸੇਵਾ ਕਰਨ ਲਈ ਲੰਬੀ ਉਮਰ ਪ੍ਰਦਾਨ ਕਰੇ। ਕਾਂਗਰਸ ਮੀਡੀਆ ਵਿਭਾਗ ਦੇ ਮੁਖੀ ਪਵਨ ਖੇੜਾ ਨੇ ਰਾਹੁਲ ਗਾਂਧੀ ਨੂੰ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਦਿੰਦੇ ਕਿਹਾ, ਬਹੁਤ ਘੱਟ ਨੇਤਾਵਾਂ ਨੇ ਇੰਨੀ ਸਖ਼ਤ ਆਲੋਚਨਾ ਦਾ ਸਾਹਮਣਾ ਕੀਤਾ ਹੈ ਅਤੇ ਇੰਨੇ ਲੰਬੇ ਸਮੇਂ ਤੱਕ ਜਨਤਕ ਜਾਂਚ ਨੂੰ ਬਰਕਰਾਰ ਰੱਖਿਆ ਹੈ। ਜ਼ਿਆਦਾਤਰ ਅਜਿਹੇ ਹਾਲਾਤਾਂ ਵਿੱਚ ਜਨਤਕ ਜੀਵਨ ਤੋਂ ਪਿੱਛੇ ਹਟ ਗਏ ਹੋਣਗੇ। ਪਰ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਹਰ ਕੋਸ਼ਿਸ਼ ਨੇ ਉਨ੍ਹਾਂ ਦੇ ਇਰਾਦੇ ਨੂੰ ਮਜ਼ਬੂਤ ??ਕੀਤਾ ਹੈ, ਉਨ੍ਹਾਂ ਦੇ ਰਾਜਨੀਤਿਕ ਰੁਖ਼ ਨੂੰ ਹੋਰ ਪਰਿਪੱਕ ਕੀਤਾ ਹੈ, ਅਤੇ ਲੋਕਾਂ ਨਾਲ ਉਨ੍ਹਾਂ ਦਾ ਸਬੰਧ ਡੂੰਘਾ ਕੀਤਾ ਹੈ। ਸੀਨੀਅਰ ਕਾਂਗਰਸੀ ਨੇਤਾ ਅਸ਼ੋਕ ਗਹਿਲੋਤ ਨੇ X 'ਤੇ ਪੋਸਟ ਕੀਤਾ, ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਜਨਮਦਿਨ ਦੀਆਂ ਹਾਰਦਿਕ ਸ਼ੁਭਕਾਮਨਾਵਾਂ। ਨੌਜਵਾਨਾਂ, ਔਰਤਾਂ ਅਤੇ ਦੱਬੇ-ਕੁਚਲੇ ਲੋਕਾਂ ਦੇ ਕੱਟੜ ਸਮਰਥਕ, ਰਾਹੁਲ ਅੱਜ ਭਾਰਤ ਭਰ ਵਿੱਚ ਉਨ੍ਹਾਂ ਲੋਕਾਂ ਲਈ ਇੱਕ ਸ਼ਕਤੀਸ਼ਾਲੀ ਆਵਾਜ਼ ਬਣ ਗਏ ਹਨ, ਜਿਨ੍ਹਾਂ ਦੀਆਂ ਆਵਾਜ਼ਾਂ ਅਕਸਰ ਅਣਸੁਣੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ, ਸੰਵਿਧਾਨ ਦੇ ਮੁੱਲਾਂ, ਸਮਾਜਿਕ ਨਿਆਂ ਅਤੇ ਲੋਕਤੰਤਰੀ ਸਿਧਾਂਤਾਂ ਦੀ ਰੱਖਿਆ ਲਈ ਰਾਹੁਲ ਗਾਂਧੀ ਦੀ ਅਟੁੱਟ ਵਚਨਬੱਧਤਾ ਲੱਖਾਂ ਲੋਕਾਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ। ਮੈਂ ਉਨ੍ਹਾਂ ਦੀ ਲੰਬੀ ਉਮਰ, ਚੰਗੀ ਸਿਹਤ ਅਤੇ ਦੇਸ਼ ਦੀ ਸੇਵਾ ਲਈ ਅਟੁੱਟ ਦ੍ਰਿੜਤਾ ਅਤੇ ਊਰਜਾ ਦੀ ਕਾਮਨਾ ਕਰਦਾ ਹਾਂ।



# ਸੁਰੱਖਿਅਤ ਤੇ ਬਿਨਾਂ ਰੁਕਾਵਟ ਦੇ ਫੁੱਟਪਾਥ 'ਤੇ ਤੁਰਨਾ ਨਾਗਰਿਕਾਂ ਦਾ ਮੌਲਿਕ ਅਧਿਕਾਰ : ਸੁਪਰੀਮ ਕੋਰਟ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 19 ਜੂਨ। ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਇਕ ਅਹਿਮ ਫੈਸਲੇ 'ਚ ਕਿਹਾ ਕਿ ਤੈਅ ਫੁੱਟਪਾਥ 'ਤੇ ਤੁਰਨ ਦਾ ਅਧਿਕਾਰ ਸੰਵਿਧਾਨ ਦੀ ਧਾਰਾ 19 (1) (ਡੀ) ਦੇ ਅਧੀਨ ਸੁਤੰਤਰ ਰੂਪ ਨਾਲ ਆਉਣ-ਜਾਣ ਦੇ ਮੌਲਿਕ ਅਧਿਕਾਰ ਦਾ ਹਿੱਸਾ ਹੈ। ਜੱਜ ਪੀ.ਐੱ. ਨਰਸਿਮਹਾ ਅਤੇ ਜੱਜ ਅਤੁਲ ਐੱਸ. ਚੰਦੁਰਕਰ ਦੀ ਬੈਂਚ ਨੇ ਆਪਣੇ ਫੈਸਲੇ 'ਚ ਕਿਹਾ ਕਿ ਇਸ ਅਧਿਕਾਰ 'ਚ ਸੁਰੱਖਿਅਤ ਸਹੀ ਢੰਗ ਨਾਲ ਚਿੰਨ੍ਹ?ਤ ਫੁੱਟਪਾਥਾਂ ਤੱਕ ਪਹੁੰਚ ਸ਼ਾਮਲ ਹੈ। ਇਸ ਅਧਿਕਾਰ ਨੂੰ ਮੋਟਰ ਵਾਹਨਾਂ ਦੀ ਆਵਾਜਾਈ ਅਤੇ ਸਹੂਲਤ 'ਤੇ ਪਹਿਲ ਮਿਲਣੀ ਚਾਹੀਦੀ ਹੈ। ਬੈਂਚ ਨੇ ਚਿੰਨ੍ਹ?ਤ ਫੁੱਟਪਾਥਾਂ 'ਤੇ ਤੁਰਨ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਮੰਨਿਆ ਅਤੇ ਸਵੀਕਾਰ ਕੀਤਾ ਕਿ ਤੁਰਨਾ ਰੋਜ਼ਾਨਾ ਦੀ ਜ਼ਿੰਦਗੀ 'ਚ 'ਅਟੁੱਟ ਰੂਪ ਨਾਲ ਜੁੜਿਆ' ਹੈ ਅਤੇ 'ਇਹ ਸੁਤੰਤਰ ਆਵਾਜਾਈ ਦੀ ਸੰਵਿਧਾਨਕ ਗਾਰੰਟੀ ਦਾ ਇਕ ਜ਼ਰੂਰੀ ਹਿੱਸਾ ਹੈ। ਅਦਾਲਤ ਨੇ ਕਿਹਾ ਕਿ ਇਸ ਅਧਿਕਾਰ ਦੀ ਪ੍ਰਧਾਨਤਾ ਦੇ ਬਾਵਜੂਦ ਮੋਟਰ ਵਾਹਨਾਂ ਦੇ ਵਧਦੇ ਦਬਦਬੇ ਨੇ ਪੈਦਲ ਤੁਰਨ ਵਾਲਿਆਂ ਦੀ ਜਗ?ਹਾ ਨੂੰ ਲੈ ਕੇ ਘੱਟ ਕੀਤਾ ਹੈ। ਸਥਿਤੀ ਇਹ ਹੋ ਗਈ ਹੈ ਕਿ ਵਾਹਨ ਚਾਲਕ ਹਮੇਸ਼ਾ ਪੈਦਲ ਤੁਰਨ ਵਾਲਿਆਂ ਦੀ ਜਗ?ਹਾ ਨੂੰ ਲਗਾਤਾਰ ਘੱਟ ਕੀਤਾ ਹੈ। ਸਥਿਤੀ ਇਹ ਹੋ ਗਈ ਹੈ ਕਿ ਵਾਹਨ ਚਾਲਕ ਹਮੇਸ਼ਾ ਪੈਦਲ ਤੁਰਨ ਨੂੰ ਰੁਕਾਵਟ ਵਜੋਂ ਦੇਖਦੇ ਹਨ। ਜਨਤਕ ਅਧਿਕਾਰੀਆਂ ਦੀਆਂ ਜ਼ਿੰਮੇਵਾਰੀਆਂ 'ਤੇ ਜ਼ੋਰ ਦਿੰਦੇ ਹੋਏ ਬੈਂਚ ਨੇ ਕਿਹਾ ਕਿ ਸ਼ਹਿਰੀ ਵਿਕਾਸ ਅਥਾਰਟੀ, ਨਗਰ ਨਿਗਮ, ਨਗਰਪਾਲਿਕਾਵਾਂ ਅਤੇ ਪੰਚਾਇਤਾਂ ਫੁੱਟਪਾਥਾਂ ਅਤੇ ਪੈਦਲ ਯਾਤਰੀਆਂ ਨਾਲ ਜੁੜੇ ਹੋਰ ਬੁਨਿਆਦੀ ਢਾਂਚਿਆਂ ਨੂੰ ਚਿੰਨ੍ਹ?ਤ ਕਰਨ, ਬਣਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਤੇ ਉਨ੍ਹਾਂ ਦੀ ਰੱਖਿਆ ਲਈ ਜ਼ਿੰਮੇਵਾਰ ਹਨ। ਇਹ ਦੇਖਦੇ ਹੋਏ ਪੈਦਲ ਯਾਤਰੀਆਂ ਦੀਆਂ ਚਿੰਤਾਵਾਂ ਹਮੇਸ਼ਾ ਸਾਹਮਣੇ ਨਹੀਂ ਆ ਪਾਉਂਦੀਆਂ ਹਨ, ਅਦਾਲਤ ਨੇ ਕਿਹਾ ਕਿ ਤੈਅ ਫੁੱਟਪਾਥਾਂ 'ਤੇ ਤੁਰਨ ਦੇ ਅਧਿਕਾਰ ਦਾ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਹੋਣ 'ਤੇ ਨਾਗਰਿਕ ਸੰਬੰਧਤ ਅਧਿਕਾਰੀਆਂ ਖ਼?ਲਾਫ਼ ਬਹਾਲੀ ਅਤੇ ਮੁਆਵਜ਼ੇ ਸਮੇਤ ਸੰਵਿਧਾਨਕ ਇਲਾਜ ਮੰਗਣ ਦੇ ਹੱਕਦਾਰ ਹੋਣਗੇ। ਕੋਰਟ ਨੇ ਸਪੱਸ਼ਟ ਕੀਤਾ ਕਿ ਇਹ ਕਾਨੂੰਨੀ ਇਲਾਜ ਮੋਟਰ ਵਾਹਨ ਐਕਟ ਦੇ ਅਧੀਨ ਮਿਲਣ ਵਾਲੇ ਕਾਨੂੰਨੀ ਉਪਾਵਾਂ ਤੋਂ ਇਲਾਵਾ ਅਤੇ ਉਨ੍ਹਾਂ ਤੋਂ ਸੁਤੰਤਰ ਹੋਣਗੇ। ਪੈਦਲ ਯਾਤਰੀਆਂ ਦੇ ਅਧਿਕਾਰ ਸਭ ਤੋਂ ਉੱਪਰ ਹਨ ਅਤੇ ਉਨ੍ਹਾਂ ਨੂੰ ਮੋਟਰ ਵਾਹਨਾਂ ਦੀ ਆਵਾਜਾਈ 'ਤੇ ਪਹਿਲ ਮਿਲਣੀ ਚਾਹੀਦੀ ਹੈ। ਬੈਂਚ ਨੇ ਜ਼ੋਰ ਦਿੱਤਾ ਕਿ ਚਿੰਨ੍ਹ?ਤ ਫੁੱਟਪਾਥਾਂ 'ਤੇ ਤੁਰਨ ਦਾ ਮੌਲਿਕ ਅਧਿਕਾਰ ਦੀ ਸੁਰੱਖਿਆ ਰਾਜ ਅਤੇ ਸਥਾਨਕ ਅਧਿਕਾਰੀਆਂ ਦੀ ਸਮਾਨ ਜ਼ਿੰਮੇਵਾਰੀ ਹੈ। ਜਿੱਥੇ ਵੀ ਸੜਕ ਹੈ, ਉੱਥੇ ਪੈਦਲ ਯਾਤਰੀਆਂ ਲਈ ਸੁਰੱਖਿਅਤ, ਸਪੱਸ਼ਟ ਰੂਪ ਨਾਲ ਚਿੰਨ੍ਹ?ਤ ਅਤੇ ਉਚਿਤ ਸਾਂਭ-ਸੰਭਾਲ ਵਾਲੇ ਫੁੱਟਪਾਥ ਵੀ ਹੋਣੇ ਚਾਹੀਦੇ ਹਨ।

# ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਉੱਤਰਾਖੰਡ ਵਿਚ ਸਿੱਖ ਸ਼ਰਧਾਲੂਆਂ 'ਤੇ ਹਮਲੇ ਦੇ ਮਾਮਲੇ ਵਿਚ ਉਚ ਪੱਧਰੀ ਵਫਦ ਭੇਜਣ ਦਾ ਫੈਸਲਾ

## ਸਿੱਖ ਸ਼ਰਧਾਲੂਆਂ 'ਤੇ ਹਮਲੇ ਕਿਸੇ ਵੀ ਤਰੀਕੇ ਬਰਦਾਸ਼ਤ ਨਹੀਂ ਕੀਤੇ ਜਾਣਗੇ: ਕਾਲਕਾ, ਕਾਹਲੋਂ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 19 ਜੂਨ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉੱਤਰਾਖੰਡ ਵਿਚ ਸਿੱਖ ਸ਼ਰਧਾਲੂਆਂ 'ਤੇ ਹੋਏ ਹਮਲੇ ਨੂੰ ਵੇਖਦਿਆਂ ਉੱਚ ਪੱਧਰੀ ਵਫਦ ਉਥੇ ਭੇਜਣ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਅਸੀਂ ਸਥਾਨਕ ਸਰਕਾਰ ਤੇ ਪ੍ਰਸ਼ਾਸਨ ਕੋਲ ਇਹ ਮਾਮਲਾ ਚੁੱਕ ਕੇ ਇਸਦਾ ਤਰਕਸੰਗਤ ਨਿਪਟਾਰਾ ਕਰਵਾ ਸਕੀਏ। ਇਹ ਪ੍ਰਗਟਾਵਾ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ ਹੈ। ਅੱਜ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਅੱਜ ਤੋਂ ਦੋ ਦਿਨ ਪਹਿਲਾਂ ਜਿਸ ਤਰੀਕੇ ਨਾਲ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਪ੍ਰਯਾਗਰਾਜ ਵਿਖੇ ਟਕਰਾਅ ਹੋਇਆ, ਉਸ ਬਾਰੇ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਪੁਲਿਸ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਉਹ ਅਮਨ ਤੇ ਸ਼ਾਂਤੀ ਤੇ ਭਾਈਚਾਰਕ ਸਾਂਝ ਬਣਾ ਕੇ ਰੱਖੇ ਕਿਉਂਕਿ ਵੱਡੀ ਗਿਣਤੀ ਵਿਚ ਸਿੱਖ ਸ਼ਰਧਾਲੂ ਸ੍ਰੀ ਹੇਮੁਕੰਟ ਸਾਹਿਬ ਦੀ ਯਾਤਰਾ ਵਿਚ ਜਾਂਦੇ ਹਨ। ਉਹਨਾਂ ਕਿਹਾ ਕਿ ਸਿੱਖ ਨੌਜਵਾਨ ਜਿਹਨਾਂ ਵਿਚ ਮਨਪ੍ਰੀਤ ਸਿੰਘ, ਜਸਨਪ੍ਰੀਤ ਸਿੰਘ, ਅਜੈ ਸਿੰਘ ਤੇ ਸਤਵਿੰਦਰ ਸਿੰਘ ਜੋ 21 ਤੋਂ 23 ਸਾਲ ਦੇ ਉਮਰ ਦੇ ਹਨ ਜਿਹਨਾਂ ਨੇ ਸਵੈ ਰੱਖਿਆ ਵਾਸਤੇ ਕ੍ਰਿਪਾਨਾਂ ਚਲਾਈਆਂ ਪਰ ਉਥੇ ਦੀ ਪੁਲਿਸ ਨੇ ਜੋ ਰਵੱਈਆ ਵਿਖਾਇਆ, ਦੁਨੀਆਂ ਵਿਚ ਉਸਦਾ ਗਲਤ ਸੁਨੇਹਾ ਗਿਆ ਜਿਸਦੀ ਅਸੀਂ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸਖ਼ਤ ਨਿਖੇਧੀ ਕਰਦੇ ਹਾਂ। ਉਹਨਾਂ ਕਿਹਾ ਕਿ ਅਸੀਂ ਜਲਦੀ ਹੀ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਵਫਦ ਵੀ ਭੇਜ ਰਹੇ ਹਾਂ। ਉਹਨਾਂ ਕਿਹਾ ਕਿ ਸਥਾਨਕ ਸਰਕਾਰ ਜਾਂ ਪ੍ਰਸ਼ਾਸਨ ਇਕ ਅਜਿਹਾ ਮਾਹੌਲ ਪੈਦਾ ਕਰ ਰਹੇ ਹਨ ਜਿਸ ਕਾਰਨ ਸਿੱਖਾਂ ਵਿਚ ਡਰ ਤੇ ਦਹਿਸ਼ਤ ਦਾ ਮਾਹੌਲ ਹੈ। ਉਹਨਾਂ ਕਿਹਾ ਕਿ ਸਾਡਾ ਉੱਚ ਪੱਧਰੀ ਵਫਦ ਅਸੀਂ ਭੇਜ ਰਹੇ ਹਾਂ ਜੋ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਤੇ ਰਾਜਪਾਲ ਨੂੰ ਮਿਲੇਗਾ ਅਤੇ ਇਸ ਮਾਮਲੇ ਵਿਚ ਤੁਰੰਤ ਦਖਲ ਦੇ ਕੇ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕਰੇਗਾ। ਉਹਨਾਂ ਕਿਹਾ ਕਿ ਹਰ ਯਾਤਰੀ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਜਿਸਦੀ ਜ਼ਿੰਮੇਵਾਰੀ ਸਥਾਨਕ ਸਰਕਾਰ ਤੇ ਸਥਾਨਕ ਪ੍ਰ?ਸ਼ਾਸਨ ਦੀ ਬਣਦੀ ਹੈ ਕਿਉਂਕਿ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਹਰ ਸਾਲ ਉਥੇ ਜਾਂਦੇ ਹਨ। ਉਹਨਾਂ ਕਿਹਾ ਕਿ ਸਥਾਨਕ ਪ੍ਰਸ਼ਾਸਨ ਨੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ। ਉਹਨਾਂ ਕਿਹਾ ਕਿ ਜਿਸ ਤਰੀਕੇ ਨਾਲ ਪੁਲਿਸ ਦੀ ਭੂਮਿਕਾ ਨਜ਼ਰ ਆ ਰਹੀ ਹੈ ਤੇ ਨੌਜਵਾਨਾਂ 'ਤੇ ਤਸ਼ੱਦਦ ਢਾਹਿਆ ਗਿਆ ਹੈ, ਉਸਦੀ ਜਾਂਚ ਹੋਣੀ ਚਾਹੀਦੀ ਹੈ ਤੇ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਇਹ ਗੁਰੂ ਘਰ ਦੀਆਂ ਯਾਤਰਾਵਾਂ ਹਨ ਜੋ ਕਿਸੇ ਦੇ ਕਹਿਣ 'ਤੇ ਨਹੀਂ ਰੁਕ ਸਕਦੀਆਂ। ਉਹਨਾਂ ਕਿਹਾ ਕਿ ਘੋੜੇ ਤੇ ਖੱਚਰਾਂ ਵਾਲਿਆਂ ਸਮੇਤ ਬਹੁਤ ਵੱਡੀ ਗਿਣਤੀ ਵਿਚ ਵਪਾਰੀ ਇਹਨਾਂ ਯਾਤਰਾਵਾਂ ਤੋਂ ਹਰ ਸਾਲ ਕਮਾਈ ਹਾਸਲ ਕਰਦੇ ਹਨ। ਉਹਨਾਂ ਕਿਹਾ ਕਿ ਕ੍ਰਿਪਾਨ ਬਾਰੇ ਗਲਤ ਸ਼ਬਦਾਵਲੀ ਵਰਤੀ ਜਾ ਰਹੀ ਹੈ, ਉਹ ਵੀ ਬਹੁਤ ਗਲਤ ਹੈ। ਉਹਨਾਂ ਕਿਹਾ ਕਿ ਗਲਤ ਬਿਆਨਬਾਜ਼ੀ ਤੋਂ ਵੀ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਦੇ ਤਹਿਤ ਸਿੱਖ ਭਾਈਚਾਰੇ ਨੂੰ ਆਪਣੇ ਧਰਮ ਦੇ ਮੁਤਾਬਕ ਪੰਜ ਕੱਕਾਰ ਧਾਰਨ ਕਰਨ ਦੀ ਖੁੱਲ੍ਹ ਹੈ ਤੇ ਅਸੀਂ ਇਹ ਕੱਕਾਰ ਧਾਰਨ ਕਰਦੇ ਹਾਂ ਜਿਸ 'ਤੇ ਕੋਈ ਇਤਰਾਜ਼ ਨਹੀਂ ਹੋ ਸਕਦਾ। ਉਹਨਾਂ ਕਿਹਾ ਕਿ ਕੁੜਤਣ ਭਰਿਆ ਮਾਹੌਲ ਨਾ ਪੈਦਾ ਹੋਣਾ ਚਾਹੀਦਾ ਹੈ ਤੇ ਨਾ ਹੀ ਚਲਣਾ ਚਾਹੀਦਾ ਹੈ।



ਕੌਮੀ ਪਤ੍ਰਿਕਾ

# ਇਮਿਊਨ ਸਿਸਟਮ ਦਾ ਰੱਖੋ ਖ਼ਾਸ ਧਿਆਨ

ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਹੀ ਇਮਿਊਨ ਪਾਵਰ ਕਹਿੰਦੇ ਹਨ। ਅਕਸਰ ਹੀ ਕੁਝ ਲੋਕ ਵਾਰ-ਵਾਰ ਬਿਮਾਰ ਪੈ ਜਾਂਦੇ ਹਨ ਖ਼ਾਸ ਕਰ ਕੇ ਜਦੋਂ ਮੌਸਮ ਬਦਲਦਾ ਹੈ। ਜਲਦੀ ਹੀ ਮੌਸਮੀ ਬਿਮਾਰੀਆਂ ਤੇ ਇਨਫੈਕਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਦਾ ਮੁੱਖ ਕਾਰਨ ਇਮਿਊਨ ਸਿਸਟਮ ਕਮਜ਼ੋਰ ਹੋਣ। ਜੇ ਇਮਿਊਨ ਸਿਸਟਮ ਨਾ ਠੀਕ ਹੋਵੇ ਤਾਂ ਸਰੀਰ ਨਾਲ ਲੜਨ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ ਜਿਸ ਕਰਕੇ ਅਸੀਂ ਜਲਦੀ ਹੀ ਬਿਮਾਰ ਹੋ ਜਾਂਦੇ ਹਾਂ।

### ਕਾਰਨ


- ਭਾਰ ਵਧਣਾ ਜਾਂ ਘੱਟ ਹੋਣ।
- ਸ਼ਰਾਬ ਦਾ ਜ਼ਿਆਦਾ ਸੇਵਨ ਕਰਨਾ।
- ਸਰੀਰ ਨੂੰ ਜ਼ਰੂਰਤ ਦੇ ਅਨੁਸਾਰ ਪੌਸ਼ਟਿਕ ਨਾ ਮਿਲਣਾ।
- ਦਰਦ ਦੂਰ ਕਰਨ ਵਾਲੀਆਂ ਦਵਾਈਆਂ ਦਾ ਜ਼ਿਆਦਾ ਸੇਵਨ।
- ਸਰੀਰ ਦੀ ਸਾਫ਼-ਸਫ਼ਾਈ ਵੱਲ ਜ਼ਿਆਦਾ ਧਿਆਨ ਨਾ ਦੇਣਾ।
- ਤਣਾਅ 'ਚ ਰਹਿਣਾ।
- ਨੀਂਦ ਪੂਰੀ ਨਾ ਕਰਨਾ।



ਅੱਜਕੱਲ੍ਹ ਹਵਾ 'ਚ ਕਈ ਤਰ੍ਹਾਂ ਦੇ ਹਾਨੀਕਾਰਕ ਬੈਕਟੀਰੀਆ ਤੇ ਵਾਇਰਸ ਮੌਜੂਦ ਹੁੰਦੇ ਹਨ ਜੋ ਸਾਹ ਦੇ ਨਾਲ ਸਰੀਰ 'ਚ ਚਲੇ ਜਾਂਦੇ ਹਨ। ਇਸ ਤਰ੍ਹਾਂ ਦੇ ਹਾਲਾਤ 'ਚ ਸਾਡਾ ਇਮਿਊਨ ਸਿਸਟਮ ਬੈਕਟੀਰੀਆ ਤੋਂ ਬਚਾਉਂਦਾ ਹੈ।

- ਇਮਿਊਨ ਪਾਵਰ ਵਧਾਉਣ ਲਈ ਬਲੈਕ ਟੀ ਤੇ ਗ੍ਰੀਨ ਟੀ ਦੋਵੇ ਹੀ ਵਧੀਆ ਹਨ। ਹਰ ਰੋਜ਼ 1-2 ਕੱਪ ਪੀਣਾ ਇਮਿਊਨ ਸਿਸਟਮ ਲਈ ਵਧੀਆ ਰਹੇਗਾ। ਧਿਆਨ ਰਹੇ ਇਸ ਦਾ ਜ਼ਿਆਦਾ ਸੇਵਨ ਸਿਹਤ ਲਈ ਹਾਨੀਕਾਰਕ ਵੀ ਹੋ ਸਕਦਾ ਹੈ।
- ਸਰੀਰ ਨੂੰ ਇਨਫੈਕਸ਼ਨ ਤੋਂ ਬਚਾਉਣ ਲਈ ਵਿਟਾਮਿਨ ਸੀ ਕਾਫ਼ੀ ਫ਼ਾਇਦੇਮੰਦ ਹੈ। ਨਿੰਬੂ ਤੇ ਆਂਵਲਾ 'ਚ ਵਿਟਾਮਿਨ ਸੀ ਹੁੰਦਾ ਹੈ।
- ਸਹੀ ਇਮਿਊਨ ਲਈ ਭਾਰ ਦਾ ਇਕ ਮਾਤਰਾ 'ਚ ਰਹਿਣਾ ਬਹੁਤ ਜ਼ਰੂਰੀ ਹੈ।

# ਆਯੁਰਵੈਦ ਕਾਲਜ ਪਟਿਆਲਾ ਦੇ ਸੰਸਥਾਪਕ
## ਪੰ. ਰਾਮ ਪ੍ਰਸ਼ਾਦ ਸ਼ਰਮਾ



ਨਵਦੀਪ ਢੀਂਗਰਾ

'ਰਾਜ ਵੈਦ' 'ਵੈਦਯ ਰਤਨ' ਪੰਡਤ ਰਾਮ ਪ੍ਰਸ਼ਾਦ ਸ਼ਰਮਾ ਨੇ ਸੂਬੇ ਵਿਚ ਆਯੁਰਵੈਦ ਪ੍ਰਣਾਲੀ ਦੇ ਪ੍ਰਚਾਰ ਪ੍ਰਸਾਰ ਵਿਚ ਮੋਹਰੀ ਭੂਮਿਕਾ ਨਿਭਾਈ। ਜਦੋਂ ਭਾਰਤੀ ਆਯੁਰਵੈਦਿਕ ਦਵਾਈਆਂ ਦੀ ਅਮੀਰ ਪਰੰਪਰਾ ਬ੍ਰਿਟਿਸ਼ ਸਰਕਾਰ ਦੀ ਸਰਪ੍ਰਸਤੀ ਵਾਲੇ ਵਿਦੇਸ਼ੀ ਮੈਡੀਕਲ ਪ੍ਰਣਾਲੀਆਂ ਦੀ ਵਿਆਪਕ ਤਰੱਕੀ ਕਾਰਨ ਗੁਆਚ ਰਹੀ ਸੀ, ਉਸ ਸਮੇਂ 'ਵੈਦ ਰਤਨ' ਪੰਡਤ ਰਾਮ ਪ੍ਰਸ਼ਾਦ ਸ਼ਰਮਾ ਨੇ ਆਯੁਰਵੈਦ ਨੂੰ ਮੁੜ ਸੁਰਜੀਤ ਕਰਨ ਲਈ ਇਕ ਮੁਹਿੰਮ ਚਲਾਈ।

ਪੰ. ਰਾਮ ਪ੍ਰਸ਼ਾਦ ਸ਼ਰਮਾ ਦੇ ਪਿਤਾ ਪੰਡਤ ਦਰਵਾਕਾਰ ਦਾਸ ਸ਼ਰਮਾ ਵੀ ਵੈਦਿਕ ਪਰੰਪਰਾਵਾਂ ਦੇ ਸਮਰਥਕ ਸਨ। ਪੰ. ਸ਼ਰਮਾ ਦਾ ਜਨਮ 1882 ਈ. ਵਿਚ ਪਟਿਆਲਾ ਰਿਆਸਤ ਵਿਚ ਹੋਇਆ। ਉਹ ਉੱਚ ਰਸਮੀ ਸਿੱਖਿਆ ਲਈ ਵਾਰਾਣਸੀ ਗਏ। ਇੱਥੇ ਉਨ੍ਹਾਂ ਆਪਣੇ ਅਧਿਆਪਕਾਂ ਨੂੰ ਨਾ ਸਿਰਫ਼ ਆਯੂਰਵੈਦ ਦੇ ਗਿਆਨ ਅਤੇ ਸਮਝ ਨਾਲ ਪ੍ਰਭਾਵਿਤ ਕੀਤਾ ਸਗੋਂ ਵਾਰਾਣਸੀ ਦਾ ਨਾਂ ਅਤੇ ਪ੍ਰਸਿੱਧੀ ਦੂਰ ਤਕ ਪਹੁੰਚਾਈ। ਵਾਰਾਣਸੀ ਵਿਚ ਆਪਣੀ ਰਸਮੀ ਉੱਚ ਸਿੱਖਿਆ ਅਤੇ ਸਿਖਲਾਈ ਪੂਰੀ ਕਰਨ ਤੋਂ ਬਾਅਦ, ਉਹ ਘਰ ਵਾਪਸ ਆ ਗਏ ਅਤੇ ਬਹੁਤ ਉਤਸ਼ਾਹ ਅਤੇ ਸ਼ਰਧਾ ਨਾਲ ਸਿੱਖਿਅਕ ਅਤੇ ਡਾਕਟਰ ਵਜੋਂ ਆਪਣੀਆਂ ਸੇਵਾਵਾਂ ਪੇਸ਼ ਕਰਨ ਲੱਗੇ। ਉਸ ਸਮੇਂ ਪਟਿਆਲਾ ਵਿਚ ਮਹਾਰਾਜਾ ਭੁਪਿੰਦਰ ਸਿੰਘ ਦਾ ਸ਼ਾਸਨ ਸੀ, ਜਿਨ੍ਹਾਂ ਆਯੂਰਵੈਦ ਨੂੰ ਬਚਾਉਣ ਲਈ ਅਹਿਮ ਯੋਗਦਾਨ ਪਾਇਆ। ਉਨ੍ਹਾਂ ਨੇ ਪਟਿਆਲਾ ਦੇ ਆਯੁਰਵੈਦਿਕ ਸਕੂਲ ਦੀ ਸਥਾਪਨਾ ਕੀਤੀ ਤੇ ਜਿਸਨੂੰ ਬਾਅਦ ਵਿਚ ਪੰਡਤ ਰਾਮ ਪ੍ਰਸ਼ਾਦ ਪ੍ਰਸ਼ਾਦ ਸ਼ਰਮਾ ਦੀ ਅਗਵਾਈ ਵਿਚ ਮੁਕੰਮਲ ਆਯੂਰਵੈਦਿਕ ਕਾਲਜ ਅਤੇ ਹਸਪਤਾਲ ਵਜੋਂ ਵਿਕਸਿਤ ਕੀਤਾ ਗਿਆ। ਇਥੋਂ ਤਕ ਕਿ ਪੰਡਤ ਸ਼ਰਮਾ ਨੇ ਆਪਣੇ ਘਰ ਨੂੰ ਵੀ ਆਯੂਰਵੈਦਿਕ ਗਤੀਵਿਧੀਆਂ ਦੇ ਇਕ ਹੱਬ ਵਜੋਂ ਤਬਦੀਲ ਕਰ ਦਿੱਤਾ ਜਿਥੇ 'ਗੁਰੂ-ਸ਼ਿਸ਼ ਪਰੰਪਰਾ' ਤਹਿਤ ਆਯੁਰਵੈਦਿਕ ਤੇ ਆਯੁਰਵੈਦਿਕ ਖੋਜਾਂ ਦੀ ਸਿਖਲਾਈ ਦਿੱਤੀ ਜਾਣ ਲੱਗੀ। ਪੰਡਤ ਰਾਮ ਪ੍ਰਸ਼ਾਦ ਸ਼ਰਮਾ ਨੂੰ ਮਹਾਰਾਜਾ ਭੁਪਿੰਦਰ ਸਿੰਘ ਨੇ ਪਟਿਆਲਾ ਰਾਜ ਦੇ 'ਰਾਜ ਵੈਦ' ਦਾ ਅਹੁਦਾ ਦਿੱਤਾ।

ਪੰਡਤ ਰਾਮ ਪ੍ਰਸਾਦ ਸ਼ਰਮਾ ਨੇ ਆਯੁਰਵੈਦਿਕ ਖੋਜ ਦੇ ਖੇਤਰ ਵਿਚ ਬਹੁਤ ਮਿਹਨਤ ਕੀਤੀ। ਉਨ੍ਹਾਂ ਕਈ ਕਿਤਾਬਾਂ ਵੀ ਲਿਖੀਆਂ, ਜਿਸ ਵਿਚ 'ਚਰਕ ਸੰਹਿਤਾ', 'ਮਦਨ ਪਾਲ ਨਿਧਾਨੂ', 'ਰਾਜ ਵੱਲਭ ਨਿਧਾਨੂ', 'ਸ਼ਾਰੰਗਧਾਰ ਸੰਹਿਤਾ', 'ਅਸ਼ਟੰਗ ਹਿਰਦਯ', 'ਨਾਰੀ ਦਰਪਨ' ਅਤੇ 'ਆਯੁਰਵੈਦ ਸੂਤ' ਆਦਿ ਪ੍ਰਮੁੱਖ ਹਨ।

ਪੰਡਤ ਰਾਮ ਪ੍ਰਸ਼ਾਦ ਸ਼ਰਮਾ ਦੇ ਵੱਡੇ ਪੁੱਤਰ ਪੰਡਤ ਸ਼ਿਵ ਸ਼ਰਮਾ ਆਯੁਰਵੈਦ ਦੇ ਖੇਤਰ ਵਿਚ ਆਪਣੀਆਂ ਸੇਵਾਵਾਂ ਲਈ ਵਿਸ਼ਵ ਪੱਧਰ 'ਤੇ ਮਸ਼ਹੂਰ ਹਨ। ਪੰ. ਸ਼ਿਵ ਸ਼ਰਮਾ ਨੇ ਆਜ਼ਾਦ ਭਾਰਤ ਦੇ ਹਰ ਰਾਸ਼ਟਰਪਤੀ ਨੂੰ ਨਿੱਜੀ ਡਾਕਟਰ ਵਜੋਂ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਉਨ੍ਹਾਂ ਸ਼੍ਰੀਲੰਕਾ ਦੇ ਪਹਿਲੇ ਰਾਸ਼ਟਰਪਤੀ ਨਾਲ ਵੀ ਨਿੱਜੀ ਡਾਕਟਰ ਵਜੋਂ ਵੀ ਸੇਵਾਵਾਂ ਨਿਭਾਈਆਂ। ਪੰ. ਰਾਮ ਪ੍ਰਸਾਦ ਸ਼ਰਮਾ ਦੇ ਸਭ ਤੋਂ ਛੋਟਾ ਪੁੱਤਰ ਪੰਡਤ ਕੀਰਤੀ ਸ਼ਰਮਾ ਨੇ ਆਪਣੀ ਡੂੰਘੀ ਜਾਣਕਾਰੀ ਅਤੇ ਆਯੁਰਵੈਦ ਨੂੰ ਬੁਲੰਦੀਆਂ ਤਕ ਲੈ ਕੇ ਜਾਣ ਲਈ ਅਣਥੱਕ ਮਿਹਨਤ ਕੀਤੀ। ਪੰ. ਰਾਮ ਪ੍ਰਸਾਦ ਦੀਆਂ ਸੇਵਾਵਾਂ ਬਦਲੇ ਭਾਰਤ ਸਰਕਾਰ ਵਲੋਂ ਉਨ੍ਹਾਂ ਨੂੰ 'ਵੈਦਯ ਰਤਨ' ਦੇ ਖਿਤਾਬ ਨਾਲ ਵੀ ਨਵਾਜਿਆ ਗਿਆ ਸੀ। ਪੰ. ਰਾਮ ਪ੍ਰਸਾਦ ਸ਼ਰਮਾ ਨੇ ਜਿਹੜੀਆਂ ਸੇਵਾਵਾਂ ਆਯੁਰਵੈਦ ਦੇ ਖੇਤਰ ਵਿਚ ਪ੍ਰਦਾਨ ਕੀਤੀਆਂ, ਉਨ੍ਹਾਂ ਦੀ ਉਸ ਪਰੰਪਰਾ ਨੂੰ ਪਰਿਵਾਰ ਨੇ ਬਾਖੂਬੀ ਅੱਗੇ ਵਧਾਇਆ।

# ਸਿਹਤ ਲਈ ਖ਼ਤਰਨਾਕ ਹੈ ਸਿੰਥੈਟਿਕ ਦੁੱਧ

ਸਰਬਜੀਤ ਸਿੰਘ ਧਾਮੀ

*ਵਿਸ਼ਲੇਸ਼ਣ ਦੇ ਆਧਾਰ 'ਤੇ ਜੇ ਦੁੱਧ ਦਾ ਪਾਤਰ ਚਿਤਰਣ ਕਰੀਏ ਤਾਂ ਸਾਰੇ ਖਾਧ ਪਦਾਰਥਾਂ 'ਚੋਂ ਦੁੱਧ ਨੂੰ ਪਵਿੱਤਰ ਦਰਜਾ ਪ੍ਰਾਪਤ ਹੈ। ਅੱਜ ਦੇ ਦੌਰ ਦੀ ਗੱਲ ਕਰੀਏ ਤਾਂ ਦੁੱਧ 'ਚ ਮਿਲਾਈ ਜਾ ਰਹੀ ਜ਼ਹਿਰ ਯੂਰੀਆ ਪਹਿਲੇ ਨੰਬਰ 'ਤੇ ਆਉਂਦੀ ਹੈ ਜਿਸ ਨਾਲ ਦੁੱਧ ਦੀ ਫੈਟ ਵੱਧ ਜਾਂਦੀ ਹੈ ਤੇ ਪਾਚਨਤੰਤਰ 'ਤੇ ਬੁਰਾ ਅਸਰ ਪਾਉਂਦੀ ਹੈ...*

ਪੰਜਾਬ ਦੇ ਵੱਡੇ ਅਤੇ ਛੋਟੇ ਸ਼ਹਿਰਾਂ ਵਿਚ ਦਿਨੋਂ-ਦਿਨ ਵੱਧ ਰਹੀ ਦੁੱਧ ਦੀ ਖਪਤ ਪਿੰਡਾਂ ਅਤੇ ਕਸਬਿਆਂ 'ਚ ਦੁੱਧ ਦੇ ਉਤਪਾਦਨ ਦੀ ਘਾਟ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੀ ਹੈ। ਪਿੰਡਾਂ 'ਚ ਰਹਿਣ ਦੇ ਤਜ਼ਰਬੇ ਦੱਸਦੇ ਹਨ ਕਿ ਪਸ਼ੂਆਂ ਤੋਂ ਦੁੱਧ ਲੈਣਾ ਕੋਈ ਸੌਖੀ ਜਿਹੀ ਪ੍ਰਕਿਰਿਆ ਨਹੀਂ ਹੈ। ਇਸ 'ਚ ਕਿਸਾਨ ਦੀ ਦਿਨ ਰਾਤ ਦੀ ਮਿਹਨਤ ਹੈ। ਪਸ਼ੂਆਂ ਦੇ ਚਾਰੇ ਨੂੰ ਉਗਾਉਣ ਤੋਂ ਲੈ ਕੇ ਉਨ੍ਹਾਂ ਦੀ ਸੰਭਾਲ ਤੇ ਪਸ਼ੂਆਂ ਦੇ ਖਾਣ ਯੋਗ ਬਣਾਉਣ ਤਕ, ਗਰਮੀ, ਸਰਦੀ 'ਚ ਪਸ਼ੂਆਂ ਦੀ ਸਾਂਭ ਸੰਭਾਲ, ਬਿਮਾਰੀਆਂ ਤੋਂ ਬਚਾਅ ਆਦਿ ਸਭ ਕਿਸਾਨ ਦੀ ਸਿਰਦਰਦੀ ਦਾ ਹਿੱਸਾ ਹਨ ਫਿਰ ਵੀ ਇਕ ਪਸ਼ੂ ਤੋਂ ਸਿਰਫ਼ ਐਨਾ ਕੁ ਦੁੱਧ ਪ੍ਰਾਪਤ ਕੀਤਾ ਜਾਂਦਾ ਹੈ ਕਿ ਇਕ-ਦੋ ਘਰਾਂ ਦੀ ਪੂਰਤੀ ਕੀਤੀ ਜਾਵੇ। ਬਹੁਤੀ ਗਰਮੀ ਦੇ ਦਿਨਾਂ 'ਚ ਆਮ ਤੌਰ 'ਤੇ ਪਿੰਡਾਂ 'ਚੋਂ ਆਮ ਈ ਸੁਣਨ ਨੂੰ ਮਿਲਦਾ ਹੈ ਕਿ 'ਪਸ਼ੂ ਦੁੱਧ ਚੜ੍ਹ ਗਿਆ' ਜਾਂ 'ਪਸ਼ੂਆਂ ਹੇਠ ਦੁੱਧ ਘੱਟ ਗਿਆ' ਕਿਸੇ ਦੁੱਧ ਵਾਲੇ ਘਰੋਂ ਦੋ-ਚਾਰ ਕਿਲੋ ਵੱਧ ਦੁੱਧ ਦੀ ਫਰਮਾਇਸ਼ ਕੀਤੀ ਜਾਵੇ ਤਾਂ ਬੇਵਸੀ ਜੀ ਪ੍ਰਗਟ ਕਰਦੇ ਨੇ ਪਰ ਸ਼ਹਿਰਾਂ 'ਚ ਗਰਮੀ, ਸਰਦੀ ਦਾ ਕੋਈ ਅਸਰ ਨਹੀਂ ਦੁੱਧ 'ਤੇ। ਲਗਾਤਾਰ ਦੁੱਧ ਵੱਧ ਚੜ੍ਹ ਕੇ ਪ੍ਰਦਾਨ ਕੀਤਾ ਜਾ ਰਿਹਾ। ਕਿੰਨੀ ਹੈਰਾਨੀ ਦੀ ਗੱਲ ਹੈ।

ਸ਼ਹਿਰਾਂ 'ਚ ਦੁੱਧ ਦੀ ਕੋਈ ਘਾਟ ਮਹਿਸੂਸ ਨਹੀਂ ਕੀਤੀ ਜਾ ਰਹੀ। ਜਿਸ ਮਰਜ਼ੀ ਹਲਵਾਈ ਕੋਲ ਜਾ ਕੇ 50 ਕਿਲੋ ਦੁੱਧ ਦੀ ਮੰਗ ਰੱਖੋ ਉਹ ਇਕ ਦੋ ਘੰਟਿਆਂ 'ਚ ਤੁਹਾਨੂੰ ਦੁੱਧ ਦਾ ਪ੍ਰਬੰਧ ਕਰ ਦੇਵੇਗਾ। ਜਦੋਂ ਕਿ ਅਚਾਨਕ ਮੰਗ ਦੀ ਪੂਰਤੀ ਪਿੰਡਾਂ ਜਾਂ ਡੇਅਰੀਆਂ 'ਚੋਂ ਵੀ ਐਨੀ ਸੰਭਵ ਨਹੀਂ ਹੁੰਦੀ। ਸੋ ਦ੍ਰਿਸ਼ ਪੂਰੀ ਤਰ੍ਹਾਂ ਸਾਫ਼ ਹੈ ਕਿ ਆਮ ਜਨਤਾ ਤੇ ਕਿਸਾਨ ਭਾਵ ਦੁੱਧ ਉਤਪਾਦਕ ਤੇ ਦੁੱਧ ਉਪਭੋਗਤਾ ਦੇ ਵਿਚਕਾਰ ਕੋਈ ਤੀਜੀ ਪਾਰਟੀ ਹੈ ਜੋ ਦੁੱਧ ਨੂੰ ਗੈਰ ਕੁਦਰਤੀ ਦੇ ਨਾਲ ਪੈਦਾ ਕਰ ਰਹੀ ਹੈ। ਜਿਸ ਨੂੰ ਕੈਮੀਕਲ ਦੁੱਧ ਜਾਂ ਸਿੰਥੈਟਿਕ ਦੁੱਧ ਦਾ ਨਾਂ ਦਿੱਤਾ ਗਿਆ ਹੈ।

ਸਿੰਥੈਟਿਕ ਦੁੱਧ ਤੋਂ ਬਣਿਆ ਦੁੱਧ, ਦਹੀਂ, ਲੱਸੀ, ਪਨੀਰ, ਘਿਓ, ਆਈਸ ਕਰੀਮ, ਮਠਿਆਈ, ਕੁਲਫੀ ਆਦਿ ਸ਼ਹਿਰਾਂ ਤਕ ਪਹੁੰਚਾਇਆ ਜਾ ਰਿਹਾ ਹੈ। ਮੇਰੇ ਸ਼ਹਿਰ ਰਹਿਣ ਦੇ ਤਜ਼ਰਬੇ 'ਚ ਦੁੱਧ ਪ੍ਰਤੀ ਸੰਵੇਦਨਾ ਇਸ ਕਰਕੇ ਵੀ ਹੈ ਕਿ ਪੰਜਾਬੀ ਖਾਣੇ 'ਚ ਦੁੱਧ ਦੀ ਮਿਕਦਾਰ ਆਮ ਨਾਲੋਂ ਵੱਧ ਹੁੰਦੀ ਹੈ। ਅਸੀਂ ਲੋਕ ਦੁੱਧ ਤੋਂ ਬਣੀਆਂ ਚੀਜ਼ਾਂ ਨੂੰ ਬੜੀ ਖ਼ੁਸ਼ੀ ਨਾਲ ਖਾਂਦੇ ਹਾਂ ਤੇ ਸਿਹਤਮੰਦ ਰਹਿਣ ਦਾ ਕਾਰਨ ਮੰਨਦੇ ਹਾਂ। ਹੁਣ ਸਵਾਲ ਇਹ ਹੈ ਕਿ ਜੇ ਅਸੀਂ ਗੈਰ ਕੁਦਰਤੀ ਤਰੀਕਿਆਂ ਨਾਲ ਬਣਿਅ ਦੁੱਧ ਪੀ ਰਹੇ ਹਾਂ ਤਾਂ ਸਾਡੇ ਸਰੀਰ 'ਚ ਹਰ ਰੋਜ਼ ਕਿੰਨਾਂ ਜ਼ਹਿਰ ਜਾ ਰਿਹਾ ਹੈ। ਹਰ ਰੋਜ਼ ਹਜ਼ਾਰਾਂ ਮਰੀਜ਼ ਪੇਟ ਦੀਆਂ ਬਿਮਾਰੀਆਂ ਕਰ ਕੇ ਡਾਕਟਰਾਂ ਕੋਲ ਸਿਹਤਯਾਬੀ ਲਈ ਪੈਸੇ ਖਰਚ ਰਹੇ ਹਨ। ਬਹੁਤ ਵਾਰੀ ਅਸੀਂ ਕਸੂਰ ਗਰਮ ਮੌਸਮ ਦਾ ਹੀ ਕੱਢਦੇ ਹਾਂ ਪਰ ਕਿਤੇ ਇਹ ਬਿਮਾਰੀਆਂ ਸਾਡੇ ਖਾਣ ਪੀਣ 'ਚ ਵੱਧ ਰਹੀ ਜ਼ਹਿਰ ਦੀ ਮਿਕਦਾਰ ਕਰ ਕੇ ਤਾਂ ਨਹੀਂ ?

ਦੁੱਧ 'ਚ ਮਿਲਾਈਆਂ ਜਾ ਰਹੀਆਂ ਜ਼ਹਿਰਾਂ ਦੀ ਗੱਲ ਕਰੀਏ ਤਾਂ ਯੂਰੀਆ ਪਹਿਲੇ ਨੰਬਰ 'ਤੇ ਆਉਂਦਾ ਹੈ। ਜਿਸ ਨਾਲ ਦੁੱਧ ਦੀ ਫੈਟ ਵੱਧ ਜਾਂਦੀ ਹੈ ਤੇ ਸਾਡੇ ਪਾਚਨਤੰਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਡਿਟੈਰਜੈਂਟ ਪਾਊਡਰ ਤੇ ਫਰਮਾਲੀਨ ਦੁੱਧ ਦੇ ਤਾਜ਼ਾ ਰਹਿਣ ਦਾ ਸਮਾਂ ਵਧਾ ਦਿੰਦੇ ਹਨ ਪਰ ਸਾਡੇ ਜਿਊਣ ਦਾ ਸਮਾਂ ਦਿਨੋਂ ਦਿਨ ਘਟਾ ਰਹੇ ਹਨ। ਇਸ ਤੋਂ ਇਲਾਵਾ ਸ਼ੂਗਰ, ਨਮਕ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਦੁੱਧ ਦੀ ਗੁਣਾਤਮਕ ਵੈਲੀਊ ਘੱਟ ਕਰ ਦਿੰਦਾ ਹੈ। ਇਕ ਖੋਜ ਅਨੁਸਾਰ ਦੇਖਿਆ ਗਿਆ ਹੈ ਕਿ ਇਸ ਤੋਂ ਬਿਨਾਂ ਹੱਡੀਆਂ ਦਾ ਚੂਰਾ ਪਾਊਡਰ ਵੀ ਇਸਤੇਮਾਲ ਕੀਤਾ ਜਾ ਚੁੱਕਾ ਹੈ ਤੇ ਹੁਣ ਅਸੀਂ ਇਹ ਹੀ ਕਹਿ ਸਕਦੇ ਹਾਂ ਕਿ ਦੁੱਧ ਵੀ ਚਰਿਤਰਹੀਣਤਾ ਵੱਲ ਚਲ ਪਿਆ। ਕੁਝ ਚਰਿਤਰਹੀਣ ਲੋਕਾਂ ਦੀ ਵਜ੍ਹਾ ਕਰ ਕੇ ਪਿਛਲੇ ਸਮਿਆਂ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ ਜੇ ਦੁੱਧ ਦਾ ਪਾਤਰ ਚਿਤਰਣ ਕਰੀਏ ਤਾਂ ਸਾਰੇ ਖਾਧ ਪਦਾਰਥਾਂ 'ਚੋਂ ਦੁੱਧ ਨੂੰ ਪਵਿੱਤਰ ਦਰਜਾ ਪ੍ਰਾਪਤ ਹੈ। ਕਿਸੇ ਇਨਸਾਨ ਦੇ ਸਾਫ਼ ਚਰਿਤਰ ਨੂੰ ਦਰਸਾਉਣ ਲਈ ਦੁੱਧ ਸ਼ਬਦ ਦੀ ਵਰਤੋਂ 'ਦੁੱਧ ਧੋਤਾ' ਜਾਂ 'ਦੁੱਧ ਵਰਗਾ ਚਿੱਟਾ' ਵਿਸ਼ਲੇਸ਼ਣ ਤੌਰ 'ਤੇ ਵੀ ਕੀਤਾ ਜਾਂਦਾ ਹੈ। ਜਨਮ ਮੌਤ, ਵਿਆਹ ਆਦਿ ਰਸਮਾਂ 'ਤੇ ਵੀ ਦੁੱਧ ਨਾਲ ਸਬੰਧਿਤ ਰੀਤੀ ਰਿਵਾਜ ਪ੍ਰਚਲਿਤ ਹਨ ਤੇ ਸਭ ਤੋਂ ਖ਼ਾਸ ਗੱਲ ਜੀਵ ਦੇ ਇਸ ਧਰਤੀ ਤਕ ਪਹੁੰਚਣ 'ਤੇ ਪਹਿਲਾਂ ਉਸ ਨੂੰ ਦੁੱਧ ਹੀ ਮਿਲਦਾ ਹੈ। ਅੱਜ ਇਹ ਦੁੱਖ ਦਾ ਵਿਸ਼ਾ ਹੈ ਕਿ ਦੁੱਧ ਪਵਿੱਤਰਤਾ ਗੁਆ ਰਿਹਾ ਹੈ। ਕਿਸਾਨਾਂ ਦਾ ਕਹਿਣਾ ਕਿ ਸਿੰਥੈਟਿਕ ਦੁੱਧ ਦੇ ਮਾਰਕੀਟ 'ਚ ਜ਼ਿਆਦਾ ਹੋਣ ਦਾ ਕਾਰਨ ਇਸ ਦਾ ਸਸਤੇ ਵਿਚ ਤਿਆਰ ਹੋ ਜਾਣਾ ਵੀ। 'ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ' ਵਾਲੀ ਗੱਲ ਹੈ। ਸਿੰਥੈਟਿਕ ਦੁੱਧ ਕਿਸਾਨ ਤਿਆਰ ਨਹੀਂ ਕਰਦਾ ਕਿਉਂਕਿ ਉਹ ਤਾਂ ਅਜੇ ਵੀ ਦੁੱਧ 'ਚ ਪਾਣੀ ਮਿਲਾਉਣ ਨੂੰ ਵੀ ਪਾਪ ਸਮਝਦਾ ਕੈਮੀਕਲ ਤਾਂ ਦੂਰ ਦੀ ਗੱਲ ਹੈ। ਅਜਿਹਾ ਕੰਮ ਲਾਲਚੀ ਪ੍ਰਵਿਰਤੀ ਦੇ ਲੋਕ, ਮਰੀਆਂ ਹੋਈਆਂ ਜ਼ਮੀਰਾਂ ਤੇ ਵਪਾਰਿਕ ਬਿਰਤੀਆਂ ਵਾਲੇ ਲੋਕ ਹੀ ਕਰ ਸਕਦੇ ਹਨ।

ਕਿਸਾਨ ਮਿਹਨਤ ਤੇ ਮੁਸ਼ੱਕਤ ਨਾਲ ਦੁੱਧ ਪੈਦਾ ਕਰ ਕੇ ਵੀ ਤਰੱਕੀ ਨਹੀਂ ਕਰ ਪਾ ਰਿਹਾ ਤੇ ਕੈਮੀਕਲ ਦੁੱਧ ਵਿਕ੍ਰੇਤਾ ਬੰਦ ਕਮਰਿਆਂ 'ਚ ਬੈਠ ਕੇ ਆਸਾਨੀ ਨਾਲ ਦੁੱਧ ਬਣਾ ਕੇ ਮੋਟਾ ਮੁਨਾਫਾ ਕਮਾ ਰਹੇ ਹਨ। ਲੋੜ ਹੈ ਕਿਸਾਨ ਦੀ ਮਿਹਨਤ ਸੰਭਾਲਣ ਦੀ , ਪੂਰਾ ਮੁੱਲ ਦੇਣ ਦੀ ਤੇ ਆਪਣੀ ਸਿਹਤ ਦਾ ਖ਼ਿਆਲ ਰੱਖੋ।

99889-91364





# ਗਰਮੀਆਂ ਦੇ ਮੌਸਮ ਵਿਚ ਸਿਹਤ ਸੰਭਾਲ

ਡਾ. ਫ਼ਕੀਰ ਚੰਦ ਸ਼ੁਕਲਾ

ਹਰ ਇਕ ਮੌਸਮ ਦੀ ਆਪਣੀ ਮਹੱਤਤਾ ਹੁੰਦੀ ਹੈ ਅਤੇ ਹਰ ਮੌਸਮ ਵਿਚ ਉਸ ਮੁਤਾਬਕ ਸਿਹਤ ਸੰਭਾਲ ਜ਼ਰੂਰੀ ਹੋ ਜਾਂਦੀ ਹੈ। ਮੌਸਮ ਦੇ ਹਿਸਾਬ ਨਾਲ ਹੀ ਖ਼ੁਰਾਕ ਖਾਣੀ ਚਾਹੀਦੀ ਹੈ ਨਹੀਂ ਤਾਂ ਸਰੀਰ ਨੂੰ ਰੋਗ ਲੱਗ ਜਾਣ ਦੀ ਸੰਭਾਵਨਾ ਵੱਧ ਜਾਂਦੀ ਹੈ।

### ਕਿਸ ਤਰ੍ਹਾਂ ਦੀ ਖ਼ੁਰਾਕ

ਗਰਮੀਆਂ ਵਿਚ ਸਭ ਤੋਂ ਜ਼ਿਆਦਾ ਧਿਆਨ ਪਾਣੀ-ਪੀਣ ਵੱਲ ਦੇਣਾ ਚਾਹੀਦਾ ਹੈ। ਦਿਨ ਵਿਚ ਥੋੜ੍ਹੀ-ਥੋੜ੍ਹੀ ਦੇਰ ਮਗਰੋਂ ਸਵੱਛ ਪਾਣੀ ਜ਼ਰੂਰ ਪੀਓ। ਸਰੀਰ ਵਿਚ ਪਾਣੀ ਦੀ ਘਾਟ ਜੀਵਨ ਲਈ ਖ਼ਤਰਨਾਕ ਸਾਬਤ ਹੋ ਸਕਦੀ ਹੈ। ਪਾਣੀ ਸਵੱਛ ਹੋਣਾ ਚਾਹੀਦਾ ਹੈ। ਦੂਸ਼ਿਤ ਪਾਣੀ ਕਈ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਦੂਸ਼ਿਤ ਪਾਣੀ-ਪੀਣ ਨਾਲ ਹੈਜ਼ਾ, ਪੇਚਸ,ਪੀਲੀਆ,ਟਾਈਫਾਈਡ ਵਰਗੇ ਕਈ ਰੋਗਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਧੀਆ ਤਾਂ ਇਹੋ ਹੋਵੇਗਾ ਕਿ ਤੁਸੀਂ ਫਿਲਟਰ ਪਾਣੀ ਜਾਂ ਉਬਾਲ ਕੇ ਹੀ ਪਾਣੀ ਦਾ ਸੇਵਨ ਕਰੋ। ਬਾਜ਼ਾਰ ਵਿਚ ਪਲਾਸਟਿਕ ਦੀਆਂ ਬੋਤਲਾਂ ਵਿਚ ਪੈਕ ਕੀਤਾ ਪਾਣੀ ਖਰੀਦਣ ਤੋਂ ਗੁਰੇਜ ਕਰਨਾ ਚਾਹੀਦਾ ਹੈ ਕਿਉਂਕਿ ਇਹ ਕਾਫ਼ੀ ਲੰਮੇ ਸਮੇਂ ਤਕ ਇਨ੍ਹਾਂ ਪਲਾਸਟਿਕ ਦੀਆਂ ਬੋਤਲਾਂ ਵਿਚ ਪਾਣੀ ਪਿਆ ਰਹੇ ਤਾਂ ਉਹ ਜ਼ਹਿਰੀਲਾ ਵੀ ਹੋ ਸਕਦਾ ਹੈ ਅਤੇ ਪੀਣ ਵਾਲੇ ਨੂੰ ਨੁਕਸਾਨ ਕਰ ਸਕਦਾ ਹੈ।

ਕੋਲਡ ਡਰਿੰਕਸ, ਲੈਮਨ-ਸੋਡਾ ਦੀ ਬਜਾਏ ਨਿੰਬੂ ਪਾਣੀ, ਨਾਰੀਅਲ ਪਾਣੀ, ਲੱਸੀ, ਜਲ ਜੀਰਾ ਆਦਿ ਨੂੰ ਤਰਜੀਹ ਦੇਣੀ ਚਾਹੀਦੀ ਹੈ। ਕੋਲਡ ਡਰਿੰਕਸ ਵਿਚ ਕੈਫੀਨ ਹੁੰਦੀ ਹੈ ਜਿਸ ਨਾਲ ਪਿਸ਼ਾਬ ਜ਼ਿਆਦਾ ਆਉਂਦਾ ਹੈ ਅਤੇ ਇਸ ਤਰ੍ਹਾਂ ਸਰੀਰ 'ਚੋਂ ਲੋੜੀਂਦੇ ਇਲੈਕਟਰੋਲਾਈਟ ਪਿਸ਼ਾਬ ਰਾਹੀ ਬਾਹਰ ਨਿਕਲ ਜਾਂਦੇ ਹਨ। ਚਾਹ ਕੌਫੀ ਦੀ ਵਰਤੋਂ ਵੀ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਵਿਚ ਵੀ ਕੈਫ਼ੀਨ ਹੁੰਦੀ ਹੈ।

ਆਈਸ ਕਰੀਮ ਅਤੇ ਬੀਅਰ - ਇਸੇ ਤਰ੍ਹਾਂ ਆਈਸ ਕਰੀਮ, ਚਿਲਡ ਬੀਅਰ ਵਰਗੀਆਂ ਚੀਜ਼ਾਂ ਦੀ ਵਰਤੋਂ ਕਰਨ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ। ਜ਼ਿਆਦਾ ਚਿਲਡ ਚੀਜ਼ਾਂ ਖਾਣ ਨਾਲ ਖ਼ੂਨ ਦੀਆਂ ਨਾੜੀਆਂ ਥੋੜ੍ਹਾ ਸੁੰਗੜ ਜਾਂਦੀਆਂ ਹਨ ਜਿਸ ਕਰ ਕੇ ਇਨ੍ਹਾਂ ਵਿਚ ਖ਼ੂਨ ਦਾ ਵਗਣਾ ਘੱਟ ਜਾਂਦਾ ਹੈ ਅਤੇ ਇਸ ਤਰ੍ਹਾਂ ਸਰੀਰ 'ਚੋਂ ਵਾਧੂ ਗਰਮੀ ਬਾਹਰ ਨਹੀਂ ਨਿਕਲਦੀ। ਕਈ ਲੋਕੀ ਗਰਮੀਆਂ ਵਿਚ ਬੀਅਰ ਬਹੁਤ ਪੀਂਦੇ ਹਨ। ਉਨ੍ਹਾਂ ਦਾ ਖ਼ਿਆਲ ਹੈ ਕਿ ਬੀਅਰ ਗਰਮੀ ਘਟਾਉਂਦੀ ਹੈ ਪਰ ਅਸਲ ਵਿਚ ਬੀਅਰ ਦੀ ਜ਼ਿਆਦਾ ਵਰਤੋਂ ਕਰਨ ਨਾਲ ਯੂਰਿਕ ਐਸਿਡ ਵੱਧ ਜਾਂਦਾ ਹੈ ਜਿਸ ਕਰਕੇ ਜੋੜਾਂ ਵਿਚ ਦਰਦ ਹੋਣੀ ਸ਼ੁਰੂ ਹੋ ਜਾਂਦੀ ਹੈ।

*ਖਰਬੂਜਾ, ਤਰਬੂਜ, ਲੀਚੀ, ਆੜੂ, ਅੰਬ ਵਰਗੇ ਫਲਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਤਰਬੂਜ ਅਤੇ ਖਰਬੂਜੇ ਵਿਚ ਵਿਟਾਮਿਨ ਏ, ਬੀ, ਸੀ ਵੀ ਹੁੰਦੇ ਹਨ ਜਿਹੜੇ ਗੁਰਦੇ ਵਿਚੋਂ ਜ਼ਹਿਰੀਲੇ ਤੱਤ ਸਾਫ਼ ਕਰਨ ਵਿਚ ਮਦਦ ਕਰਦੇ ਹਨ।*

- ਪਾਲਕ, ਮੂਲੀ, ਲਸਣ, ਪਿਆਜ਼, ਚੁਕੰਦਰ ਵਰਗੀਆਂ ਸਬਜ਼ੀਆਂ ਦੀ ਘੱਟ ਵਰਤੋਂ ਕਰਨੀ ਚਾਹੀਦੀ ਹੈ ਕਿਉਂਕਿ ਇਹ ਜ਼ਿਆਦਾ ਗਰਮੀ ਪੈਦਾ ਕਰਦੀਆਂ ਹਨ। ਪੱਕੇ ਅੰਬ ਵੀ ਹਰ ਰੋਜ਼ 300 ਗ੍ਰਾਮ ਤੋਂ ਵੱਧ ਨਹੀਂ ਖਾਣੇ ਚਾਹੀਦੇ। ਜ਼ਿਆਦਾ ਮਾਤਰਾ ਵਿਚ ਅੰਬ ਖਾਣ ਨਾਲ ਸ਼ੂਗਰ ਦੀ ਮਾਤਰਾ ਵੱਧ ਸਕਦੀ ਹੈ। ਉਲਟੀ ਮਹਿਸੂਸ ਹੋਣੀ ਜਾਂ ਉਲਟੀਆਂ ਵੀ ਆ ਸਕਦੀਆਂ ਹਨ,ਪੇਟ ਵਿਚ ਅਫਰੇਵਾਂ ਹੋਣਾ। ਘੀਆ, ਟਿੰਡੇ, ਖੀਰਾ, ਰਾਮਾ ਤੋਰੀ, ਕੱਦੂ ਵਰਗੀਆਂ ਸਬਜ਼ੀਆਂ ਜਿਨ੍ਹਾਂ ਵਿਚ ਕਾਫ਼ੀ ਮਾਤਰਾ ਵਿਚ ਪਾਣੀ ਹੁੰਦਾ ਹੈ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰਨੀ ਚਾਹੀਦੀ ਹੈ।
- ਇਸ ਮੌਸਮ ਵਿਚ ਛੱਲੀ ਜਾਂ ਭੁੱਟਾ ਖਾਣਾ ਵੀ ਲਾਭਦਾਇਕ ਹੈ ਕਿਉਂਕਿ ਛੱਲੀਆਂ ਵਿਚ ਮੌਜੂਦ ਐਂਟੀਆਕਸੀਡੈਂਟ ਸੂਰਜ ਦੀਆਂ ਤੇਜ਼ ਕਿਰਨਾਂ ਤੋਂ ਚਮੜੀ ਦੀ ਰੱਖਿਆ ਕਰਦੇ ਹਨ। ਇਸੇ ਤਰ੍ਹਾਂ ਦਾ ਲਾਭ ਤਰਬੂਜ ਅਤੇ ਟਮਾਟਰ ਖਾਣ ਨਾਲ ਵੀ ਹੁੰਦਾ ਹੈ।
- ਪੀਣ ਵਾਲੇ ਤਰਲ ਪਦਾਰਥਾਂ ਵਿਚ ਤੁਸੀਂ ਤੁਲਸੀ ਦੇ ਬੀਜ ਪਾ ਕੇ ਵੀ ਪੀ ਸਕਦੇ ਹੋ। ਇਸ ਤਰ੍ਹਾਂ ਸਰੀਰ ਨੂੰ ਠੰਢਕ ਮਿਲਦੀ ਹੈ।
- ਸਾਨੂੰ ਹਰ ਰੋਜ਼ 6 ਤੋਂ 8 ਚਮਚਿਆਂ ਤੋਂ ਵੱਧ ਚੀਨੀ ਨਹੀਂ ਖਾਣੀ ਚਾਹੀਦੀ ਪਰ ਅਸੀਂ ਤਾਂ ਸ਼ਰਬਤ, ਮਿਲਕ ਸ਼ੇਕ ਆਦਿ ਬਣਾ ਕੇ ਚੀਨੀ ਦੀ ਬਹੁਤ ਜ਼ਿਆਦਾ ਵਰਤੋਂ ਕਰ ਲੈਂਦੇ ਹਾਂ। ਚੀਨੀ ਤਾਂ ਸਾਡੇ ਸਰੀਰ ਲਈ ਜ਼ਹਿਰ ਦਾ ਕੰਮ ਕਰਦੀ ਹੈ।
- ਜ਼ਿਆਦਾ ਮਿਰਚ-ਮਸਾਲਿਆਂ ਵਾਲੀਆਂ ਵਸਤੂਆਂ ਦੀ ਘੱਟ ਤੋਂ ਘੱਟ ਵਰਤੋਂ ਕਰਨੀ ਚਾਹੀਦੀ ਹੈ। ਇਨ੍ਹਾਂ ਦੀ ਜ਼ਿਆਦਾ ਵਰਤੋਂ ਨਾਲ ਹਾਜ਼ਮਾ ਖ਼ਰਾਬ ਹੋ ਸਕਦਾ ਹੈ।
- ਤਾਜ਼ੇ ਬਣੇ ਹੋਏ ਖਾਣੇ ਦਾ ਹੀ ਸੇਵਨ ਕਰਨਾ ਚਾਹੀਦਾ ਹੈ।

98153 59222

*ਘੱਟ ਫੈਟ ਵਾਲੇ ਦੁੱਧ ਦੀ ਵਰਤੋਂ ਕਰਨੀ ਚਾਹੀਦੀ ਹੈ। ਉਂਝ ਦੁੱਧ ਨਾਲੋਂ ਦਹੀਂ ਜ਼ਿਆਦਾ ਲਾਭਦਾਇਕ ਹੈ। ਹਰ ਰੋਜ਼ ਦਹੀਂ ਦਾ ਸੇਵਨ ਕਰਨ ਨਾਲ ਬਦਹਜ਼ਮੀ ਦੀ ਸ਼ਿਕਾਇਤ ਨਹੀਂ ਹੁੰਦੀ।*



# ਮੈਂ ਜਿਗਰ ਬੋਲ ਰਿਹਾ ਹਾਂ

ਮਨਿੰਦਰ ਕੌਰ

ਅੱਜ ਤੁਹਾਨੂੰ ਨੌ ਤਰੀਕਿਆਂ ਨਾਲ ਦੱਸਣ ਜਾ ਰਿਹਾ ਹਾਂ ਕਿ ਮੈਂ ਤੁਹਾਡੇ ਕਿੰਨਾ ਕੰਮ ਆਉਂਦਾ ਹਾਂ। ਮੈਂ ਤੁਹਾਡੇ ਲਈ ਲੋਹੇ ਦੇ ਭਰਪੂਰ ਖ਼ਜ਼ਾਨੇ ਸਟੋਰ ਕਰ ਕੇ ਰੱਖਦਾ ਹਾਂ ਅਤੇ ਬਹੁਤ ਸਾਰੇ ਵਿਟਾਮਿਨ ਅਤੇ ਖਣਿਜ ਵੀ। ਜੇ ਮੈਂ ਇੰਝ ਨਾ ਕਰਾਂ ਤਾਂ ਤੁਸੀ ਤੁਰਨ-ਫਿਰਨ ਲਈ ਤਾਕਤ ਨਹੀਂ ਜੁਟਾ ਸਕਦੇ। ਤੁਸੀ ਜਿਹੜਾ ਭੋਜਨ ਖਾਂਦੇ ਹੋ, ਉਹ ਵੀ ਜੂਸ ਬਣਾ ਕੇ ਮੈਂ ਹਜ਼ਮ ਕਰਵਾਉਂਦਾ ਹਾਂ। ਜੇ ਮੈਂ ਇੰਝ ਨਾ ਕਰਾਂ, ਤਾਂ ਤੁਸੀਂ ਵਾਧੂ ਅਤੇ ਅਣਪਚਿਆ ਭੋਜਨ ਬਾਹਰ ਨਹੀਂ ਕੱਢ ਸਕਦੇ। ਤੁਸੀਂ ਜਾਣੇ-ਅਨਜਾਣ 'ਚ ਜਿੰਨੇ ਵੀ ਜ਼ਹਿਰੀਲੇ ਰਸਾਇਣਾਂ ਦਾ ਸੇਵਨ ਕਰਦੇ ਹੋ ਜਿਵੇਂ ਸ਼ਰਾਬ, ਬੀਅਰ, ਅਲਕੋਹਲ, ਦਵਾਈਆਂ, ਨਸ਼ੇ ਜਾਂ ਹੋਰ ਕਈ ਗ਼ੈਰ ਕਾਨੂੰਨੀ ਪਦਾਰਥ ਮੈਂ ਉਨ੍ਹਾਂ ਜ਼ਹਿਰਾਂ ਨੂੰ ਬੇਅਸਰ ਕਰਨ 'ਚ ਮਦਦ ਕਰਦਾ ਹਾਂ। ਕਾਰਬੋਹਾਈਡ੍ਰੇਟ, ਗੁਲਕੋਜ਼ ਅਤੇ ਚਰਬੀ ਦੇ ਖੰਡ ਦੇ ਰੂਪ ਵਿਚ ਸਰੀਰ ਅੰਦਰ ਵਾਧੂ ਸਟਾਕ ਸਟੋਰ ਕਰ ਕੇ ਇਕ ਬੈਟਰੀ ਦੀ ਤਰ੍ਹਾਂ ਤੁਹਾਡੇ ਲਈ ਊਰਜਾ ਸਟੋਰ ਕਰ ਕੇ ਰੱਖਦਾ ਹਾਂ। ਜੇ ਇਹ ਸਟੋਰ ਨਾ ਹੋਵੇ ਤਾਂ ਤੁਹਾਡਾ ਸ਼ੂਗਰ-ਪੱਧਰ ਹੇਠਾਂ ਡਿੱਗ ਸਕਦਾ ਹੈ ਅਤੇ ਤੁਸੀਂ ਕੋਮਾ 'ਚ ਜਾ ਸਕਦੇ ਹੋ। ਜਦੋਂ ਤੁਹਾਡਾ ਜਨਮ ਵੀ ਨਹੀਂ ਹੋਇਆ ਸੀ, ਮੈਂ ਉਦੋਂ ਤੋਂ ਤੁਹਾਡੇ ਸਰੀਰ ਨੂੰ ਚਲਦੇ ਰਹਿਣ ਲਈ ਲਹੂ ਦਾ ਨਿਰਮਾਣ ਕਰਦਾ ਆ ਰਿਹਾ ਹਾਂ। ਨਿਰਮਾਣ ਨਾ ਹੁੰਦਾ ਤਾਂ ਤੁਸੀਂ ਇਸ ਦੁਨੀਆ 'ਚ ਆਉਣਾ ਹੀ ਨਹੀਂ ਸੀ। ਮੈਂ ਤੁਹਾਡੇ ਸਰੀਰ ਨੂੰ ਸਿਹਤਮੰਦ ਅਤੇ ਤੰਦਰੁਸਤ ਰੱਖਣ ਲਈ ਲੋੜੀਂਦੇ ਪ੍ਰੋਟੀਨਾਂ ਦਾ ਨਿਰਮਾਣ ਕਰਦਾ ਹਾਂ ਜਿਸ ਨਾਲ ਤੁਸੀ ਵਧਦੇ-ਫੁਲਦੇ ਹੋ। ਜਿਹੜੀ ਹਵਾ ਪ੍ਰਦੂਸ਼ਿਤ ਤੱਤ ਜਾਂ ਵਿਸ਼ਾਣੂੰ ਤੁਸੀਂ ਸਾਹ ਰਾਹੀਂ ਅੰਦਰ ਲੈ ਜਾਂਦੇ ਹੋ, ਮੈਂ ਉਸ ਨੂੰ ਚੂਸ ਕੇ ਮਾਰ-ਮੁਕਾ ਦਿੰਦਾ ਹਾਂ ਨਹੀਂ ਤਾਂ ਇਹ ਜ਼ਹਿਰੀਲਾ ਪ੍ਰਦੂਸ਼ਣ ਤੁਹਾਨੂੰ ਜ਼ਹਿਰੀਲਾ ਕਰ ਦੇਵੇ।




- ਤੁਹਾਡੇ ਅੰਦਰ ਹਰ ਵੇਲੇ ਦਾਖ਼ਲ ਹੋ ਰਹੇ ਸੂਖ਼ਮ ਜੀਵਾਣੂੰਆਂ ਤੋਂ ਤੁਹਾਡੀ ਰੱਖਿਆ ਕਰਨ ਲਈ ਮੈਂ ਹਰਦਮ ਤਿਆਰ ਰਹਿੰਦਾ ਹਾਂ, ਇਨ੍ਹਾਂ ਸ਼ੀਤ-ਜੀਵਾਣੂੰਆਂ ਤੇ ਵਿਸ਼ਾਣੂੰਆਂ ਨਾਲ ਘੋਲ਼ ਕਰਨ ਲਈ ਤਿਆਰ ਬੈਠਾ ਹੁੰਦਾ ਹਾਂ ਅਤੇ ਇਨ੍ਹਾਂ ਨੂੰ ਮਾਰ-ਮੁਕਾ ਕੇ ਹੀ ਸਾਹ ਲੈਂਦਾ ਹਾਂ ਜੇ ਇਹ ਨਾ ਮਰਨ ਤਾਂ ਤੁਸੀਂ ਹਰ ਸਮੇਂ ਕਿਸੇ ਨਾ ਕਿਸੇ ਇਨਫੈਕਸ਼ਨ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹੁੰਦੇ।

### ਸਾਵਧਾਨੀਆਂ

- ਮੈਨੂੰ ਕਦੀ ਵੀ ਸ਼ਰਾਬ, ਬੀਅਰ, ਅਲਕੋਹਲ ਵਰਗੇ ਨਾਮੁਰਾਦ ਡਰਿੰਕਾਂ 'ਚ ਡੁਬੱਣ ਨਾ ਦਿਉ। ਹਾਲਾਂਕਿ ਕੁੱਝ ਲੋਕ ਤਾਂ ਕੇਵਲ ਇਕ ਡਰਿੰਕ ਨਾਲ ਹੀ ਮੈਨੂੰ ਸਿਰ ਧੁਰ ਤਕ ਭਿਉਂ ਛੱਡਦੇ ਹਨ ਅਤੇ ਫਿਰ ਜ਼ਿੰਦਗੀ ਲਈ ਮੇਰਾ ਇਲਾਜ ਕਰਵਾਉਂਦੇ ਫਿਰਦੇ ਹਨ।
- ਸਾਰੇ ਡਰੱਗ ਰਸਾਇਣ ਹੁੰਦੇ ਹਨ ਅਤੇ ਜਦੋਂ ਤੁਸੀਂ ਬਿਨਾਂ ਕਿਸੇ ਡਾਕਟਰੀ ਸਲਾਹ ਦੇ ਅਨੇਕਾਂ ਡਰੱਗ-ਦਵਾਈਆਂ ਦਾ ਮਿਸ਼ਰਣ ਲੈ ਲੈਂਦੇ ਹੋ ਤਾਂ ਇਹ ਮੇਰੇ ਅੰਦਰ ਜਾ ਕੇ ਜ਼ਹਿਰ ਦਾ ਕੰਮ ਕਰਦੇ ਹਨ ਅਤੇ ਮੈਨੂੰ ਤਕਲੀਫ਼ ਪਹੁੰਚਾਉਂਦੇ ਹਨ।
- ਕਦੇ-ਕਦੇ ਦਵਾਈ ਲੈਣਾ ਤਾਂ ਜ਼ਰੂਰੀ ਹੈ ਪਰ ਬਿਨਾਂ ਕਿਸੇ ਕਾਰਨ ਨਸ਼ਿਆਂ ਜਾਂ ਦਵਾਈਆਂ ਦਾ ਸੇਵਨ ਬੁਰੀ ਆਦਤ ਹੈ। ਯਾਦ ਰੱਖੋ ਹਰ ਇਕ ਰਸਾਇਣ ਮੈਨੂੰ ਤਬਾਹ ਕਰ ਸਕਦਾ ਹੈ।
- ਕੀਟਨਾਸ਼ਕ, ਪੇਂਟ-ਸਪਰੇਅ ਆਦਿ ਤੋਂ ਸਾਵਧਾਨ ਰਹੋ। ਜਦੋਂ ਗ਼ੈਰ-ਜ਼ਰੂਰੀ ਰਸਾਇਣ ਸਾਹ ਰਾਹੀਂ ਤੁਹਾਡੇ ਅੰਦਰ ਚਲੇ ਜਾਂਦੇ ਹਨ ਤਾਂ ਮੈਂ ਉਨ੍ਹਾਂ ਨੂੰ ਚੂਸ ਕੇ ਤੁਹਾਨੂੰ ਜ਼ਹਿਰ-ਮੁਕਤ ਰੱਖਦਾ ਹਾਂ।
- ਜੋ ਕੀਟਨਾਸ਼ਕ ਤੁਸੀਂ ਦਰਖ਼ਤਾਂ-ਬੂਟਿਆਂ 'ਤੇ ਛਿੜਕਦੇ ਹੋ ਉਹ ਨਾ ਕੇਵਲ ਕੀਟਾਂ ਨੂੰ ਹੀ ਖ਼ਤਮ ਕਰਦਾ ਹਨ, ਤੁਹਾਡੀ ਚਮੜੀ ਰਾਹੀਂ ਮੇਰੇ ਅੰਦਰ ਵੀ ਪ੍ਰਵੇਸ਼ ਕਰਦੇ ਹਨ। ਇਹ ਕੀਟਨਾਸ਼ਕ ਮੇਰੇ ਸੈੱਲਾਂ ਨੂੰ ਖ਼ਰਾਬ ਕਰ ਦਿੰਦੇ ਹਨ। ਦਸਤਾਨੇ, ਪੂਰੀਆਂ ਬਾਂਹਾਂ ਦੇ ਕੱਪੜੇ, ਟੋਪੀ ਜਾਂ ਮਾਸਕ ਪਾ ਕੇ ਹੀ ਕੀਟਨਾਸ਼ਕ ਵਰਤੋਂ ਕਿਉਂਕਿ ਜਿੰਨ੍ਹਾਂ ਸਮਾਂ ਤੁਸੀਂ ਇਹ ਵਰਤ ਰਹੇ ਹੁੰਦੇ ਹੋ ਇਹ ਰਸਾਇਣ ਹਵਾ 'ਚ ਤੁਰਦੇ-ਫਿਰਦੇ ਰਹਿੰਦੇ ਹਨ।
- ਬਹੁਤ ਜ਼ਿਆਦਾ ਚਿਕਨਾਈ ਵਾਲੇ ਭੋਜਨ ਨਾ ਖਾਓ। ਮੈਂ ਤੁਹਾਡੇ ਸਰੀਰ ਲਈ ਲੋੜੀਂਦਾ ਕੋਲੈਸਟਰੋਲ ਬਣਾਉਂਦਾ ਹਾਂ, ਜੋ ਮੇਰੀ ਕੋਸ਼ਿਸ਼ ਸਹੀ ਮਾਤਰਾਂ 'ਚ ਬਨਾਉਣ ਦੀ ਹੁੰਦੀ ਹੈ।
- ਮੈਨੂੰ ਬਰੇਕ ਲੈਣ ਦਾ ਮੌਕਾ ਵੀ ਦਿਉ। ਸੰਤੁਲਿਤ, ਤਾਜ਼ਾ ਅਤੇ ਪੌਸ਼ਟਿਕ ਭੋਜਨ ਖਾਓ।

### ਮੇਰੀ ਸਲਾਹ

- ਆਪਣੇ ਡਾਕਟਰ ਤੋਂ ਮੇਰਾ ਚੈੱਕਅੱਪ ਕਰਵਾਉਂਦੇ ਰਹੋ।
- ਬਲੱਡ ਸਕਰੀਨਿੰਗ ਟੈਸਟ ਨਾਲ ਮੇਰੀ ਤਕਲੀਫ਼ ਬੁੱਝੀ ਜਾ ਸਕਦੀ ਹੈ।
- ਜੇ ਮੈਂ ਕੋਮਲ ਜਾਂ ਪੋਲਾ ਜਿਹਾ ਹਾਂ, ਤਾਂ ਮੈਂ ਚੰਗਾ ਹਾਂ, ਪਰ ਜੇ ਮੈਂ ਸਖ਼ਤ ਅਤੇ ਊਬੜ-ਖਾਬੜ ਹਾਂ ਤਾਂ ਜ਼ਰੂਰ ਕਿਸੇ ਤਕਲੀਫ਼ 'ਚ ਘਿਰਿਆ ਹੋਵੇਗਾ।
- ਅਲਟਰਾਸਾਊਂਡ ਅਤੇ ਸੀ. ਟੀ. ਸਕੈਨ ਦੁਆਰਾ ਮੇਰੀ ਜਾਂਚ ਕਰਵਾਉ।

# ਪੈਰਾਂ ਦੀ ਬਦਬੂ ਤੋਂ ਰਾਹਤ

ਅਕਸਰ ਲੋਕ ਸਾਰਾ ਦਿਨ ਬਾਹਰ ਰਹਿੰਦੇ ਹਨ, ਉਨ੍ਹਾਂ ਦੇ ਪੈਰ ਵੀ ਬੂਟ-ਜੁਰਾਬਾ ਵਿਚ ਬੰਦ ਰਹਿੰਦੇ ਹਨ, ਜਿਸ ਕਰਕੇ ਜਦੋਂ ਤੁਸੀਂ ਸ਼ਾਮ ਨੂੰ ਘਰ ਆ ਕੇ ਬੂਟ-ਜੁਰਾਬਾਂ ਉਤਾਰਦੇ ਹੋ ਤਾਂ ਪੈਰਾਂ 'ਚੋਂ ਬਦਬੂ ਆਉਂਦੀ ਹੈ। ਸ਼ਾਇਦ ਤੁਹਾਡੇ ਨਾਲ ਵੀ ਅਜਿਹਾ ਹੁੰਦਾ ਹੋਵੇਗਾ। ਜੇਕਰ ਤੁਹਾਡੇ ਨਾਲ ਜਾਂ ਤੁਹਾਡੇ ਨਾਲ ਅਜਿਹਾ ਹੁੰਦਾ ਹੈ ਤਾਂ ਤੁਸੀਂ ਘਰ ਹੀ ਕੁਝ ਤਰੀਕਿਆਂ ਨਾਲ ਆਪਣੇ ਪੈਰਾਂ ਦੀ ਬਦਬੂ ਨੂੰ ਦੂਰ ਕਰ ਸਕਦੇ ਹੋ।

### ਘਰੇਲੂ ਨੁਸਖ਼ੇ

**ਬੇਕਿੰਗ ਪਾਊਡਰ** : ਪੈਰਾਂ ਦੀ ਬਦਬੂ ਨੂੰ ਦੂਰ ਕਰਨ ਵਿਚ ਵੀ ਕਾਰਗਰ ਹੁੰਦਾ ਹੈ। ਇਸ ਦੇ ਲਈ ਇਕ ਟਬ ਵਿਚ ਨਿੱਘਾ ਗਰਮ ਪਾਣੀ ਲਵੋਂ ਅਤੇ ਉਸ ਵਿਚ ਦੋ ਵੱਡੇ ਚਮਚ ਬੇਕਿੰਗ ਪਾਊਡਰ ਦੇ ਨਾਲ ਨਿੰਬੂ ਦਾ ਰਸ ਪਾਓ ਅਤੇ ਉਸ ਵਿਚ ਦਸ ਮਿੰਟ ਤਕ ਪੈਰਾਂ ਨੂੰ ਡੁਬੋ ਕੇ ਰੱਖੋ । ਅਜਿਹਾ ਰੋਜ਼ਨਾ ਕਰਨ ਨਾਲ ਤੁਹਾਡੇ ਪੈਰ ਦੀ ਬਦਬੂ ਹੌਲੀ-ਹੌਲੀ ਖ਼ਤਮ ਹੋਣ ਲੱਗੇਗੀ।

**ਲੂਣ ਦਾ ਕਰੋ ਪ੍ਰਯੋਗ** : ਲੂਣ ਇਕ ਅਜਿਹੀ ਚੀਜ਼ ਹੈ ਜੋ ਕਿ ਸਰੀਰ ਲਈ ਕਾਫ਼ੀ ਫਾਇਦੇਮੰਦ ਹੁੰਦਾ ਹੈ। ਪੈਰਾਂ ਦੀ ਬਦਬੂ ਲਈ ਵੀ ਇਹ ਬਹੁਤ ਕਾਰਗਰ ਹੈ। ਗਰਮ ਪਾਣੀ ਵਿਚ ਲੂਣ ਪਾ ਕੇ ਪੈਰਾਂ ਨੂੰ ਉਸ ਵਿਚ ਡਬੋ ਕੇ ਰੱਖੋ ਅਤੇ ਕੁਝ ਸਮੇਂ ਬਾਅਦ ਪੈਰਾਂ ਨੂੰ ਠੰਢੇ ਪਾਣੀ ਨਾਲ ਧੋ ਲਵੋਂ। ਅਜਿਹਾ ਕਰਨ ਨਾਲ ਤੁਹਾਨੂੰ ਕੁਝ ਹੀ ਦਿਨ ਵਿਚ ਫ਼ਰਕ ਮਹਿਸੂਸ ਹੋਵੇਗਾ।

**ਐਪਲ ਸਿਡਾਰ ਵਿਨੇਗਰ** : ਪੈਰਾਂ ਦੀ ਬਦਬੂ ਨੂੰ ਦੂਰ ਕਰਨ ਲਈ ਐਪਲ ਸਿਡਾਰ ਵਿਨੇਗਰ ਵਿਚ ਪੈਰਾਂ ਨੂੰ ਰੱਖੋ। ਅਜਿਹਾ ਕਰਨ ਨਾਲ ਪੈਰਾਂ ਨੂੰ ਰਾਹਤ ਮਿਲੇਗੀ।

# ਆਰਓ ਦੇ ਫ਼ਾਇਦੇ ਤੇ ਨੁਕਸਾਨ

ਡਾ. ਕੁਲਦੀਪ ਕੌਰ

*ਆਰਓ ਦਾ ਪਾਣੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਕਿ ਜੋੜਾਂ ਦਾ ਦਰਦ ਤੇ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਵੀ ਬਣ ਸਕਦਾ ਹੈ। ਆਰਓ ਦੀ ਪ੍ਰਕਿਰਿਆ ਦੌਰਾਨ ਕਾਫ਼ੀ ਮਾਤਰਾ ਵਿਚ ਪੀਣ ਯੋਗ ਪਾਣੀ ਬਰਬਾਦ ਵੀ ਹੁੰਦਾ ਹੈ। ਇਕ ਲੀਟਰ ਆਰਓ ਪਾਣੀ ਲਈ ਤਕਰੀਬਨ 3-4 ਲੀਟਰ ਪਾਣੀ ਨਾਲੀ ਵਿਚ ਰੁੜ ਜਾਂਦਾ ਹੈ...*

'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹੁਤ' ਗੁਰਬਾਣੀ ਦੀ ਇਸ ਤੁਕ ਤੋਂ ਪਾਣੀ ਦੀ ਮਹੱਤਤਾ ਬਾਰੇ ਨਿਸ਼ਚੇ ਹੀ ਪਤਾ ਲੱਗ ਜਾਂਦਾ ਹੈ। ਅਸੀਂ ਆਪਣੇ ਬਜ਼ੁਰਗਾਂ ਦੇ ਮੂੰਹੋਂ ਕਈ ਵਾਰੀ ਇਹ ਗੱਲ ਸੁਣਦੇ ਸੀ 'ਲੈ ਪਾਣੀ ਕਿਹੜਾ ਮੁੱਲ ਵਿਕਦਾ' ਪਰ ਅੱਜ ਵੱਧ ਰਹੇ ਪਦਾਰਥਵਾਦ ਅਤੇ ਬਦਲੇ ਹਾਲਾਤਾਂ ਨੇ ਇਸ ਨੂੰ ਮੁੱਲ ਵਿਕਣ ਲਾ ਦਿੱਤਾ ਹੈ। ਬੋਤਲ ਬੰਦ ਪਾਣੀ ਹਰ ਸਮਾਗਮ ਦੀ ਸ਼ਾਨ ਬਣ ਗਿਆ ਹੈ। ਇਹ ਪਾਣੀ ਬਣਾਉਣ ਵਾਲੀਆਂ ਕੰਪਨੀਆਂ ਭਾਰੀ ਮੁਨਾਫਾ ਕਮਾ ਰਹੀਆਂ ਹਨ ਬੇਸ਼ਕ ਇਸ ਬੋਤਲ ਬੰਦ ਪਾਣੀ ਦੀ ਗੁਣਵੱਤਾ ਤੇ ਵੀ ਵੱਡਾ ਪ੍ਰਸ਼ਨਚਿੰਨ ਹੈ। ਖ਼ਾਲੀ ਬੋਤਲਾਂ ਦੁਆਰਾ ਵੱਧ ਰਿਹਾ ਪ੍ਰਦੂਸ਼ਣ ਇਕ ਵੱਖਰਾ ਮੁੱਦਾ ਹੈ। ਘਰਾਂ ਵਿਚ ਵੀ ਧੜਾ-ਧੜ ਆਰ.ਓ ਸਿਸਟਮ ਲੱਗ ਰਹੇ ਹਨ ਕਿਉਂਕਿ ਕੰਪਨੀਆਂ ਸਾਨੂੰ ਇਹ ਗੱਲ ਸਾਡੇ ਜ਼ਿਹਨ 'ਚ ਪਾ ਦਿੰਦੀਆਂ ਹਨ ਕਿ ਸਾਡੇ ਨਲਕੇ ਜਾਂ ਟੂਟੀ ਦਾ ਪਾਣੀ ਪੀਣ ਲਾਇਕ ਨਹੀਂ ਪਰ ਇਹ ਦਾਅਵੇ ਕਿੰਨੇ ਕੁ ਸਹੀ ਹਨ ਆਓ ਜਾਣੀਏ।

ਆਰ.ਓ ਦੀ ਤਕਨੀਕ ਸ਼ੁਰੂ ਵਿਚ ਸਮੁੰਦਰੀ ਇਲਾਕਿਆਂ ਲਈ ਬਣੀ ਸੀ ਅਤੇ ਸਮੁੰਦਰ ਦੇ ਖਾਰੇ ਪਾਣੀ ਨੂੰ ਪੀਣ ਯੋਗ ਬਣਾਉਣ ਦਾ ਕੰਮ ਕਰਦੀ ਸੀ। ਆਰ.ਓ ਸਿਸਟਮ ਵਿਚ ਪਾਣੀ ਨੂੰ ਪ੍ਰੈਸ਼ਰ ਦੁਆਰਾ ਇਕ ਮਹੀਨ ਝਿੱਲੀ ਵਿੱਚੋਂ ਲੰਘਾਇਆ ਜਾਂਦਾ ਹੈ। ਇਸ ਝਿੱਲੀ ਵਿਚ ਬਹੁਤ ਹੀ ਬਾਰੀਕ ਛੇਦ ਹੁੰਦੇ ਹਨ ਜਿਨ੍ਹਾਂ ਵਿੱਚੋਂ ਪਾਣੀ ਤੋਂ ਇਲਾਵਾ ਬਹੁਤ ਘੱਟ ਤੱਤ ਨਿਕਲ ਸਕਦੇ ਹਨ। ਜ਼ਿਆਦਾਤਰ ਤੱਤ ਜਿਵੇਂ ਕਿ ਕੈਲਸ਼ੀਅਮ, ਸੋਡੀਅਮ, ਮੈਗਨੀਸ਼ੀਅਮ, ਲੋਹਾ, ਲੈੱਡ, ਰੇਡੀਅਮ, ਆਰਸੈਨਿਕ, ਭਾਰੀ ਧਾਤਾਂ, ਜ਼ਿਆਦਾਤਰ ਕੀਟਨਾਸ਼ਕ ਦਵਾਈਆਂ ਆਦਿ ਨਾਪ ਵਿਚ ਪਾਣੀ ਨਾਲੋਂ ਵੱਡੇ ਹੁੰਦੇ ਹਨ ਜੋ ਇਨ੍ਹਾਂ ਬਾਰੀਕ ਛੇਦਾਂ ਵਿੱਚੋਂ ਨਹੀਂ ਨਿਕਲ ਸਕਦੇ ਅਤੇ ਪਾਣੀ ਵਿੱਚੋਂ ਬਾਹਰ ਹੋ ਜਾਂਦੇ ਹਨ ਪਰ ਕੁਝ ਤੱਤ ਜੋ ਝਿੱਲੀ ਦੇ ਛੇਦਾਂ ਤੋਂ ਛੋਟੇ ਹੁੰਦੇ ਹਨ ਉਹ ਲੰਘ ਵੀ ਸਕਦੇ ਹਨ। ਸਮੱਸਿਆ ਇਹ ਹੈ ਕਿ ਇਨ੍ਹਾਂ ਵਿੱਚੋਂ ਕਈ ਤੱਤ ਸਰੀਰ ਲਈ ਲੋੜੀਂਦੇ ਵੀ ਹੁੰਦੇ ਹਨ ਅਤੇ ਆਰ.ਓ ਉਨ੍ਹਾਂ ਨੂੰ ਵੀ ਬਾਹਰ ਕੱਢ ਦਿੰਦਾ ਹੈ। ਇਕ ਖੋਜ ਮੁਤਾਬਕ ਸਾਡਾ ਸਰੀਰ ਜ਼ਰੂਰੀ ਤੱਤਾਂ ਦੀ ਰੋਜ਼ਾਨਾ ਲੋੜ ਦਾ ਤਕਰੀਬਨ 6-30ਫ਼ੀਸਦੀ ਪਾਣੀ ਤੋਂ ਹੀ ਪੂਰੀ ਕਰਦਾ ਹੈ। ਅੱਜ ਦੇ ਸਮੇਂ ਵਿਚ ਜਿੱਥੇ ਮਿੱਟੀ ਦੇ ਪੌਸ਼ਟਿਕ ਤੱਤ ਬਹੁਤ ਘੱਟ ਚੁੱਕੇ ਹਨ, ਖਾਣੇ ਵੀ ਉਹੋ ਜਿਹੇ ਨਹੀਂ ਰਹੇ ਅਤੇ ਦੇਸ਼ ਦੀ ਜ਼ਿਆਦਾਤਰ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ। ਕੁਦਰਤੀ ਪਾਣੀ ਕਈ ਜ਼ਰੂਰੀ ਤੱਤਾਂ ਦਾ ਸੋਮਾ ਹੈ ਜਿਨ੍ਹਾਂ ਦੀ ਸਰੀਰ ਵਿਚ ਜ਼ਰੂਰਤ ਕੁਦਰਤੀ ਪਾਣੀ ਤੋਂ ਹੀ ਪੂਰੀ ਹੋ ਸਕਦੀ ਹੈ। ਕੁਦਰਤੀ ਤੌਰ 'ਤੇ ਪਾਏ ਜਾਣ ਵਾਲੇ ਪਾਣੀ ਦੇ ਸੋਮਿਆਂ ਵਿਚ ਵੀ ਇਹ ਤੱਤ ਘੁਲੇ ਮਿਲਦੇ ਹਨ ਅਤੇ ਤੱਤ ਵਿਹੂਣਾ ਪਾਣੀ ਕੁਦਰਤ ਵਿਚ ਵੀ ਵਿਰਲਾ ਹੀ ਪਾਇਆ ਜਾਂਦਾ ਹੈ (ਜਿਵੇਂ ਬਾਰਿਸ਼ ਦਾ ਪਾਣੀ) ਜਿਸਦਾ ਅਰਥ ਇਹ ਨਿਕਲਦਾ ਹੈ ਕਿ ਕੁਦਰਤ ਵੀ ਮਨੁੱਖ ਨੂੰ ਤੱਤ ਵਿਹੂਣਾ ਪਾਣੀ ਪੀਣ ਲਈ ਪ੍ਰਦਾਨ ਨਹੀਂ ਕਰਦੀ। ਤੱਤ ਵਿਹੂਣਾ ਪਾਣੀ ਜਾਂ ਆਰ.ਓ ਪਾਣੀ ਕੁਦਰਤੀ ਪਾਣੀ ਦੇ ਮੁਕਾਬਲੇ ਤੇਜ਼ਾਬੀ ਹੁੰਦਾ ਹੈ। ਇਹ ਸਰੀਰ ਦੇ ਅੰਗਾਂ 'ਤੇ ਮਾੜਾ ਅਸਰ ਪਾਉਂਦਾ ਹੈ ਅਤੇ ਸਰੀਰ ਵਿੱਚੋਂ ਕਈ ਜ਼ਰੂਰੀ ਤੱਤ ਆਪਣੇ ਵਿਚ ਘੋਲ ਕੇ ਲੈ ਜਾਂਦਾ ਹੈ। ਕੁਝ ਰਿਪੋਰਟਾਂ ਵਿਚ ਤਾਂ ਇਸ ਪਾਣੀ ਦੀ ਤੇਜ਼ਾਬੀ ਪ੍ਰਵਿਰਤੀ ਨੂੰ ਕੈਂਸਰ ਨਾਲ ਵੀ ਜੋੜਿਆ ਗਿਆ ਹੈ ਕਿਉਂਕਿ ਸਰੀਰ ਵਿਚ ਤੇਜ਼ਾਬੀ ਸਥਿਤੀ ਹੋਣ ਵੇਲੇ ਕੈਂਸਰ ਸੈੱਲ ਜ਼ਿਆਦਾ ਤੇਜ਼ੀ ਨਾਲ ਪ੍ਰਫੁੱਲਿਤ ਹੁੰਦੇ ਹਨ। ਵਿਸ਼ਵ ਸਿਹਤ ਸੰਸਥਾ ਦੀ ਇਕ ਰਿਪੋਰਟ ਮੁਤਾਬਿਕ ਤੱਤ ਵਿਹੂਣਾ ਜਾਂ ਘੱਟ ਤੱਤਾਂ ਵਾਲਾ ਪਾਣੀ ਡਾਈਯੂਰੀਸਿਸ ਭਾਵ ਕਿਡਨੀ ਦੁਆਰਾ ਪਿਸ਼ਾਬ ਬਣਾਉਣ ਦੀ ਸਮਰੱਥਾ ਵਿਚ 20ਫ਼ੀਸਦੀ ਵਾਧਾ ਕਰ ਸਕਦਾ ਹੈ ਅਤੇ ਇਹ ਪਾਣੀ ਸਰੀਰ ਵਿੱਚੋਂ ਕਈ ਜ਼ਰੂਰੀ ਤੱਤਾਂ ਜਿਵੇਂ ਕਿ ਸੋਡੀਅਮ, ਪੋਟਾਸ਼ੀਅਮ, ਕਲੋਰੀਨ, ਕੈਲਸ਼ੀਅਮ, ਮੈਗਨੀਸ਼ੀਅਮ ਨੂੰ ਜ਼ਿਆਦਾ ਮਾਤਰਾ ਵਿਚ ਘੋਲ ਕੇ ਆਪਣੇ ਨਾਲ ਲੈ ਜਾਂਦਾ ਹੈ। ਲੰਬੇ ਸਮੇਂ ਤਕ ਅਜਿਹੇ ਪਾਣੀ ਦੀ ਵਰਤੋਂ ਨਾਲ ਇਨ੍ਹਾਂ ਤੱਤਾਂ ਦੀ ਸਰੀਰ ਵਿਚ ਘਾਟ ਹੋ ਸਕਦੀ ਹੈ ਅਤੇ ਇਹ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਕਿ ਜੋੜਾਂ ਦਾ ਦਰਦ, ਹੱਡੀਆਂ ਦੀਆਂ ਬਿਮਾਰੀਆਂ, ਦਿਲ ਦੀਆਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਆਰ.ਓ ਦੀ ਪ੍ਰਕਿਰਿਆ ਦੌਰਾਨ ਕਾਫ਼ੀ ਮਾਤਰਾ ਵਿਚ ਪੀਣ ਯੋਗ ਪਾਣੀ ਬਰਬਾਦ ਵੀ ਹੁੰਦਾ ਹੈ। ਇਕ ਲੀਟਰ ਆਰ.ਓ ਪਾਣੀ ਲਈ ਤਕਰੀਬਨ 3-4 ਲੀਟਰ ਪਾਣੀ ਨਾਲੀ ਵਿਚ ਰੁੜ ਜਾਂਦਾ ਹੈ। ਸਾਡੇ ਦੇਸ਼ 'ਚ ਜਿੱਥੇ ਪਹਿਲਾਂ ਹੀ ਪੀਣ ਯੋਗ ਪਾਣੀ ਦੀ ਭਾਰੀ ਸਮੱਸਿਆ ਹੈ, ਇਹ ਬਰਬਾਦੀ ਇਸ ਸਮੱਸਿਆ ਨੂੰ ਹੋਰ ਭਿਆਨਕ ਬਣਾ ਸਕਦੀ ਹੈ। ਸਾਨੂੰ ਚਾਹੀਦਾ ਹੈ ਕਿ ਇਸ ਪਾਣੀ ਨੂੰ ਵੀ ਅਸੀਂ ਸਾਂਭ ਕੇ ਘਰ ਦੇ ਹੋਰ ਕੰਮਾਂ ਲਈ ਵਰਤੀਏ।



### ਕੀ ਆਰਓ ਸਿਸਟਮ ਵਰਤਣੇ ਨਹੀਂ ਚਾਹੀਦੇ?

ਤੱਤ ਵਿਹੂਣਾ ਪਾਣੀ ਸਾਡੇ ਸਰੀਰ ਲਈ ਨੁਕਸਾਨਦੇਹ ਹੈ ਜਿਵੇਂ ਕਿ ਵਿਸ਼ਵ ਸਿਹਤ ਸੰਸਥਾ ਦੀ ਰਿਪੋਰਟ ਦਰਸਾਉਂਦੀ ਹੈ। ਲੋੜ ਹੈ ਕਿ ਇਸ ਪਾਣੀ ਵਿਚ ਜ਼ਰੂਰੀ ਤੱਤ ਦੁਬਾਰਾ ਮਿਲਾਏ ਜਾਣ ਜਿਸ ਨਾਲ ਕਿ ਇਹ ਤੇਜ਼ਾਬੀ ਨਾ ਰਹੇ ਅਤੇ ਸਾਡੇ ਸਰੀਰ ਨੂੰ ਲੋੜੀਂਦੇ ਤੱਤ ਪ੍ਰਦਾਨ ਕਰੇ ਪਰ ਇਹ ਕਿਹੜੇ-ਕਿਹੜੇ ਅਤੇ ਕਿੰਨੀ ਮਾਤਰਾ ਵਿਚ ਮਿਲਾਉਣੇ ਚਾਹੀਦੇ ਹਨ ਇਸ ਬਾਰੇ ਸਥਿਤੀ ਕੋਈ ਜ਼ਿਆਦਾ ਸਪਸ਼ਟ ਨਹੀਂ ਹੈ। ਜਿਹੜੇ ਆਰ.ਓ ਸਿਸਟਮਾਂ ਵਿਚ ਇਹ ਤਕਨੀਕ ਆ ਵੀ ਰਹੀ ਹੈ ਉਨ੍ਹਾਂ ਵਿਚ ਵੀ ਕਿਹੜੇ ਕਿਹੜੇ ਤੱਤ ਕਿੰਨੀ ਮਾਤਰਾ ਵਿਚ ਮਿਲਾਏ ਜਾ ਰਹੇ ਹਨ ਇਸ ਬਾਰੇ ਪਤਾ ਲਗਾਉਣਾ ਮੁਸ਼ਕਿਲ ਹੈ। ਕਈ ਖੋਜਾਂ ਵਿਚ ਇਹ ਵੀ ਪਾਇਆ ਗਿਆ ਹੈ ਕਿ ਬੋਤਲ ਬੰਦ ਪਾਣੀ ਜਿਸ ਨੂੰ ਮਿਨਰਲ ਪਾਣੀ ਕਿਹਾ ਜਾਂਦਾ ਹੈ। ਇਹ ਵੀ ਜ਼ਿਆਦਾਤਰ ਆਰ.ਓ ਪਾਣੀ ਹੀ ਹੁੰਦਾ ਹੈ। ਕੁਦਰਤੀ ਪਾਣੀ ਦਾ ਕੋਈ ਮੁਕਾਬਲਾ ਨਹੀਂ ਅਤੇ ਨਾ ਹੀ ਕੋਈ ਤੋੜ ਹੈ। ਇਸ ਲਈ ਜੇ ਸਾਡਾ ਕੁਦਰਤੀ ਪਾਣੀ ਠੀਕ ਹੈ ਤਾਂ ਉਸ ਨੂੰ ਉਬਾਲ ਕੇ ਵਰਤਿਆ ਜਾ ਸਕਦਾ ਹੈ ਜਾਂ ਸਾਧਾਰਨ ਫਿਲਟਰ ਲਗਾਏ ਜਾ ਸਕਦੇ ਹਨ ਪਰ ਜੇ ਕਿਤੇ ਪਾਣੀ ਜ਼ਿਆਦਾ ਹੀ ਪ੍ਰਦੂਸ਼ਿਤ ਹੈ ਤਾਂ ਆਰ.ਓ ਦੇ ਫ਼ਾਇਦੇ ਨੁਸਕਾਨ ਤੋਂ ਜ਼ਿਆਦਾ ਹੋ ਸਕਦੇ ਹਨ। ਲੋੜ ਹੈ ਅਮੁੱਲੀ ਦਾਤ ਪਾਣੀ ਨੂੰ ਸਾਂਭਿਆ ਜਾਵੇ ਅਤੇ ਵਰਤਿਆ ਜਾਵੇ।



8427500475

# ਯੂ.ਐਸ- ਇਰਾਨ ਸ਼ਾਂਤੀ ਸਮਝੌਤੇ ਮਗਰੋਂ ਤੁਰੰਤ ਖੁੱਲ੍ਹੇਗਾ ਹੋਰਮੁਜ਼ ਜਲਮਾਰਗ, ਪਾਕਿਸਤਾਨ ਬਣਿਆ ਮੁੱਖ ਵਿਚੋਲਾ




**ਇਸਲਾਮਾਬਾਦ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਵੀਰਵਾਰ ਨੂੰ ਪੱਛਮੀ ਏਸ਼ੀਆ ਵਿੱਚ ਸ਼ਾਂਤੀ ਬਹਾਲ ਕਰਨ ਲਈ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਇਰਾਨ ਦੇ ਸਰਬਉੱਚ ਆਗੂ ਮੁਜਤਬਾ ਖਮੇਨੀ ਦੀ ਸ਼ਲਾਘਾ ਕੀਤੀ, ਜਦੋਂ ਉਨ੍ਹਾਂ ਨੇ ਐਲਾਨ ਕੀਤਾ ਕਿ ਦੋਵਾਂ ਧਿਰਾਂ ਨੇ 'ਇਤਿਹਾਸਕ' ਇਸਲਾਮਾਬਾਦ ਸਮਝੌਤਾ (Memorandum of Understanding) ਪੂਰਾ ਕਰ ਲਿਆ ਹੈ।

ਸ਼ਰੀਫ ਨੇ ਚੋਟੀ ਦੇ ਅਮਰੀਕੀ ਅਤੇ ਇਰਾਨੀ ਆਗੂਆਂ ਦੀ ਕੂਟਨੀਤੀ ਪ੍ਰਤੀ ਅਟੱਲ ਵਚਨਬੱਧਤਾ ਅਤੇ ਸ਼ਾਂਤੀ ਦੇ ਰਾਹ ਨੂੰ ਅਪਣਾਉਣ ਲਈ ਵੀ ਤਾਰੀਫ਼ ਕੀਤੀ, ਕਿਉਂਕਿ ਉਨ੍ਹਾਂ ਨੇ ਐਲਾਨ ਕੀਤਾ ਕਿ ਇਸ ਦਸਤਾਵੇਜ਼ 'ਤੇ ਦਸਤਖਤ ਹੋਣ ਨਾਲ ਹੋਰਮੁਜ਼ ਜਲਮਾਰਗ ਤੁਰੰਤ ਖੁੱਲ੍ਹ ਜਾਵੇਗਾ ਅਤੇ ਅਮਰੀਕਾ ਤੁਰੰਤ ਆਪਣੀ ਜਲ ਸੈਨਾ ਦੀ ਨਾਕਾਬੰਦੀ ਹਟਾ ਲਵੇਗਾ।

ਟਰੰਪ ਨੇ ਫਰਾਂਸ ਦੇ ਵਰਸੇਲਜ਼ ਪੈਲੇਸ ਵਿੱਚ ਸਮਝੌਤੇ 'ਤੇ ਦਸਤਖਤ ਕੀਤੇ, ਜਿੱਥੇ ਉਨ੍ਹਾਂ ਨੇ ਜੀ7 ਸੰਮੇਲਨ ਤੋਂ ਬਾਅਦ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਨਾਲ ਰਾਤ ਦਾ ਖਾਣਾ ਖਾਧਾ ਸੀ।

ਜਲਦੀ ਹੀ, ਇਰਾਨੀ ਮੀਡੀਆ ਨੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਦੀਆਂ ਤਸਵੀਰਾਂ ਪੋਸਟ ਕੀਤੀਆਂ ਜਿਸ ਵਿੱਚ ਉਹ ਕੈਮਰੇ ਦੇ ਸਾਹਮਣੇ ਦਸਤਖਤ ਕੀਤੇ ਦਸਤਾਵੇਜ਼ ਦੀ ਇੱਕ ਕਾਪੀ ਫੜੇ ਹੋਏ ਸਨ। ਇਹ ਵਿਆਪਕ ਤੌਰ 'ਤੇ ਰਿਪੋਰਟ ਕੀਤੀ ਗਈ ਹੈ ਕਿ ਮੁੱਖ ਵਿਚੋਲਾ ਪਾਕਿਸਤਾਨ ਸਵਿਟਜ਼ਰਲੈਂਡ ਵਿੱਚ ਸਮਝੌਤੇ 'ਤੇ ਦਸਤਖਤ ਕਰੇਗਾ, ਜਿੱਥੇ ਸ਼ੁੱਕਰਵਾਰ ਨੂੰ ਇੱਕ ਰਸਮੀ ਸਮਾਰੋਹ ਹੋਣ ਵਾਲਾ ਹੈ।

ਵੀਰਵਾਰ ਨੂੰ ਸ਼ਰੀਫ ਨੇ ਕਿਹਾ ਕਿ ਸਬੰਧਤ ਸਰਕਾਰਾਂ ਦੇ ਉੱਚ ਪੱਧਰ 'ਤੇ ਸਮਝੌਤੇ 'ਤੇ ਦਸਤਖ਼ਤ ਕਰਨਾ ਸੰਘਰਸ਼ ਦੇ ਕੂਟਨੀਤਕ ਹੱਲ ਲਈ ਦੋਵਾਂ ਪੱਖਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਕਿਉਂਕਿ ਉਨ੍ਹਾਂ ਨੇ ਸਾਊਦੀ ਅਰਬ, ਕਤਰ, ਤੁਰਕੀ ਅਤੇ ਮਿਸਰ ਵਰਗੇ ਹੋਰ ਪੱਛਮੀ ਏਸ਼ੀਆਈ ਦੇਸ਼ਾਂ ਦਾ ਵੀ ਧੰਨਵਾਦ ਕੀਤਾ।

ਸ਼ਰੀਫ ਨੇ ਵੀਰਵਾਰ ਨੂੰ 'ਐਕਸ' ਤੇ ਇੱਕ ਪੋਸਟ ਵਿੱਚ ਕਿਹਾ, ਮੈਨੂੰ ਇਹ ਐਲਾਨ ਕਰਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਤਿਹਾਸਕ 'ਇਸਲਾਮਾਬਾਦ ਸਮਝੌਤਾ' ਅੱਜ ਸੰਯੁਕਤ ਰਾਜ ਅਮਰੀਕਾ ਅਤੇ ਇਸਲਾਮਿਕ ਰੀਪਬਲਿਕ ਆਫ਼ ਈਰਾਨ ਵਿਚਕਾਰ ਇਲੈਕਟ੍ਰਾਨਿਕ ਤਰੀਕੇ ਨਾਲ ਹਸਤਾਖਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ: ਇਸਲਾਮਾਬਾਦ ਸਮਝੌਤਾ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ ਅਤੇ ਪਹਿਲੇ ਕਦਮ ਵਜੋਂ, ਇਸਲਾਮਿਕ ਰੀਪਬਲਿਕ ਆਫ਼ ਇਰਾਨ ਤੁਰੰਤ ਹੋਰਮੁਜ਼ ਜਲਮਾਰਗ ਨੂੰ ਮੁੜ ਖੋਲ੍ਹ ਦੇਵੇਗਾ ਅਤੇ ਸੰਯੁਕਤ ਰਾਜ ਅਮਰੀਕਾ ਤੁਰੰਤ ਜਲ ਸੈਨਾ ਦੀ ਨਾਕਾਬੰਦੀ ਹਟਾ ਲਵੇਗਾ।

ਹਰਮੁਜ਼ ਜਲਡਮਰੂਮੱਧ ਇੱਕ ਤੰਗ ਜਲ ਮਾਰਗ ਹੈ ਜਿਸ ਵਿੱਚੋਂ ਆਮ ਸਮਿਆਂ ਵਿੱਚ ਦੁਨੀਆ ਦੀ ਕੁੱਲ ਊਰਜਾ ਸਪਲਾਈ ਦਾ ਲਗਭਗ ਪੰਜਵਾਂ ਹਿੱਸਾ ਲੰਘਦਾ ਹੈ।

# ਇਤਰਾਜ਼ਯੋਗ ਵੀਡੀਓ ਮਾਮਲਾ: 'ਆਪ' ਵੱਲੋਂ ਦੋ ਲੈਬਾਰਟਰੀਆਂ ਦੀ ਰਿਪੋਰਟ ਪੇਸ਼; ਵੀਡੀਓ 'ਚ ਭਗਵੰਤ ਮਾਨ ਨਾ ਹੋਣ ਦਾ ਦਾਅਵਾ

## ਵਿਵਾਦਤ ਵੀਡੀਓ ਦੀ ਜਾਂਚ ਸਬੰਧੀ ਡੀ ਜੀ ਪੀ ਨੂੰ ਮਿਲੇਗਾ ਆਮ ਆਦਮੀ ਪਾਰਟੀ ਦਾ ਵਫ਼ਦ: ਆਗੂ

**ਮੁਹਾਲੀ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵੱਲੋਂ ਅੱਜ ਮੁਹਾਲੀ ਵਿਖੇ ਇੱਕ ਪ੍ਰੈਸ ਕਾਨਫਰੰਸ ਕਰਕੇ ਐਲਾਨ ਕੀਤਾ ਗਿਆ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਸਬੰਧੀ ਵਾਇਰਲ ਹੋਈ ਵਿਵਾਦਤ ਵੀਡੀਓ ਬਾਰੇ ਉੱਚ ਪੱਧਰੀ ਜਾਂਚ ਦੀ ਮੰਗ ਕਰਨ ਲਈ ਪਾਰਟੀ ਦਾ ਇੱਕ ਵਫਦ ਅੱਜ ਡੀਜੀਪੀ ਪੰਜਾਬ ਨੂੰ ਮਿਲੇਗਾ।



ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਪਾਰਟੀ ਦੇ ਬੁਲਾਰੇ ਬਲਤੇਜ ਪੰਨੂ ਵੱਲੋਂ ਕੀਤੀ ਪ੍ਰੈਸ ਕਾਨਫਰੰਸ ਵਿੱਚ ਕਿਹਾ ਗਿਆ ਕਿ ਵਿਵਾਦਤ ਵੀਡੀਓ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਹੋਣ ਦਾ ਕੀਤਾ ਗਿਆ ਜ਼ਿਕਰ ਅਕਾਲੀ ਦਲ ਵੱਲੋਂ ਸਾਜ਼ਿਸ਼ ਤਹਿਤ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਵਾਦਗ੍ਰਸਤ ਵੀਡੀਓ ਭਾਰਤ ਦੀਆਂ ਦੋ ਪ੍ਰਮੁੱਖ ਲੈਬਾਰਟਰੀਆਂ ਵਿੱਚ ਚੈੱਕ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਚੈੱਕ ਕਰਵਾਈ ਗਈ ਵੀਡੀਓ ਵਿੱਚ ਮੌਜੂਦ ਵਿਅਕਤੀ ਦੀ 1191 ਐਂਗਲਾਂ ਤੋਂ ਪੜਤਾਲ ਕੀਤੀ ਗਈ ਹੈ। ਜਿਸ ਵਿੱਚ ਦੋਵਾਂ ਲੈਬਾਰਟਰੀਆਂ ਨੇ ਇਹ ਰਿਪੋਰਟ ਦਿੱਤੀ ਹੈ ਕਿ ਵੀਡੀਓ ਵਿੱਚ ਨਜ਼ਰ ਆ ਰਿਹਾ ਵਿਅਕਤੀ ਮੁੱਖ ਮੰਤਰੀ ਭਗਵੰਤ ਮਾਨ ਨਹੀਂ ਹੈ, ਸਗੋਂ ਕੋਈ ਹੋਰ ਹੈ।

ਇਸ ਮੌਕੇ ਦੋਵੇਂ ਆਗੂਆਂ ਨੇ ਅਕਾਲੀ ਦਲ ਉੱਤੇ ਮੁੱਖ ਮੰਤਰੀ ਨੂੰ ਬਦਨਾਮ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਇਸ ਵੀਡੀਓ ਪਿੱਛੇ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਅਤੇ ਉਨਾਂ ਦੇ ਸਾਥੀਆਂ ਦਾ ਹੱਥ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਪੰਜਾਬ ਸਰਕਾਰ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਕਾਨੂੰਨ ਬਣਾਇਆ ਗਿਆ ਹੈ ਉਦੋਂ ਤੋਂ ਹੀ ਅਕਾਲੀ ਦਲ ਵੱਲੋਂ ਮੁੱਖ ਮੰਤਰੀ ਨੂੰ ਲਗਾਤਾਰ ਟਾਰਗੇਟ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਹੁਤ ਵੱਡੀ ਸਾਜਸ਼ ਰਚੀ ਗਈ ਸੀ ਅਤੇ ਮੁੱਖ ਮੰਤਰੀ ਨੂੰ ਬਦਨਾਮ ਕਰਨ ਲਈ ਅਜਿਹਾ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨਾ ਚਾਹੁੰਦੇ ਹਨ ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੇ ਹਨ, ਜਿਸ ਨੂੰ ਕਿ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।

ਉਨ੍ਹਾਂ ਅਕਾਲੀ ਦਲ ਦੀ ਸਰਕਾਰ ਸਮੇਂ 1986 ਵਿੱਚ ਨਕੋਦਰ ਅਤੇ 2015 ਵਿੱਚ ਬਰਗਾੜੀ ਤੇ ਬਹਿਬਲ ਕਲਾਂ ਵਿਖੇ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀਆਂ ਅਤੇ ਬੇਦੋਸ਼ੇ ਨੌਜਵਾਨਾਂ ਨੂੰ ਗੋਲੀਆਂ ਮਰਾਉਣ ਦੇ ਦੋਸ਼ ਵੀ ਲਾਏ ਅਤੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਅਜਿਹੀਆਂ ਸਾਜਸ਼ਾਂ ਰਚਦਾ ਆਇਆ ਹੈ ਜਦੋਂ ਕਿ ਪੰਜਾਬ ਦੇ ਮੁੱਖ ਮੰਤਰੀ ਪੰਜਾਬੀਆਂ ਲਈ ਕੰਮ ਕਰਨ ਨੂੰ ਤਰਜੀਹ ਦੇ ਰਹੇ ਹਨ, ਜਿਸ ਤੋਂ ਅਕਾਲੀ ਦਲ ਅਤੇ ਉਨਾਂ ਦੇ ਚਹੇਤਿਆਂ ਨੂੰ ਤਕਲੀਫ ਹੋ ਰਹੀ ਹੈ।

# ਸ਼੍ਰੀ ਗੁਰੂ ਅਰਜਨ ਦੇਵ ਜੀ ਦੇ 420ਵੇਂ ਸ਼ਹੀਦੀ ਦਿਹਾੜੇ ਦੇ ਮੌਕੇ 'ਤੇ ਪੰਚਕੂਲਾ ਵਿੱਚ ਰਾਜ ਪੱਧਰੀ ਸਮਾਗਮ ਆਯੋਜਿਤ



**ਪੰਚਕੂਲਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਚਮ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ਭਾਰਤੀ ਇਤਿਹਾਸ ਵਿੱਚ ਸੱਚ, ਧਰਮ, ਮਨੁੱਖਤਾ ਅਤੇ ਅਧਿਆਤਮਕ ਸ਼ਕਤੀ ਦੀ ਇੱਕ ਵਿਲੱਖਣ ਮਿਸਾਲ ਹੈ। ਉਨ੍ਹਾਂ ਦਾ ਜੀਵਨ ਅਤੇ ਸ਼ਹਾਦਤ ਸਾਨੂੰ ਬੇਇਨਸਾਫ਼ੀ, ਜ਼ੁਲਮ ਅਤੇ ਝੂਠ ਦੇ ਸਾਹਮਣੇ ਕਦੇ ਵੀ ਨਾ ਝੁਕਣ ਦੀ ਪ੍ਰੇਰਣਾ ਦਿੰਦੀ ਹੈ। ਮੁੱਖ ਮੰਤਰੀ ਵੀਰਵਾਰ ਨੂੰ ਪੰਚਕੂਲਾ ਵਿੱਚ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ 420ਵੇਂ ਸ਼ਹੀਦੀ ਦਿਹਾੜੇ ਦੇ ਮੌਕੇ 'ਤੇ ਆਯੋਜਿਤ ਰਾਜ ਪੱਧਰੀ ਸਮਾਗਮ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਗੁਰੂ ਅਰਜਨ ਦੇਵ ਜੀ ਦੇ ਜੀਵਨ 'ਤੇ ਅਧਾਰਿਤ ਇੱਕ ਡਾਕੂਮੈਂਟਰੀ ਫ਼ਿਲਮ ਵੀ ਦਿਖਾਈ ਗਈ।

ਇਸ ਦੌਰਾਨ ਮੁੱਖ ਮੰਤਰੀ ਨੇ ਛਬੀਲ ਦੀ ਸੇਵਾ ਵੀ ਕੀਤੀ। ਸਮਾਗਮ ਵਿੱਚ ਹਰਿਆਣਾ ਅਤੇ ਪੰਜਾਬ ਤੋਂ ਕਈ ਸੰਤ-ਮਹਾਂਪੁਰਖ ਪਹੁੰਚੇ ਅਤੇ ਹਰਿਆਣਾ ਸਰਕਾਰ ਵੱਲੋਂ ਕਰਵਾਏ ਗਏ ਇਸ ਸਮਾਗਮ ਦੀ ਸ਼ਲਾਘਾ ਕਰਦੇ ਹੋਏ ਇਸ ਦੇ ਲਈ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਪ੍ਰਗਟਾਇਆ।

ਹਰਿਆਣਾ ਸਰਕਾਰ ਵੱਲੋਂ 'ਸੰਤ ਮਹਾਂਪੁਰਖ ਸਨਮਾਨ ਅਤੇ ਵਿਚਾਰ ਪ੍ਰਸਾਰ ਯੋਜਨਾ' ਤਹਿਤ ਕਰਵਾਏ ਗਏ ਇਸ ਸਮਾਗਮ ਨੂੰ ਸੰਬੋਧਿਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੀ ਮਾਤਾ ਮਨਸਾ ਦੇਵੀ ਅਤੇ ਸ਼੍ਰੀ ਨਾਢਾ ਸਾਹਿਬ ਦੀ ਪਵਿੱਤਰ ਧਰਤੀ 'ਤੇ ਆਯੋਜਿਤ ਇਸ ਸਮਾਗਮ ਵਿੱਚ ਮੌਜੂਦ ਹੋ ਕੇ ਉਹ ਆਪਣੇ ਆਪ ਨੂੰ ਭਾਗਸ਼ਾਲੀ ਮੰਨਦੇ ਹਨ। ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਸਿਰਫ ਸਿੱਖ ਸਮਾਜ ਦੀ ਵਿਰਾਸਤ ਨਹੀਂ, ਸਗੋਂ ਪੂਰੇ ਦੇਸ਼ ਲਈ ਪ੍ਰੇਰਣਾ ਸਰੋਤ ਹੈ।

ਉਨ੍ਹਾਂ ਕਿਹਾ ਕਿ ਭਾਰਤ ਦਾ ਇਤਿਹਾਸ ਤਿਆਗ, ਤਪੱਸਿਆ, ਕੁਰਬਾਨੀ ਅਤੇ ਅਧਿਆਤਮਕ ਬਹਾਦਰੀ ਦੀ ਗੌਰਵਸ਼ਾਲੀ ਪਰੰਪਰਾ ਨਾਲ ਭਰਿਆ ਹੋਇਆ ਹੈ। ਜਦੋਂ-ਜਦੋਂ ਦੇਸ਼, ਧਰਮ, ਸੰਸਕ੍ਰਿਤੀ ਅਤੇ ਮਨੁੱਖਤਾ 'ਤੇ ਸੰਕਟ ਆਇਆ, ਉਦੋਂ-ਉਦੋਂ ਸਾਡੇ ਗੁਰੂਆਂ ਅਤੇ ਸੰਤਾਂ ਨੇ ਆਪਣੀ ਕੁਰਬਾਨੀ ਨਾਲ ਸੱਚ ਅਤੇ ਧਰਮ ਦੀ ਰੱਖਿਆ ਕੀਤੀ। ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ਇਸੇ ਮਹਾਨ ਪਰੰਪਰਾ ਦੀ ਸਰਵਉੱਚ ਮਿਸਾਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸਮਾਜ ਨੂੰ ਜੋੜਨ ਅਤੇ ਮਨੁੱਖਤਾ ਨੂੰ ਇੱਕ ਧਾਗੇ ਵਿੱਚ ਪਰੋਣ ਦਾ ਮਹਾਨ ਕਾਰਜ ਕੀਤਾ। ਉਨ੍ਹਾਂ ਨੇ ਅੰਮ੍ਰਿਤਸਰ ਵਿੱਚ ਸ਼੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕਰਕੇ ਉਸ ਦੇ ਚਾਰਾਂ ਦਿਸ਼ਾਵਾਂ ਵਿੱਚ ਚਾਰ ਦਰਵਾਜ਼ੇ ਬਣਵਾਏ, ਜੋ ਇਸ ਗੱਲ ਦਾ ਪ੍ਰਤੀਕ ਹਨ ਕਿ ਇਹ ਪਵਿੱਤਰ ਅਸਥਾਨ ਕਿਸੇ ਇੱਕ ਜਾਤ, ਵਰਗ ਜਾਂ ਧਰਮ ਲਈ ਨਹੀਂ ਸਗੋਂ ਸਮੁੱਚੀ ਮਨੁੱਖਤਾ ਲਈ ਖੁੱਲ੍ਹਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਸਦੀਆਂ ਪਹਿਲਾਂ ਹੀ ਸਮਾਜਿਕ ਸਾਂਝ, ਸਮਾਨਤਾ ਅਤੇ 'ਵਸੁਧੈਵ ਕੁਟੁੰਬਕਮ' ਦੀ ਭਾਵਨਾ ਨੂੰ ਸਾਕਾਰ ਰੂਪ ਦਿੱਤਾ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਤ ਕਬੀਰ, ਸੰਤ ਨਾਮਦੇਵ, ਬਾਬਾ ਫਰੀਦ ਅਤੇ ਸੰਤ ਰਵਿਦਾਸ ਸਮੇਤ ਵੱਖ-ਵੱਖ ਸੰਤਾਂ ਦੀ ਬਾਣੀ ਨੂੰ ਇਕੱਤਰ ਕਰਕੇ ਗੁਰੂ ਅਰਜਨ ਦੇਵ ਜੀ ਨੇ ਭਾਰਤ ਦੀ ਵਿਭਿੰਨਤਾ ਨੂੰ ਏਕਤਾ ਦੇ ਧਾਗੇ ਵਿੱਚ ਬੰਨ੍ਹਣ ਦਾ ਬੇਮਿਸਾਲ ਕਾਰਜ ਕੀਤਾ।

# ਸ਼ਹੀਦਾਂ ਦੇ ਸਰਤਾਜ' ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ 'ਤੇ ਰਾਜਪਾਲ ਨੇ ਗੁਰਦੁਆਰਾ ਸ੍ਰੀ ਨਾਡਾ ਸਾਹਿਬ ਵਿਖੇ ਮੱਥਾ ਟੇਕਿਆ



**ਪੰਚਕੂਲਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਪੰਜਵੇਂ ਸਿੱਖ ਗੁਰੂ, 'ਸ਼ਹੀਦਾਂ ਦੇ ਸਰਤਾਜ' ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਅਵਸਰ 'ਤੇ ਪੰਚਕੂਲਾ ਸਥਿਤ ਗੁਰਦੁਆਰਾ ਸ੍ਰੀ ਨਾਡਾ ਸਾਹਿਬ ਵਿਖੇ ਮੱਥਾ ਟੇਕ ਕੇ ਸ਼ਰਧਾਸੁਮਨ ਅਰਪਿਤ ਕੀਤੇ। ਉਨ੍ਹਾਂ ਨੇ ਸ਼ਾਂਤੀ, ਸਮ੍ਰਿੱਧੀ ਅਤੇ ਮਾਨਵਤਾ ਦੇ ਕਲਿਆਣ ਲਈ ਅਰਦਾਸ ਕੀਤੀ।

ਇਸ ਅਵਸਰ 'ਤੇ ਰਾਜਪਾਲ ਨੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਰਬਉੱਚ ਕੁਰਬਾਨੀ ਸੱਚ, ਮਾਨਵਤਾ, ਧਾਰਮਿਕ ਸੁਤੰਤਰਤਾ ਅਤੇ ਸਰਬਧਰਮ ਸਮਭਾਵ (ਸਮੁਦਾਇਕ ਸਾਂਝ) ਦੀ ਰੱਖਿਆ ਲਈ ਦਿੱਤੀ ਗਈ ਇੱਕ ਅਦੁੱਤੀ ਉਦਾਹਰਣ ਹੈ, ਜੋ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ। ਉਨ੍ਹਾਂ ਨੇ ਗੁਰੂ ਸਾਹਿਬ ਦੇ ਜੀਵਨ ਨੂੰ ਮਾਨਵਤਾ ਦੀ ਨਿਰਸੁਆਰਥ ਸੇਵਾ, ਕੁਰਬਾਨੀ, ਧੀਰਜ ਅਤੇ ਅਧਿਆਤਮਿਕ ਗਿਆਨ ਦਾ ਪ੍ਰਤੀਕ ਦੱਸਿਆ।

ਸ਼੍ਰੀ ਕਟਾਰੀਆ ਨੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਨੂੰ ਸੰਕਲਿਤ ਕਰਨ ਦਾ ਮਹਾਨ ਕਾਰਜ ਕੀਤਾ, ਜਿਸ ਵਿੱਚ ਪਹਿਲੇ ਪੰਜ ਸਿੱਖ ਗੁਰੂਆਂ ਦੀ ਬਾਣੀ ਦੇ ਨਾਲ-ਨਾਲ ਭਗਤਾਂ, ਸੰਤਾਂ ਅਤੇ ਭੱਟਾਂ ਦੀ ਬਾਣੀ ਨੂੰ ਵੀ ਉਸ ਵਿੱਚ ਸਥਾਨ ਦਿੱਤਾ, ਜਿਸ ਨਾਲ ਮਾਨਵਤਾ ਨੂੰ ਏਕਤਾ, ਸਮਾਨਤਾ ਅਤੇ ਅਧਿਆਤਮਿਕ ਗਿਆਨ ਦਾ ਯੂਨੀਵਰਸਲ ਸੰਦੇਸ਼ ਪ੍ਰਾਪਤ ਹੋਇਆ।

ਉਨ੍ਹਾਂ ਨੇ ਅੱਗੇ ਕਿਹਾ ਕਿ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸ਼ਾਮਲ ਕਰਕੇ ਇਸ ਪਵਿੱਤਰ ਗ੍ਰੰਥ ਨੂੰ ਪੂਰਨ ਸਰੂਪ ਪ੍ਰਦਾਨ ਕੀਤਾ, ਜੋ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਾਰੀ ਮਾਨਵਤਾ ਦਾ ਮਾਰਗਦਰਸ਼ਨ ਕਰ ਰਿਹਾ ਹੈ।

ਰਾਜਪਾਲ ਨੇ ਲੋਕਾਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਣਾਉਣ ਅਤੇ ਪਿਆਰ, ਦਇਆ, ਨਿਰਸੁਆਰਥ ਸੇਵਾ, ਸਮਾਜਿਕ ਸਦਭਾਵਨਾ ਅਤੇ ਮਨੁੱਖੀ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਲਈ ਕੰਮ ਕਰਨ ਦਾ ਸੱਦਾ ਦਿੱਤਾ।

# ਪੰਜਾਬ ਕੈਬਨਿਟ ਵੱਲੋਂ ਕਾਰੋਬਾਰ ਵਿੱਚ ਹਿੱਸੇਦਾਰੀ ਮੰਗਣ ਦੇ ਮਾਮਲੇ 'ਤੇ ਹਾਈ ਕੋਰਟ ਸਖ਼ਤ

**ਚੰਡੀਗੜ੍ਹ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਕਾਰੋਬਾਰੀ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲੀਸ (ਡੀਜੀਪੀ) ਨੂੰ ਸਥਿਤੀ ਰਿਪੋਰਟ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ। ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਇੱਕ ਮੌਜੂਦਾ ਵਿਧਾਇਕ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਵੱਲੋਂ ਕਾਰੋਬਾਰ ਵਿੱਚ ਕੋਈ ਨਿਵੇਸ਼ ਕੀਤੇ ਬਿਨਾਂ ਹਿੱਸੇਦਾਰੀ ਦੀ ਮੰਗ ਕੀਤੀ ਜਾ ਰਹੀ ਸੀ। ਅਦਾਲਤ ਨੇ ਡੀਜੀਪੀ ਨੂੰ ਆਪਣਾ ਜਵਾਬ ਨਿੱਜੀ ਹਲਫ਼ਨਾਮੇ ਰਾਹੀਂ ਪੇਸ਼ ਕਰਨ ਲਈ ਕਿਹਾ ਹੈ।

ਹਾਈ ਕੋਰਟ ਨੇ ਸਬੰਧਿਤ ਅਧਿਕਾਰੀਆਂ ਨੂੰ ਇਹ ਵੀ ਹੁਕਮ ਦਿੱਤਾ ਹੈ ਕਿ ਪਟੀਸ਼ਨਰ ਅਤੇ ਉਸ ਦੇ ਪਰਿਵਾਰ ਦੀ ਜਾਨ ਅਤੇ ਆਜ਼ਾਦੀ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਹੈ ਜਾਂ ਨਹੀਂ, ਇਸ ਦਾ ਮੁਲਾਂਕਣ ਕੀਤਾ ਜਾਵੇ। ਜੇਕਰ ਖ਼ਤਰੇ ਦੀ ਪੁਸ਼ਟੀ ਹੁੰਦੀ ਹੈ ਤਾਂ ਉਨ੍ਹਾਂ ਨੂੰ ਲੋੜੀਂਦੀ ਸੁਰੱਖਿਆ ਮੁਹੱਈਆ ਕਰਵਾਈ ਜਾਵੇ।

ਇਹ ਹੁਕਮ ਜਸਟਿਸ ਦੀਪਕ ਗੁਪਤਾ ਨੇ ਮਲਕੀਅਤ ਸਿੰਘ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਾਰੀ ਕੀਤੇ। ਪਟੀਸ਼ਨ ਵਿੱਚ ਮਲਕੀਅਤ ਸਿੰਘ ਨੇ ਆਪਣੇ ਅਤੇ ਆਪਣੇ ਪਰਿਵਾਰ ਦੀ ਜਾਨ-ਮਾਲ ਦੀ ਸੁਰੱਖਿਆ ਦੀ ਮੰਗ ਕੀਤੀ ਹੈ।

ਉਸ ਨੇ ਦੋਸ਼ ਲਗਾਇਆ ਕਿ ਇਕ ਮੰਤਰੀ ਸਮੇਤ ਹੋਰ ਜਵਾਬਦੇਹ ਉਸ ਨੂੰ ਕਾਰੋਬਾਰ ਵਿੱਚ ਹਿੱਸਾ ਨਾ ਦੇਣ ਕਾਰਨ ਨੁਕਸਾਨ ਪਹੁੰਚਾਉਣ ਅਤੇ ਖਤਮ ਕਰਨ 'ਤੇ ਤੁਲੇ ਹੋਏ ਹਨ।

# ਮੋਗਾ ਦੇ ਗੁਰਦੁਆਰਿਆਂ ਵਿੱਚ ਬੇਅਦਬੀ ਦੀਆਂ ਦੋ ਘਟਨਾਵਾਂ; ਇੱਕ ਗ੍ਰਿਫ਼ਤਾਰ

**ਮੋਗਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਗਾ ਜ਼ਿਲ੍ਹੇ ਦੇ ਗੁਰਦੁਆਰਿਆਂ ਵਿੱਚ ਥੋੜ੍ਹੇ ਜਿਹੇ ਸਮੇਂ ਦੇ ਅੰਦਰ ਹੀ ਬੇਅਦਬੀ ਦੀਆਂ ਦੋ ਵੱਖ-ਵੱਖ ਘਟਨਾਵਾਂ ਸਾਹਮਣੇ ਆਈਆਂ ਹਨ, ਜਿਸ ਵਿੱਚ ਪੁਲੀਸ ਨੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਦੋਵਾਂ ਮਾਮਲਿਆਂ ਵਿੱਚ ਕੇਸ ਦਰਜ ਕਰ ਲਿਆ ਹੈ। ਪਹਿਲੀ ਘਟਨਾ ਵਿੱਚ, ਮੋਗਾ ਦੇ ਇੱਕ ਸਥਾਨਕ ਗੁਰਦੁਆਰਾ ਸਾਹਿਬ ਦੇ ਅੰਦਰ ਇੱਕ ਸ਼ੱਕੀ ਵਸਤੂ ਮਿਲਣ ਤੋਂ ਬਾਅਦ ਸ਼ਰਧਾਲੂਆਂ ਅਤੇ ਨਿਵਾਸੀਆਂ ਵਿੱਚ ਦਹਿਸ਼ਤ ਫੈਲ ਗਈ। ਸ਼ੁਰੂਆਤੀ ਰਿਪੋਰਟਾਂ ਤੋਂ ਸੰਕੇਤ ਮਿਲਦਾ ਹੈ ਕਿ ਇੱਕ ਅਣਪਛਾਤੀ ਔਰਤ ਨੇ ਧਾਰਮਿਕ ਸਥਾਨ ਦੇ ਅੰਦਰ ਇਹ ਵਸਤੂ ਰੱਖੀ ਸੀ। ਸ਼ੱਕੀ ਦੀ ਪਛਾਣ ਕਰਨ ਅਤੇ ਉਸ ਦਾ ਪਤਾ ਲਗਾਉਣ ਲਈ ਸੀਸੀਟੀਵੀ (33"੭) ਫੁਟੇਜ ਅਤੇ ਸਥਾਨਕ ਬਿਆਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤ ਨੂੰ ਸ਼ਾਂਤ ਰਹਿਣ ਅਤੇ ਅਫ਼ਵਾਹਾਂ ਨਾ ਫੈਲਾਉਣ ਦੀ ਅਪੀਲ ਕੀਤੀ ਹੈ।

# ਸਰਹੱਦ ਪਾਰੋਂ ਹਥਿਆਰ ਤਸਕਰੀ ਵਾਲੇ ਮਾਡਿਊਲ ਨਾਲ ਸਬੰਧਤ ਅੱਠ ਵਿਅਕਤੀ 11 ਆਧੁਨਿਕ ਪਿਸਤੌਲਾਂ ਸਣੇ ਕਾਬੂ

**ਅੰਮ੍ਰਿਤਸਰ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਅੱਠ ਮੁਲਜ਼ਮਾਂ ਨੂੰ 11 ਆਧੁਨਿਕ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਹਥਿਆਰ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।



ਗ੍ਰਿਫ਼ਤਾਰ ਵਿਅਕਤੀਆਂ ਦੀ ਪਛਾਣ ਗੁਲਾਬਜੀਤ ਸਿੰਘ ਉਰਫ਼ ਪ੍ਰਿੰਸ (21) ਅਤੇ ਹਰਪ੍ਰੀਤ ਸਿੰਘ ਉਰਫ਼ ਪ੍ਰੀਤ (23) ਦੋਵੇਂ ਵਾਸੀ ਪਿੰਡ ਅਟਾਰੀ, ਅੰਮ੍ਰਿਤਸਰ; ਗੁਰਪ੍ਰੀਤ ਸਿੰਘ ਉਰਫ਼ ਗੋਪੀ (24)ਵਾਸੀ ਪਿੰਡ ਹਰਦੋਵਾਲ, ਕਲਾਨੌਰ, ਗੁਰਦਾਸਪੁਰ; ਕੁਲਜੀਤ ਸਿੰਘ (39) ਅਤੇ ਸ਼ਮਸ਼ੇਰ ਸਿੰਘ ਉਰਫ਼ ਸ਼ੇਰਾ (40), ਵਾਸੀ ਪਿੰਡ ਰਣੀਆਂ, ਅੰਮ੍ਰਿਤਸਰ; ਅਮਨ ਰਾਣਾ ਉਰਫ਼ ਚੀਨੀ (20) ਵਾਸੀ ਛੇਹਰਟਾ, ਅੰਮ੍ਰਿਤਸਰ; ਸ਼ਰਨਜੀਤ ਸਿੰਘ ਉਰਫ਼ ਸੰਨੀ (29) ਵਾਸੀ ਪਿੰਡ ਕਿਰਲਗੜ੍ਹ, ਅੰਮ੍ਰਿਤਸਰ; ਅਤੇ ਤਰਨਤਾਰਨ ਦੇ ਪਿੰਡ ਮਾਲੀਆ ਦੇ ਰਹਿਣ ਵਾਲੇ ਅਜੈ ਸਿੰਘ (23) ਵਜੋਂ ਹੋਈ ਹੈ।

ਬਰਾਮਦ ਹਥਿਆਰਾਂ ਵਿੱਚ ਚਾਰ .30 ਬੋਰ (ਚੀਨ ਦੇ ਬਣੇ), ਚਾਰ .30 ਬੋਰ ਪੀਐਕਸ5 ਸਟੌਰਮ, ਇੱਕ .30 ਬੋਰ ਜ਼ਿਗਾਨਾ, ਇੱਕ 9 ਐਮਐਮ ਗਲੌਕ (ਆਸਟ੍ਰੀਆ ਦਾ ਬਣਿਆ) ਅਤੇ ਇੱਕ 9 ਐਮਐਮ (ਆਸਟ੍ਰੀਆ ਦਾ ਬਣਿਆ) ਅਤੇ ਅੱਠ ਜ਼ਿੰਦਾ ਕਾਰਤੂਸ ਸ਼ਾਮਲ ਹਨ। ਇਸ ਤੋਂ ਇਲਾਵਾ ਪੁਲਿਸ ਟੀਮਾਂ ਨੇ ਮੁਲਜ਼ਮਾਂ ਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਉਕਤ ਮੁਲਜ਼ਮ ਕਥਿਤ ਤੌਰ 'ਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਵਿੱਚ ਸ਼ਾਮਲ ਵਿਦੇਸ਼ੀ ਕਾਰਕੁਨਾਂ ਦੇ ਸੰਪਰਕ ਵਿੱਚ ਸਨ। ਉਨ੍ਹਾਂ ਕਿਹਾ ਕਿ ਬਰਾਮਦ ਕੀਤੇ ਗਏ ਇਹ ਹਥਿਆਰ ਅੱਗੇ ਅਪਰਾਧਿਕ ਤੱਤਾਂ ਵਿੱਚ ਸਪਲਾਈ ਕੀਤੇ ਜਾਣੇ ਸਨ, ਜਿਨ੍ਹਾਂ ਦੀ ਵਰਤੋਂ ਜਬਰੀ ਵਸੂਲੀ, ਹਿੰਸਕ ਅਪਰਾਧਾਂ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਹੋਣੀ ਸੀ।

ਡੀਜੀਪੀ ਨੇ ਕਿਹਾ ਕਿ ਨੈੱਟਵਰਕ ਨਾਲ ਜੁੜੇ ਹੋਰ ਵਿਅਕਤੀਆਂ ਦੀ ਪਛਾਣ ਕਰਨ ਅਤੇ ਹਥਿਆਰਾਂ ਦਾ ਪਤਾ ਲਗਾਉਣ ਲਈ ਇਸ ਕੇਸ ਵਿੱਚ ਅਗਲੇ-ਪਿਛਲੇ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਕਾਰਵਾਈ ਸਬੰਧੀ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪ੍ਰਾਪਤ ਹੋਈ ਗੁਪਤ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਦੋਸ਼ੀ ਗੁਲਾਬਜੀਤ ਉਰਫ਼ ਪ੍ਰਿੰਸ ਅਤੇ ਹਰਪ੍ਰੀਤ ਉਰਫ਼ ਪ੍ਰੀਤ ਨੂੰ ਦੋ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰ ਲਿਆ।

ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਪੁਲਿਸ ਟੀਮਾਂ ਨੇ ਇੱਕ ਹੋਰ ਮੁਲਜ਼ਮ ਗੁਰਪ੍ਰੀਤ ਉਰਫ਼ ਗੋਪੀ ਨੂੰ ਚਾਰ ਪਿਸਤੌਲਾਂ ਸਣੇ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਵੱਲੋਂ ਕੀਤੇ ਖੁਲਾਸਿਆਂ ਦੇ ਆਧਾਰ 'ਤੇ ਪੁਲਿਸ ਟੀਮਾਂ ਨੇ ਅੱਗੇ ਉਸਦੇ ਦੋ ਸਾਥੀਆਂ ਕੁਲਜੀਤ ਸਿੰਘ ਅਤੇ ਸ਼ਮਸ਼ੇਰ ਉਰਫ਼ ਸ਼ੇਰਾ ਨੂੰ ਦੋ ਪਿਸਤੌਲਾਂ ਸਣੇ ਗ੍ਰਿਫ਼ਤਾਰ ਕਰ ਲਿਆ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਦੋਸ਼ੀ ਗੁਰਪ੍ਰੀਤ ਉਰਫ਼ ਗੋਪੀ ਨੇ ਖੁਲਾਸਾ ਕੀਤਾ ਕਿ ਉਹ ਸੋਸ਼ਲ ਮੀਡੀਆ ਐਪਲੀਕੇਸ਼ਨਾਂ ਰਾਹੀਂ ਵਿਦੇਸ਼ੀ ਗੈਂਗਸਟਰ ਦੇ ਸੰਪਰਕ ਵਿੱਚ ਸੀ, ਜੋ ਉਨ੍ਹਾਂ ਲਈ ਅਟਾਰੀ ਸੈਕਟਰ ਵਿੱਚ ਵੱਖ-ਵੱਖ ਥਾਵਾਂ 'ਤੇ ਡਰੋਨ ਰਾਹੀਂ ਭੇਜੀ ਜਾਂਦੀ ਹਥਿਆਰਾਂ ਦੀ ਖੇਪ ਦਾ ਪ੍ਰਬੰਧ ਕਰ ਰਿਹਾ ਸੀ।

# ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਭਾਜਪਾ ਆਗੂ; ਕੇਵਲ ਸਿੰਘ ਢਿੱਲੋਂ ਤੇ ਤਰੁਣ ਚੁੱਘ ਵੱਲੋਂ ਗੁਰੂ ਘਰ ਦਾ ਸ਼ੁਕਰਾਨਾ

## ਪਾਕਿਸਤਾਨ ਵਿੱਚ ਘੱਟ-ਗਿਣਤੀਆਂ ਦੀ ਸੁਰੱਖਿਆ ਲਈ ਪ੍ਰਧਾਨ ਮੰਤਰੀ ਨੂੰ ਲਿਖਣਗੇ ਪੱਤਰ: ਕੇਵਲ ਢਿੱਲੋਂ

**ਅੰਮ੍ਰਿਤਸਰ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਰਾਜ ਸਭਾ ਦੇ ਮੈਂਬਰ ਚੁਣੇ ਗਏ ਤਰੁਣ ਚੁੱਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਘਰ ਦਾ ਸ਼ੁਕਰਾਨਾ ਕੀਤਾ ਹੈ। ਪੰਜਾਬ ਭਾਜਪਾ ਦੇ ਨਵੇਂ ਬਣੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਆਖਿਆ ਕਿ ਉਹ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਵਾਂਗ ਹੀ ਭਾਜਪਾ ਦੀ ਸਰਕਾਰ ਸਥਾਪਿਤ ਕਰਨਗੇ, ਜਿਸ ਵਿੱਚ ਸਾਰਿਆਂ ਦੇ ਬਰਾਬਰ ਹੱਕ ਹੋਣਗੇ। ਉਨ੍ਹਾਂ ਆਖਿਆ ਕਿ ਭਾਜਪਾ ਪੰਜਾਬ ਵਿੱਚ ਆਪਣੇ ਦਮ 'ਤੇ 117 ਵਿਧਾਨ ਸਭਾ ਹਲਕਿਆਂ ਵਿੱਚ ਚੋਣ ਲੜੇਗੀ।



ਭਾਜਪਾ ਦੇ ਕੌਮੀ ਸਕੱਤਰ ਅਤੇ ਰਾਜ ਸਭਾ ਮੈਂਬਰ ਚੁਣੇ ਗਏ ਤਰੁਣ ਚੁੱਘ ਨੇ ਦੱਸਿਆ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਉਨ੍ਹਾਂ ਵੱਲੋਂ ਸਾਂਝੇ ਤੌਰ 'ਤੇ ਅੱਜ ਪ੍ਰਧਾਨ ਮੰਤਰੀ ਨੂੰ ਇੱਕ ਪੱਤਰ ਭੇਜਿਆ ਜਾਵੇਗਾ, ਜਿਸ ਰਾਹੀਂ ਉਨ੍ਹਾਂ ਨੂੰ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਦੀ ਸੁਰੱਖਿਆ ਲਈ ਯਤਨ ਕਰਨ ਵਾਸਤੇ ਅਪੀਲ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਖੈਬਰ ਪਖਤੂਨਖਵਾ ਦੇ ਇਲਾਕੇ ਦੇ ਇੱਕ ਗੁਰਦੁਆਰੇ ਵਿੱਚ ਪਤੀ-ਪਤਨੀ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ, ਜੋ ਕਿ ਨਿੰਦਣਯੋਗ ਕਾਰਵਾਈ ਹੈ। ਉਨ੍ਹਾਂ ਆਖਿਆ ਕਿ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰਾ ਸੁਰੱਖਿਅਤ ਨਹੀਂ ਹੈ। ਉਨ੍ਹਾਂ ਆਖਿਆ ਕਿ ਵੰਡ ਵੇਲੇ ਪਾਕਿਸਤਾਨ ਵਿੱਚ ਰਹਿ ਗਏ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਲੋਕਾਂ ਦੀ ਆਬਾਦੀ ਪਾਕਿਸਤਾਨ ਵਿੱਚ ਲਗਾਤਾਰ ਘਟਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਸ਼ਹੀਦੀ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਘਰ ਦਾ ਆਸ਼ੀਰਵਾਦ ਲਿਆ ਅਤੇ ਪ੍ਰਣ ਕੀਤਾ ਕਿ ਭਾਜਪਾ ਵੱਲੋਂ ਪੰਜਾਬ ਵਿੱਚ ਧਰਮ ਪਰਿਵਰਤਨ ਦੀ ਚੱਲ ਰਹੀ ਲਹਿਰ ਅਤੇ ਗੈਂਗਸਟਰਵਾਦ ਦੀ ਵੱਧ ਰਹੀ ਦਹਿਸ਼ਤਗਰਦੀ ਨੂੰ ਰੋਕਿਆ ਜਾਵੇਗਾ।

**ਮੁੱਖ ਮੰਤਰੀ ਭਗਵੰਤ ਮਾਨ ਦੇ ਵੀਡੀਓ ਵਿਵਾਦ 'ਤੇ ਪ੍ਰਤੀਕਿਰਿਆ**

ਵਿਵਾਦਤ ਵੀਡੀਓ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਗੁਰੂ ਦੋਖੀ ਅਤੇ ਪੰਥ ਵਿਰੋਧੀ ਕਰਾਰ ਦਿੱਤੇ ਜਾਣ ਦੇ ਮਾਮਲੇ ਵਿੱਚ ਭਾਜਪਾ ਆਗੂਆਂ ਨੇ ਆਖਿਆ ਕਿ ਉਹ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਪਿੱਛੇ ਖੜ੍ਹੇ ਹਨ। ਆਮ ਆਦਮੀ ਪਾਰਟੀ ਵੱਲੋਂ ਅੱਜ ਇਸ ਵਿਵਾਦਤ ਵੀਡੀਓ ਬਾਰੇ ਕੀਤੇ ਗਏ ਦਾਅਵੇ ਨੂੰ ਉਨ੍ਹਾਂ ਆਖਿਆ ਕਿ 'ਇੱਕ ਤਾਂ ਚੋਰੀ ਅਤੇ ਦੂਜਾ ਸੀਨਾਜ਼ੋਰੀ'। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਜਦੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਕੋਲ ਆਏ ਸਨ ਤਾਂ ਉਸ ਵੇਲੇ ਉਨ੍ਹਾਂ ਆਖਿਆ ਸੀ ਕਿ ਉਹ ਇਸ ਦੀ ਜਾਂਚ ਕਰਵਾ ਸਕਦੇ ਹਨ। ਹੁਣ ਜਦੋਂ ਸ੍ਰੀ ਅਕਾਲ ਤਖ਼ਤ ਵੱਲੋਂ ਦੇਸ਼ ਦੀਆਂ ਮਾਨਤਾ ਪ੍ਰਾਪਤ ਦੋ ਲੈਬਾਰਟਰੀਆਂ ਤੋਂ ਜਾਂਚ ਕਰਵਾਈ ਗਈ ਹੈ ਅਤੇ ਇਹ ਵੀਡੀਓ ਸਹੀ ਪਾਈ ਗਈ ਹੈ ਤਾਂ ਹੁਣ ਉਸ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਉਨ੍ਹਾਂ ਆਖਿਆ ਕਿ ਗਲਤੀ ਮੰਨਣ ਦੀ ਥਾਂ ਆਮ ਆਦਮੀ ਪਾਰਟੀ ਵੱਲੋਂ ਸੀਨਾਜ਼ੋਰੀ ਕੀਤੀ ਜਾ ਰਹੀ ਹੈ, ਜੋ ਕਿ ਨਿੰਦਣਯੋਗ ਹੈ। ਭਾਜਪਾ ਦੇ ਕੌਮੀ ਪ੍ਰਧਾਨ ਦੀ ਆਮਦ ਸਬੰਧੀ ਉਨ੍ਹਾਂ ਆਖਿਆ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆ ਰਹੇ ਹਨ।

**ਜਲ੍ਹਿਆਂਵਾਲਾ ਬਾਗ ਅਤੇ ਦੁਰਗਿਆਣਾ ਮੰਦਰ ਵਿਖੇ ਵੀ ਹੋਏ ਨਤਮਸਤਕ**

ਇਸ ਤੋਂ ਪਹਿਲਾਂ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਭਾਜਪਾ ਦੇ ਸਕੱਤਰ ਤਰੁਣ ਚੁੱਘ ਤੇ ਹੋਰ ਭਾਜਪਾ ਆਗੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਉਹ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਵੀ ਗਏ ਅਤੇ ਉਪਰੰਤ ਦੁਰਗਿਆਣਾ ਮੰਦਰ ਮੱਥਾ ਟੇਕਣ ਵਾਸਤੇ ਗਏ ਹਨ।

ਇਸ ਤੋਂ ਪਹਿਲਾਂ ਉਹ ਭੰਡਾਰੀ ਪੁਲ 'ਤੇ ਪੁੱਜੇ, ਜਿੱਥੇ ਭਾਜਪਾ ਆਗੂਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਮਗਰੋਂ ਉਹ ਇੱਕ ਕਾਫ਼ਲੇ ਦੇ ਰੂਪ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਵਾਸਤੇ ਗਏ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਪ੍ਰਧਾਨ ਸ਼ਵੇਤ ਮਲਿਕ, ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਤੇ ਵੱਡੀ ਗਿਣਤੀ ਵਿੱਚ ਹੋਰ ਭਾਜਪਾ ਆਗੂ ਤੇ ਵਰਕਰ ਸ਼ਾਮਲ ਸਨ।

# EPFO Interest ਬਾਰੇ ਵੱਡਾ ਫੈਸਲਾ: ਕਰਮਚਾਰੀਆਂ ਨੂੰ ਮਿਲੇਗਾ 8.25 ਫ਼ੀਸਦ ਵਿਆਜ

**ਨਵੀਂ ਦਿੱਲੀ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰ ਨੇ ਵਿੱਤੀ ਸਾਲ 2025-26 ਲਈ ਇੰਪਲਾਈ ਪ੍ਰੋਵੀਡੈਂਟ ਫੰਡ ਜਮ੍ਹਾਂ ਰਕਮਾਂ 'ਤੇ 8.25 ਫੀਸਦੀ ਵਿਆਜ ਦਰ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜੋ ਕਿ ਇੱਕ ਸਰੋਤ ਦੇ ਅਨੁਸਾਰ ਇਸੇ ਮਹੀਨੇ ਸੱਤ ਕਰੋੜ ਤੋਂ ਵੱਧ ਯੋਗਦਾਨ ਪਾਉਣ ਵਾਲੇ ਮੈਂਬਰਾਂ ਦੇ ਖਾਤਿਆਂ ਵਿੱਚ ਜਮ੍ਹਾਂ ਹੋਣ ਦੀ ਸੰਭਾਵਨਾ ਹੈ। ਈਪੀਐਫਓ ਵਿੱਤ ਮੰਤਰਾਲੇ ਰਾਹੀਂ ਸਰਕਾਰ ਵੱਲੋਂ ਮਨਜ਼ੂਰੀ ਮਿਲਣ ਤੋਂ ਬਾਅਦ ਹੀ EPF 'ਤੇ ਵਿਆਜ ਦਰ ਪ੍ਰਦਾਨ ਕਰਦਾ ਹੈ। ਸੂਤਰਾਂ ਮੁਤਾਬਿਕ ਵਿੱਤ ਮੰਤਰਾਲੇ ਨੇ ਕਰਮਚਾਰੀ ਭਵਿੱਖ ਨਿਧੀ ਸੰਗਠਨ ਦੀ ਸਰਵਉੱਚ ਫੈਸਲਾ ਲੈਣ ਵਾਲੀ ਸੰਸਥਾ, ਸੈਂਟਰਲ ਬੋਰਡ ਆਫ਼ ਟਰੱਸਟੀਜ਼ ਵੱਲੋਂ ਤੈਅ ਕੀਤੀ ਗਈ 8.25 ਫੀਸਦੀ ਵਿਆਜ ਦਰ ਨੂੰ ਆਪਣੀ ਸਹਿਮਤੀ ਦੇ ਦਿੱਤੀ ਹੈ।

ਇਸ ਤੋਂ ਪਹਿਲਾਂ 2 ਮਾਰਚ ਨੂੰ ਕੇਂਦਰੀ ਕਿਰਤ ਮੰਤਰੀ ਮਨਸੁਖ ਮਾਂਡਵੀਆ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਵਿੱਚ ਸੀਬੀਟੀ ਨੇ ਵਿੱਤੀ ਸਾਲ 2025-26 ਲਈ 8.25 ਫੀਸਦੀ ਵਿਆਜ ਦਰ ਤੈਅ ਕਰਨ ਦਾ ਫੈਸਲਾ ਕੀਤਾ ਸੀ, ਜੋ ਕਿ ਲਗਾਤਾਰ ਤੀਜਾ ਸਾਲ ਹੈ ਜਦੋਂ ਇਹ ਦਰ ਬਰਕਰਾਰ ਰੱਖੀ ਗਈ ਹੈ। ਇਸ ਤੋਂ ਬਾਅਦ ਇਹ ਪ੍ਰਸਤਾਵ ਵਿੱਤ ਮੰਤਰਾਲੇ ਨੂੰ ਸਹਿਮਤੀ ਲਈ ਭੇਜਿਆ ਗਿਆ ਸੀ ਕਿਉਂਕਿ ਭਾਰਤ ਸਰਕਾਰ EPF ਦੀ ਗਾਰੰਟਰ ਹੈ। ਸੂਤਰ ਨੇ ਦੱਸਿਆ ਕਿ ਵਿੱਤ ਮੰਤਰਾਲੇ ਨੇ ਇਸ ਦੀ ਜਾਂਚ ਕਰਨ ਤੋਂ ਬਾਅਦ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਕਿਰਤ ਮੰਤਰਾਲੇ ਦੇ ਨਿਰਦੇਸ਼ਾਂ 'ਤੇ EPFO ਵੱਲੋਂ ਵਿੱਤੀ ਸਾਲ 2025-26 ਲਈ 8.25 ਪ੍ਰਤੀਸ਼ਤ ਵਿਆਜ ਦਰ ਇਸੇ ਮਹੀਨੇ ਹੀ ਖਾਤਾਧਾਰਕਾਂ ਦੇ ਖਾਤਿਆਂ ਵਿੱਚ ਜਮ੍ਹਾਂ ਕੀਤੇ ਜਾਣ ਦੀ ਸੰਭਾਵਨਾ ਹੈ।

ਸੂਤਰ ਨੇ ਇਹ ਵੀ ਦੱਸਿਆ ਕਿ EPFO ਵੱਲੋਂ ਵਿਕਸਤ ਕੀਤੇ ਗਏ ਨਵੇਂ ਸਿਸਟਮ ਦੇ ਤਹਿਤ, EPF 'ਤੇ ਵਿਆਜ ਤੁਰੰਤ ਖਾਤਾਧਾਰਕਾਂ ਦੇ ਖਾਤਿਆਂ ਵਿੱਚ ਜਮ੍ਹਾਂ ਕਰ ਦਿੱਤਾ ਜਾਵੇਗਾ। ਪਿਛਲੇ ਸਾਲ ਫਰਵਰੀ ਵਿੱਚ, EPFO ਨੇ ਵਿੱਤੀ ਸਾਲ 2024-25 ਲਈ 8.25 ਫੀਸਦੀ ਵਿਆਜ ਦਰ ਨੂੰ ਬਰਕਰਾਰ ਰੱਖਿਆ ਸੀ। EPFO ਨੇ ਸਾਲ 2024 ਵਿੱਚ, ਵਿੱਤੀ ਸਾਲ 2023-24 ਲਈ ਵਿਆਜ ਦਰ ਨੂੰ 2022-23 ਦੀ 8.15 ਫੀਸਦੀ ਤੋਂ ਮਾਮੂਲੀ ਵਧਾ ਕੇ 8.25 ਫੀਸਦੀ ਕਰ ਦਿੱਤਾ ਸੀ।

# ਹਥਿਆਰ ਲਾਇਸੰਸ, ਪੁਲਿਸ ਵੈਰੀਫਿਕੇਸ਼ਨ, ਐਨ.ਓ.ਸੀ., ਐਫ.ਆਈ.ਆਰ. ਦੀ ਕਾਪੀਆਂ ਸਮੇਤ ਕਈ ਸੇਵਾਵਾਂ ਦੀ ਸਮੇਂ-ਸੀਮਾ ਤੈਅ

**ਚੰਡੀਗੜ੍ਹ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਨਾਗਰਿਕਾਂ ਨੂੰ ਵੱਧ ਪਾਰਦਰਸ਼ੀ, ਜਵਾਬਦੇਹ ਅਤੇ ਸਮਾਂਬੱਧ ਸੇਵਾਵਾਂ ਉਪਲਬਧ ਕਰਵਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਚੁੱਕਦਿਆਂ ਗ੍ਰਹਿ ਵਿਭਾਗ ਦੀਆਂ 33 ਸੇਵਾਵਾਂ ਨੂੰ ਹਰਿਆਣਾ ਸੇਵਾ ਦਾ ਅਧਿਕਾਰ ਐਕਟ, 2014 ਦੇ ਤਹਿਤ ਨੋਟੀਫਾਈ ਕੀਤਾ ਹੈ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਇਨ੍ਹਾਂ ਸੇਵਾਵਾਂ ਲਈ ਸਮਾਂ-ਸੀਮਾ ਨਿਰਧਾਰਤ ਕੀਤੀ ਗਈ ਹੈ। ਇਸ ਨਾਲ ਨਾਗਰਿਕਾਂ ਨੂੰ ਵੱਖ-ਵੱਖ ਪ੍ਰਵਾਨਗੀਆਂ, ਵੈਰੀਫਿਕੇਸ਼ਨ ਅਤੇ ਲਾਇਸੰਸ ਨਾਲ ਸਬੰਧਤ ਸੇਵਾਵਾਂ ਨਿਰਧਾਰਤ ਸਮੇਂ 'ਤੇ ਮਿਲ ਸਕਣਗੀਆਂ।

ਨੋਟੀਫਿਕੇਸ਼ਨ ਅਨੁਸਾਰ, ਜੇਕਰ ਹਥਿਆਰ ਲਾਇਸੰਸ ਉਸੇ ਜ਼ਿਲ੍ਹੇ ਵਿੱਚ ਨਵੀਨੀਕਰਣ ਲਈ ਪੇਸ਼ ਕੀਤਾ ਜਾਂਦਾ ਹੈ ਅਤੇ ਲਾਇਸੰਸ ਦੀ ਮਿਆਦ ਖ਼ਤਮ ਨਹੀਂ ਹੋਈ ਹੈ, ਤਾਂ ਉਸ ਦਾ ਨਵੀਨੀਕਰਨ 15 ਦਿਨਾਂ ਦੇ ਅੰਦਰ ਕੀਤਾ ਜਾਵੇਗਾ। ਉੱਥੇ ਹੀ ਛੇ ਸਾਲਾਂ ਦੇ ਚੱਕਰ ਤੋਂ ਬਾਅਦ, ਜਿੱਥੇ ਪੁਲਿਸ ਵੈਰੀਫਿਕੇਸ਼ਨ ਦੀ ਲੋੜ ਹੋਵੇਗੀ, ਹਥਿਆਰ ਲਾਇਸੰਸ ਦੇ ਨਵੀਨੀਕਰਨ ਲਈ ਪੁਲਿਸ ਵੈਰੀਫਿਕੇਸ਼ਨ ਦੀ ਪ੍ਰਕਿਰਿਆ 22 ਦਿਨਾਂ ਵਿੱਚ ਪੂਰੀ ਕੀਤੀ ਜਾਵੇਗੀ।

ਹਥਿਆਰ ਲਾਇਸੰਸ ਵਿੱਚ ਹਥਿਆਰ ਜੋੜਨ ਜਾਂ ਹਟਾਉਣ, ਹਥਿਆਰ ਖਰੀਦਣ ਦੀ ਮਿਆਦ ਵਧਾਉਣ ਅਤੇ ਵਿਰੋਧ ਪ੍ਰਦਰਸ਼ਨ/ਹੜਤਾਲ, ਜਲੂਸ ਅਤੇ ਪ੍ਰੋਗਰਾਮ/ਸੱਭਿਆਚਾਰਕ ਪੇਸ਼ਕਾਰੀ ਦੇ ਆਯੋਜਨ ਦੀ ਪ੍ਰਵਾਨਗੀ ਨਾਲ ਸਬੰਧਤ ਸੇਵਾਵਾਂ 7 ਦਿਨਾਂ ਦੇ ਅੰਦਰ ਪ੍ਰਦਾਨ ਕੀਤੀਆਂ ਜਾਣਗੀਆਂ।

ਵਿਦੇਸ਼ੀਆਂ ਦੀ ਰਜਿਸਟ੍ਰੇਸ਼ਨ (ਆਗਮਨ ਅਤੇ ਪ੍ਰਸਥਾਨ) ਦੀ ਸੇਵਾ ਤੁਰੰਤ ਉਪਲਬਧ ਕਰਵਾਈ ਜਾਵੇਗੀ। ਇਸੇ ਤਰ੍ਹਾਂ ਐਫ.ਆਈ.ਆਰ. ਜਾਂ ਡੀ.ਡੀ.ਰ. ਦੀ ਕਾਪੀ ਵੀ ਤੁਰੰਤ ਜਾਂ ਆਨਲਾਈਨ ਉਪਲਬਧ ਕਰਵਾਈ ਜਾਵੇਗੀ।

ਵਿਦੇਸ਼ੀਆਂ ਦੇ ਰਿਹਾਇਸ਼ੀ ਪਰਮਿਟ ਦੇ ਵਿਸਤਾਰ, ਲਾਊਡਸਪੀਕਰ ਦੀ ਵਰਤੋਂ ਦੀ ਪ੍ਰਵਾਨਗੀ, ਮੇਲੇ, ਪ੍ਰਦਰਸ਼ਨੀ, ਖੇਡ ਸਮਾਗਮਾਂ ਆਦਿ ਲਈ ਨੋ ਆਬਜੈਕਸ਼ਨ ਸਰਟੀਫਿਕੇਟ, ਅਣਜਾਣ ਵਿਅਕਤੀ ਦੀ ਵੈਰੀਫਿਕੇਸ਼ਨ ਅਤੇ ਪੁਰਾਣੇ ਵਾਹਨਾਂ ਲਈ ਐਨ.ਓ.ਸੀ. ਜਾਰੀ ਕਰਨ ਦੀਆਂ ਸੇਵਾਵਾਂ 5 ਦਿਨਾਂ ਦੀ ਸਮਾਂ-ਸੀਮਾ ਵਿੱਚ ਉਪਲਬਧ ਕਰਵਾਈਆਂ ਜਾਣਗੀਆਂ।

ਘਰੇਲੂ ਸਹਾਇਕ ਵੈਰੀਫਿਕੇਸ਼ਨ, ਕਿਰਾਏਦਾਰ ਵੈਰੀਫਿਕੇਸ਼ਨ, ਚਰਿੱਤਰ ਸਰਟੀਫਿਕੇਟ, ਪੁਲਿਸ ਕਲੀਅਰੈਂਸ ਸਰਟੀਫਿਕੇਟ, ਕਰਮਚਾਰੀ ਵੈਰੀਫਿਕੇਸ਼ਨ ਅਤੇ ਰਜਿਸਟਰਡ ਗੁੰਮ ਹੋਈ ਜਾਇਦਾਦ ਦੇ ਨਿਪਟਾਰੇ ਨਾਲ ਸਬੰਧਤ ਸੇਵਾਵਾਂ 21 ਦਿਨਾਂ ਦੇ ਅੰਦਰ ਪ੍ਰਦਾਨ ਕੀਤੀਆਂ ਜਾਣਗੀਆਂ। ਪੈਟਰੋਲ ਪੰਪ, ਸਿਨੇਮਾ ਹਾਲ ਆਦਿ ਦੀ ਸਥਾਪਨਾ ਲਈ ਐਨ.ਓ.ਸੀ. 15 ਦਿਨਾਂ ਦੇ ਅੰਦਰ ਜਾਰੀ ਕੀਤੀ ਜਾਵੇਗੀ। ਉੱਥੇ ਹੀ ਸਿਨੇਮਾ ਲਾਇਸੰਸ ਜਾਰੀ ਕਰਨ ਦੀ ਪ੍ਰਕਿਰਿਆ 30 ਦਿਨਾਂ ਵਿੱਚ ਅਤੇ ਉਸ ਦੇ ਨਵੀਨੀਕਰਨ ਦੀ ਪ੍ਰਕਿਰਿਆ 25 ਦਿਨਾਂ ਵਿੱਚ ਪੂਰੀ ਕੀਤੀ ਜਾਵੇਗੀ।

## ਸੰਪਾਦਕੀ

# ਗੁਮਰਾਹਕੁੰਨ ਵਪਾਰਕ ਨਾਮ ਅਤੇ ਸਿਹਤ ਸੰਬੰਧੀ ਝੂਠੇ ਦਾਅਵੇ

ਭਾਰਤੀ ਖ਼ੁਰਾਕ ਸੁਰੱਖਿਆ ਅਤੇ ਮਿਆਰ ਅਥਾਰਿਟੀ ਵੱਲੋਂ ਕਈ ਫੂਡ ਕੰਪਨੀਆਂ ਨੂੰ ਗੁਮਰਾਹਕੁੰਨ ਵਪਾਰਕ ਨਾਵਾਂ ਅਤੇ ਸਿਹਤ ਸੰਬੰਧੀ ਝੂਠੇ ਦਾਅਵਿਆਂ ਨੂੰ ਲੈ ਕੇ ਨੋਟਿਸ ਜਾਰੀ ਕਰਨਾ ਇੱਕ ਸ਼ਲਾਘਾਯੋਗ ਕਦਮ ਹੈ। ਇਹ ਫ਼ੈਸਲਾ ਇੱਕ ਕੌੜੀ ਸਚਾਈ ਬਿਆਨ ਕਰਦਾ ਹੈ ਕਿ ਅੱਜ ਦੇ ਭੀੜ-ਭੜੱਕੇ ਵਾਲੇ ਬਾਜ਼ਾਰ ਵਿੱਚ ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਅਸਲ ਪੌਸ਼ਕ ਤੱਤਾਂ ਨਾਲੋਂ ਉਨ੍ਹਾਂ ਦੇ ਚਮਕਦਾਰ ਤੇ ਆਕਰਸ਼ਕ ਲੇਬਲ ਗਾਹਕਾਂ ਦੇ ਫ਼ੈਸਲਿਆਂ ’ਤੇ ਜ਼ਿਆਦਾ ਅਸਰ ਪਾਉਂਦੇ ਹਨ। ਪਰ ਰੈਗੂਲੇਟਰੀ ਸੰਸਥਾਵਾਂ ਦੀ ਇਹ ਚੌਕਸੀ ਸਿਰਫ਼ ਅਜਿਹੇ ਨੋਟਿਸਾਂ ਤੱਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ, ਜੋ ਕੁਝ ਦਿਨ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣ ਕੇ ਲੋਕਾਂ ਦੇ ਚੇਤਿਆਂ ਵਿੱਚੋਂ ਵਿਸਰ ਜਾਂਦੇ ਹਨ। ਖਪਤਕਾਰਾਂ ਦੀ ਸੁਰੱਖਿਆ ਨੂੰ ਇੱਕ ਅਜਿਹੀ ਨਿਰੰਤਰ ਕੌਮੀ ਮੁਹਿੰਮ ਦਾ ਰੂਪ ਦੇਣਾ ਪਵੇਗਾ ਜਿਸ ਦਾ ਮੁੱਖ ਧੁਰਾ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕ-ਜਾਗਰੂਕਤਾ ਹੋਵੇ। ਕਰੋੜਾਂ ਭਾਰਤੀਆਂ ਲਈ ਖਾਣ-ਪੀਣ ਵਾਲੀਆਂ ਚੀਜ਼ਾਂ ’ਤੇ ਲਿਖੀ ਜਾਣਕਾਰੀ ਸਿਰਫ਼ ਇੱਕ ਲਿਖਤ ਨਹੀਂ, ਬਲਕਿ ਉਨ੍ਹਾਂ ਦੀ ਸਿਹਤ ਦਾ ਸਵਾਲ ਹੈ। ਉਦਾਹਰਨ ਲਈ ਸਿਲੀਏਕ (ਕਣਕ ਤੋਂ ਐਲਰਜੀ) ਦੀ ਬਿਮਾਰੀ ਨਾਲ ਜੂਝ ਰਹੇ ਲੋਕਾਂ ਲਈ ਇਹ ਬੇਹੱਦ ਜ਼ਰੂਰੀ ਹੁੰਦਾ ਹੈ ਕਿ ਲੇਬਲ ’ਤੇ ਹਰ ਚੀਜ਼ ਸਾਫ਼-ਸਾਫ਼ ਲਿਖੀ ਹੋਵੇ ਤਾਂ ਜੋ ਉਹ ਗਲੂਟਨ ਦੇ ਮਾੜੇ ਅਸਰ ਤੋਂ ਬਚ ਸਕਣ। ਜੇਕਰ ਅਜਿਹੇ ਮਰੀਜ਼ਾਂ ਦੇ ਢਿੱਡ ਵਿੱਚ ਗਲੂਟਨ ਚਲਿਆ ਜਾਵੇ ਤਾਂ ਉਨ੍ਹਾਂ ਦੀਆਂ ਆਂਦਰਾਂ ਨੂੰ ਗੰਭੀਰ ਨੁਕਸਾਨ ਪਹੁੰਚ ਸਕਦਾ ਹੈ ਅਤੇ ਲੰਬੇ ਸਮੇਂ ਲਈ ਕਈ ਹੋਰ ਬਿਮਾਰੀਆਂ ਲੱਗ ਸਕਦੀਆਂ ਹਨ। ਅਜਿਹੇ ਵਿੱਚ ਲੇਬਲ ’ਤੇ ਲਿਖੀਆਂ ਗੋਲ-ਮੋਲ ਗੱਲਾਂ, ਅਧੂਰੀ ਜਾਣਕਾਰੀ ਜਾਂ ਬਿਨਾਂ ਸੋਚੇ-ਸਮਝੇ ਵਰਤੇ ਗਏ ਸ਼ਬਦ ਜਿਵੇਂ ਸਿਹਤਮੰਦ, ਕੁਦਰਤੀ ਅਤੇ ‘ਜ਼ੀਰੋ’ ਗਾਹਕਾਂ ਨੂੰ ਗੁਮਰਾਹ ਕਰਦੇ ਹਨ ਅਤੇ ਉਨ੍ਹਾਂ ਕੋਲੋਂ ਸਹੀ ਫ਼ੈਸਲਾ ਲੈਣ ਦਾ ਹੱਕ ਖੋਹ ਲੈਂਦੇ ਹਨ। ਐਲਰਜੀ, ਸ਼ੂਗਰ ਅਤੇ ਖ਼ਾਸ ਪਰਹੇਜ਼ ਰੱਖਣ ਵਾਲੇ ਹੋਰ ਮਰੀਜ਼ਾਂ ਨੂੰ ਵੀ ਹਰ ਰੋਜ਼ ਅਜਿਹੀਆਂ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਵਿੱਚ ਪੈਕੇਟਾਂ ਵਾਲੇ ਖਾਣ-ਪੀਣ ਦੇ ਸਾਮਾਨ ਦਾ ਵਧ ਰਿਹਾ ਬਾਜ਼ਾਰ ਇੱਕ ਮਜ਼ਬੂਤ ਕਾਨੂੰਨੀ ਢਾਂਚੇ ਦੀ ਮੰਗ ਕਰਦਾ ਹੈ। ਪੈਕੇਟ ਦੇ ਸਾਹਮਣੇ ਲਿਖੀ ਜਾਣਕਾਰੀ ਸੌਖੀ ਹੋਣੀ ਚਾਹੀਦੀ ਹੈ ਅਤੇ ਬਿਨਾਂ ਠੋਸ ਆਧਾਰ ਦੇ ਸਿਹਤ ਸੰਬੰਧੀ ਦਾਅਵੇ ਕਰਨ ਵਾਲੀਆਂ ਕੰਪਨੀਆਂ ਦੀ ਜਵਾਬਦੇਹੀ ਤੈਅ ਹੋਣੀ ਲਾਜ਼ਮੀ ਹੈ। ਇਸ ਲਈ ਸਮੇਂ-ਸਮੇਂ ’ਤੇ ਜਾਂਚ, ਅਚਨਚੇਤ ਚੈਕਿੰਗ ਅਤੇ ਵਾਰ-ਵਾਰ ਗ਼ਲਤੀ ਦੁਹਰਾਉਣ ਵਾਲਿਆਂ ਨੂੰ ਮੋਟੇ ਜੁਰਮਾਨੇ ਕਰਨਾ ਬੇਹੱਦ ਜ਼ਰੂਰੀ ਹੈ। ਲੋਕ-ਜਾਗਰੂਕਤਾ ਮੁਹਿੰਮਾਂ ਸਿਹਤ ਨੀਤੀ ਦਾ ਪੱਕਾ ਹਿੱਸਾ ਬਣਨੀਆਂ ਚਾਹੀਦੀਆਂ ਹਨ। ਸਕੂਲਾਂ, ਸਿਹਤ ਸੰਸਥਾਵਾਂ ਅਤੇ ਮੀਡੀਆ ਨੂੰ ਲੋਕਾਂ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਲੇਬਲ ਕਿਵੇਂ ਪੜ੍ਹਨਾ ਹੈ ਅਤੇ ਝੂਠੇ ਦਾਅਵਿਆਂ ਨੂੰ ਕਿਵੇਂ ਪਛਾਣਨਾ ਹੈ। ਇੱਕ ਜਾਗਰੂਕ ਗਾਹਕ ਹੀ ਗੁਮਰਾਹਕੁੰਨ ਇਸ਼ਤਿਹਾਰਬਾਜ਼ੀ ਖ਼ਿਲਾਫ਼ ਸਭ ਤੋਂ ਮਜ਼ਬੂਤ ਢਾਲ ਹੁੰਦਾ ਹੈ। ਦੂਜੇ ਪਾਸੇ ਫੂਡ ਕੰਪਨੀਆਂ ਦੀ ਜ਼ਿੰਮੇਵਾਰੀ ਸਿਰਫ਼ ਕਾਨੂੰਨੀ ਖਾਨਾਪੂਰਤੀ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਮਕਸਦ ਅਜਿਹਾ ਮਾਹੌਲ ਸਿਰਜਣਾ ਹੋਣਾ ਚਾਹੀਦਾ ਹੈ ਜਿੱਥੇ ਲੇਬਲ ’ਤੇ ਸੱਚ ਲਿਖਣਾ ਇੱਕ ਅਟੱਲ ਨਿਯਮ ਬਣ ਜਾਵੇ। ਲੋਕਾਂ ਦੀ ਸੁਰੱਖਿਆ ਨੂੰ ਸਿਰਫ਼ ਕਦੇ-ਕਦਾਈਂ ਕੀਤੀ ਜਾਣ ਵਾਲੀ ਕਾਰਵਾਈ ਦੇ ਭਰੋਸੇ ਨਹੀਂ ਛੱਡਿਆ ਜਾ ਸਕਦਾ।

# ਕੌਮਾਂਤਰੀ ਯੋਗ ਦਿਵਸ ਮੌਕੇ ਕਰਵਾਏ ਜਾਣ ਵਾਲੇ ਸਮਾਗਮ ਦੀਆਂ ਤਿਆਰੀਆਂ

**ਪਟਿਆਲਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਵਿੱਚ ਪਟਿਆਲਾ ਸ਼ਹਿਰ ਦੇ ਵੱਖ-ਵੱਖ ਪਾਰਕਾਂ ਵਿੱਚ ਸੀ.ਐਮ.ਦੀ ਯੋਗਸ਼ਾਲਾ ਤਹਿਤ ਯੋਗ ਕਰਵਾਏ ਜਾ ਰਹੇ ਹਨ , ਇਸੇ ਲੜੀ ਤਹਿਤ 21 ਜੂਨ ਨੂੰ ਕੌਮਾਂਤਰੀ ਯੋਗ ਦਿਵਸ ਮੌਕੇ ਕਰਵਾਏ ਜਾਣ ਵਾਲੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਸਬੰਧੀ ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਦੀ ਪ੍ਰਧਾਨਗੀ ਹੇਠ ਇਕ ਬੈਠਕ ਕੀਤੀ ਗਈ। ਉਹਨਾਂ ਆਮ ਲੋਕਾਂ ਨੂੰ ਜ਼ਿਲ੍ਹਾ ਪੱਧਰੀ ਸਮਾਰੋਹ ਵਿੱਚ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਦੱਸਿਆ ਕਿ 21 ਜੂਨ ਨੂੰ ਥਾਪਰ ਯੂਨੀਵਰਸਿਟੀ ਵਿਖੇ ਸਵੇਰੇ 6 ਵਜੇ ਅੰਤਰ ਰਾਸ਼ਟਰੀ ਯੋਗ ਦਿਵਸ ਮਨਾ ਕੇ ਲੋਕਾਂ ਨੂੰ ਸਿਹਤਮੰਦ ਜੀਵਨ ਜੀਊਣ ਦਾ ਸੰਦੇਸ਼ ਦਿੱਤਾ ਜਾਵੇਗਾ।

ਮੀਟਿੰਗ ਦੌਰਾਨ ਅਨੁਪ੍ਰਿਤਾ ਜੌਹਲ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਿਹਤਮੰਦ ਜੀਵਨ ਅਤੇ ਮਨ ਦੀ ਸ਼ਾਂਤੀ ਸਭ ਤੋਂ ਵੱਡੀ ਜ਼ਰੂਰਤ ਬਣ ਚੁੱਕੀ ਹੈ। ਸਾਡੀ ਆਸ ਹੈ ਕਿ ਇਸ ਦਿਵਸ ਨਾਲ ਲੋਕ ਯੋਗਾ ਦੀ ਮਹੱਤਤਾ ਨੂੰ ਸਮਝ ਕੇ ਆਪਣੇ ਜੀਵਨ ਵਿੱਚ ਸਿਹਤਮੰਦ ਬਦਲਾਅ ਲਿਆਉਣਗੇ। ਉਹਨਾਂ ਕਿਹਾ ਕਿ ਯੋਗ ਸਿਰਫ ਸਰੀਰਕ ਵਰਕਆਊਟ ਨਹੀ ਬਲਕਿ ਮਨ ਅਤੇ ਆਤਮਾ ਦੀ ਸ਼ਾਂਤੀ ਲਈ ਵੀ ਜਰੂਰੀ ਹੈ। ਉਹਨਾਂ ਸਾਰੇ ਨਾਗਰਿਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਇਸ ਯੋਗਸ਼ਾਲਾ ਦਾ ਲਾਭ ਉਠਾਉਣ ਅਤੇ ਆਪਣੀ ਸਿਹਤ ਲਈ ਯੋਗਾ ਅਭਿਆਸ ਨੂੰ ਅਪਨਾਉਣ।

ਅਨੁਪ੍ਰਿਤਾ ਜੌਹਲ ਨੇ ਯੋਗ ਦਿਵਸ ਦੀਆਂ ਤਿਆਰੀਆਂ ਸਬੰਧੀ ਚਰਚਾ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਜਿੰਮੇਵਾਰੀਆਂ ਸੌਂਪੀਆਂ। ਉਹਨਾਂ ਪਟਿਆਲਾ ਵਾਸੀਆਂ ਨੂੰ ਯੋਗ ਦਿਵਸ ’ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਿਹਤਮੰਦ ਜੀਵਨ ਅਤੇ ਮਨ ਦੀ ਸ਼ਾਂਤੀ ਸਭ ਤੋਂ ਵੱਡੀ ਜ਼ਰੂਰਤ ਬਣ ਗਈ ਹੈ।

ਉਹਨਾਂ ਕਿਹਾ ਕਿ ਯੋਗਾ ਦਾ ਮੂਲ ਮੰਤਵ ਸਰੀਰਕ ਤਾਕਤ, ਲਚਕੀਲਾਪਨ ਅਤੇ ਮਨ ਨੂੰ ਸ਼ਾਂਤ ਕਰਨ ਦੇ ਨਾਲ ਨਾਲ ਅੰਦਰੂਨੀ ਸ਼ਕਤੀ ਨੂੰ ਵਧਾਉਣਾ ਹੈ। ਉਹਨਾਂ ਕਿਹਾ ਕਿ ਅੱਜ ਦੀ ਤੇਜ਼ ਰਫ਼ਤਾਰ ਅਤੇ ਦਬਾਅ ਭਰੀ ਜ਼ਿੰਦਗੀ ਵਿੱਚ ਤਣਾਅ, ਚਿੰਤਾ ਅਤੇ ਸਰੀਰਿਕ ਰੋਗ ਆਮ ਗੱਲ ਬਣ ਗਏ ਹਨ। ਅਜਿਹੇ ਸਮੇਂ ਵਿੱਚ ਸਾਡੇ ਲਈ ਇਹ ਬਹੁਤ ਜਰੂਰੀ ਹੋ ਜਾਂਦਾ ਹੈ ਕਿ ਅਸੀਂ ਆਪਣੇ ਦਿਮਾਗ ਅਤੇ ਸਰੀਰਕ ਸਿਹਤ ਦੀ ਸੰਭਾਲ ਲਈ ਕਿਸੇ ਕੁਦਰਤੀ ਅਤੇ ਪ੍ਰਭਾਵਸ਼ਾਲੀ ਢੰਗ ਨੂੰ ਅਪਣਾਈਏ। ਯੋਗਾ ਇਹਨਾਂ ਸਾਰੀਆਂ ਸਮੱਸਿਆਵਾਂ ਦਾ ਇਕ ਪ੍ਰਭਾਵਸ਼ਾਲੀ ਹੱਲ ਹੈ। ਇਸ ਲਈ ਸਾਨੂੰ ਦਵਾਈਆਂ ਤੇ ਨਿਰਭਰ ਹੋਣ ਦੀ ਬਜਾਏ ਯੋਗਾ ਨੂੰ ਆਪਣੀ ਰੋਜ਼ਾਨਾ ਜਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

ਇਸ ਮੌਕੇ ਰੈਡ ਕਰਾਸ ਸੋਸਾਇਟੀ ਦੇ ਸਕੱਤਰ ਡਾ: ਪੀ.ਐਸ.ਸਿੱਧੂ ,ਆਯੂਰਵੈਦਿਕ ਕਾਲਜ ਤੋਂ ਡਾ: ਰਜਨੀਸ਼, ਡਾ: ਯੋਗੇਸ਼ ਭਾਟੀਆ,ਡਾ: ਮਨੀਸ਼ਾ ਸਿੰਗਲਾ, ਡਾ: ਅਨੂ ਸ਼ਾਰਦਾ, ਜ਼ਿਲ੍ਹਾ ਖੇਡ ਅਫ਼ਸਰ , ਹੋਰਟੀਕਲਚਰ ਅਫ਼ਸਰ ਹਰਿੰਦਰਪਾਲ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਗੁਰਦੁਆਰਾ ਬਾਬਾ ਨਾਮਦੇਵ ਸਾਹਿਬ ਵਿਖੇ ਸੰਗਰਾਂਦ ਦੇ ਦਿਹਾੜੇ ’ਤੇ ਪ੍ਰਮੁੱਖ ਸ਼ਖਸੀਅਤਾਂ ਦਾ ਕੀਤਾ ਸਨਮਾਨ

**ਸੁਨਾਮ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਬਾਬਾ ਨਾਮਦੇਵ ਸਾਹਿਬ ਵਿਖੇ ਸੰਗਰਾਂਦ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ।

ਇਸ ਸ਼ੁਭ ਅਵਸਰ ’ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕਰਨ ਲਈ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ।



ਕਮੇਟੀ ਦੇ ਪ੍ਰਧਾਨ ਸਰਦਾਰ ਦਰਸ਼ਨ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਦੇ ਵਿਕਾਸ ਅਤੇ ਸਮਾਜਿਕ ਕਾਰਜਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਹਸਤੀਆਂ— ਐਮ.ਸੀ. ਚਰਨਜੀਤ ਕੌਰ, ਸਾਹਿਬ ਸਿੰਘ, ਐਮ.ਸੀ. ਰੁਪਿੰਦਰ ਸਿੰਘ (ਰਿੰਪੀ), ਐਮ.ਸੀ. ਕੰਚਨ ਵਰਮਾ, ਸੋਨੂੰ ਵਰਮਾ ਅਤੇ ਵਿਕਰਮਜੀਤ ਸਿੰਘ (ਵਿੱਕੀ) ਨੂੰ ਗੁਰੂ ਘਰ ਦੀ ਬਖਸ਼ਿਸ਼ ’ਸਿਰਪਾਓ’ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਕਮੇਟੀ ਦੇ ਅਹੁਦੇਦਾਰਾਂ ਅਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

ਸਮਾਗਮ ਦੌਰਾਨ ਗੁਰਦੁਆਰਾ ਕਮੇਟੀ ਦੇ ਵਾਈਸ ਪ੍ਰਧਾਨ ਲੱਕੀ ਜੱਸਲ, ਜਰਨਲ ਸੈਕਟਰੀ ਕੁਲਵਿੰਦਰ ਸਿੰਘ ਮੋਹਲ, ਜਸਵੰਤ ਸਿੰਘ ਔਲਖ, ਜਰਨੈਲ ਸਿੰਘ, ਦੁਰਗਾ ਸਿੰਘ, ਹਰਿੰਦਰ ਸਿੰਘ, ਬੰਤ ਸਿੰਘ ਰਾਏ, ਕੇਵਲ ਸਿੰਘ, ਸੁਰਜੀਤ ਸਿੰਘ (ਸ਼ੈਂਟੀ ਗਾਰਮੈਂਟਸ) ਅਤੇ ਹੈਡ ਗ੍ਰੰਥੀ ਭਾਈ ਜਗਮੇਲ ਸਿੰਘ ਛਾਜਲਾ ਵਿਸ਼ੇਸ਼ ਤੌਰ ’ਤੇ ਮੌਜੂਦ ਸਨ।

ਕਮੇਟੀ ਪ੍ਰਧਾਨ ਦਰਸ਼ਨ ਸਿੰਘ ਨੇ ਆਈਆਂ ਹੋਈਆਂ ਸਾਰੀਆਂ ਸ਼ਖਸੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਨਮਾਨਿਤ ਮੈਂਬਰਾਂ ਨੂੰ ਸਮਾਜ ਸੇਵਾ ਦੇ ਕਾਰਜਾਂ ਵਿੱਚ ਇਸੇ ਤਰ੍ਹਾਂ ਡਟੇ ਰਹਿਣ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਵਿਧਾਨ ਸਭਾ ਹਲਕਾ ਅੰਮ੍ਰਿਤਸਰ ਉੱਤਰੀ ਵਿੱਚ ਐੱਸ.ਆਰ.ਆਈ. ਤਹਿਤ 204 ਬੀ.ਐਲ.ਓਜ਼ ਅਤੇ 21 ਸੁਪਰਵਾਈਜ਼ਰਾਂ ਲਈ ਵਿਸ਼ੇਸ਼ ਟ੍ਰੇਨਿੰਗ ਕੈਂਪ ਆਯੋਜਿਤ

**ਅੰਮ੍ਰਿਤਸਰ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਐੱਸ.ਆਈ.ਆਰ. (ਸਪੈਸ਼ਲ ਇੰਟੈਂਨਸਿਵ ਰਵੀਜ਼ਨ) ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦੀ ਪ੍ਰਕਿਰਿਆ ਨੂੰ ਸੁਚਾਰੂ ਅਤੇ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਦੇ ਮਕਸਦ ਨਾਲ ਅੱਜ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਉੱਤਰੀ ਵਿਖੇ ਇੱਕ ਵਿਸ਼ੇਸ਼ ਟ੍ਰੇਨਿੰਗ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਟ੍ਰੇਨਿੰਗ ਚੋਣ ਰਜਿਸਟ੍ਰੇਸ਼ਨ ਅਫ਼ਸਰ (ਈ.ਆਰ.ਓ.) ਸ੍ਰੀਮਤੀ ਇਨਾਇਤ ਪੀ.ਸੀ.ਐੱਸ. ਦੀ ਯੋਗ ਅਗਵਾਈ ਹੇਠ ਸਫ਼ਲਤਾਪੂਰਵਕ ਸੰਪੰਨ ਹੋਈ। ਇਸ ਸਿਖਲਾਈ ਕੈਂਪ ਦੌਰਾਨ ਹਲਕੇ ਦੇ 204 ਬੀ.ਐਲ.ਓਜ਼ ਅਤੇ 21 ਸੁਪਰਵਾਈਜ਼ਰਾਂ ਨੇ ਭਾਗ ਲਿਆ। ਟ੍ਰੇਨਿੰਗ ਦੌਰਾਨ ਤਕਨੀਕੀ ਅਤੇ ਪ੍ਰਸ਼ਾਸਨਿਕ ਜਾਣਕਾਰੀ ਸਾਂਝੀ ਕਰਨ ਵਿੱਚ ਚੋਣ ਕਾਨੂੰਨਗੋ ਸ੍ਰੀ ਵਰਿੰਦਰ ਕੁਮਾਰ ਵੱਲੋਂ ਅਹਿਮ ਸਹਿਯੋਗ ਦਿੱਤਾ ਗਿਆ।



ਈ.ਆਰ.ਓ ਸ੍ਰੀਮਤੀ ਇਨਾਇਤ ਪੀ.ਸੀ.ਐੱਸ ਨੇ ਸਮੂਹ ਸਟਾਫ਼ ਨੂੰ ਵਿਸ਼ੇਸ਼ ਸਰਸਰੀ ਸੁਧਾਈ ਤਹਿਤ ਨਵੀਆਂ ਵੋਟਾਂ ਬਣਾਉਣ (ਫਾਰਮ ਨੰ. 6), ਵੋਟਾਂ ਕੱਟਣ (ਫਾਰਮ ਨੰ. 7) ਅਤੇ ਵੋਟਰ ਸੂਚੀ ਵਿੱਚ ਸੋਧ/ਬਦਲੀ (ਫਾਰਮ ਨੰ. 8) ਕਰਨ ਸਬੰਧੀ ਚੋਣ ਕਮਿਸ਼ਨ ਦੇ ਨਵੇਂ ਦਿਸ਼ਾ-ਨਿਰਦੇਸ਼ਾਂ ਤੋਂ ਜਾਣੂ ਕਰਵਾਇਆ।

ਟ੍ਰੇਨਿੰਗ ਦੌਰਾਨ ਬੀ.ਐਲ.ਓਜ਼ ਨੂੰ ਵਿਸ਼ੇਸ਼ ਤੌਰ ▾ਤੇ (ਗਣਨਾ ਫਾਰਮ) ਨੂੰ ਸਹੀ ਤਰੀਕੇ ਨਾਲ ਭਰਨ ਅਤੇ ਘਰ-ਘਰ ਜਾ ਕੇ ਵੋਟਰਾਂ ਦੀ ਸਹੀ ਗਣਨਾ ਕਰਨ ਦੇ ਨਿਯਮਾਂ ਬਾਰੇ ਦੱਸਿਆ ਗਿਆ।

ਇਸ ਦੇ ਨਾਲ ਹੀ, ਯੋਗ ਵੋਟਰਾਂ ਵੱਲੋਂ ਦਿੱਤੇ ਜਾਣ ਵਾਲੇ (ਘੋਸ਼ਣਾ ਪੱਤਰਾਂ) ਦੀ ਮਹੱਤਤਾ ਅਤੇ ਉਨ੍ਹਾਂ ਦੀ ਬਾਰੀਕੀ ਨਾਲ ਜਾਂਚ ਕਰਨ ਸਬੰਧੀ ਵੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ, ਤਾਂ ਜੋ ਕੋਈ ਵੀ ਫਾਰਮ ਅਧੂਰਾ ਨਾ ਰਹੇ।

ਤਕਨੀਕੀ ਸਿਖਲਾਈ ਦਿੰਦਿਆਂ ਏ.ਐੱਲ.ਐੱਮ.ਟੀ. ਅਮਨਿੰਦਰਜੀਤ ਕੋਹਲੀ, ਕਾਨੂੰਗੋ ਅਤੇ ਟੈਕਨੀਕਲ ਟੀਮ ਨੇ ਬੀ.ਐਲ.ਓਜ਼ ਨੂੰ ਐੱਸ.ਆਈ.ਆਰ. ਦੇ ਕੰਮ ਨੂੰ ਡਿਜੀਟਲ ਤਰੀਕੇ ਨਾਲ ਕਰਨ ਲਈ ਮੋਬਾਈਲ ਐਪਲੀਕੇਸ਼ਨਾਂ ਦੀ ਸਹੀ ਵਰਤੋਂ ਬਾਰੇ ਬਾਰੀਕੀ ਨਾਲ ਸਿਖਲਾਈ ਦਿੱਤੀ, ਤਾਂ ਜੋ ਫੀਲਡ ਦਾ ਡਾਟਾ ਅਤੇ ਇਹ ਫਾਰਮ ਬਿਨਾਂ ਕਿਸੇ ਤਰੁੱਟੀ ਦੇ ਅਪਲੋਡ ਕੀਤੇ ਜਾ ਸਕਣ।

ਸ਼ੁੱਧ ਵੋਟਰ ਸੂਚੀ ਦੀ ਅਹਿਮੀਅਤ ਬਾਰੇ ਅਧਿਕਾਰੀਆਂ ਵੱਲੋਂ ਸਟਾਫ਼ ਨੂੰ ਹਦਾਇਤ ਕੀਤੀ ਗਈ ਕਿ ਐੱਸ.ਆਈ.ਆਰ. ਦੌਰਾਨ ਕੋਈ ਵੀ ਯੋਗ ਨਾਗਰਿਕ ਵੋਟ ਬਣਾਉਣ ਤੋਂ ਵਾਂਝਾ ਨਾ ਰਹੇ ਅਤੇ ਵੋਟਰ ਸੂਚੀ ਨੂੰ ਪੂਰੀ ਤਰ੍ਹਾਂ ਸ਼ੁੱਧ ਅਤੇ ਤਰੁੱਟੀ-ਰਹਿਤ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਐੱਸ.ਆਈ.ਆਰ. ਤਹਿਤ ਘਰ-ਘਰ ਜਾ ਕੇ ਐਨੂਮਰੇਸ਼ਨ (ਗਣਨਾ) ਕਰਨਾ ਅਤੇ ਸਹੀ ਡੈਕਲਾਰੇਸ਼ਨ (ਘੋਸ਼ਣਾ ਪੱਤਰ) ਹਾਸਲ ਕਰਨਾ ਇੱਕ ਬਹੁਤ ਹੀ ਜ਼ਿੰਮੇਵਾਰੀ ਵਾਲਾ ਕੰਮ ਹੈ। ਇਸ ਮੌਕੇ ਹਾਜ਼ਰ ਸਮੂਹ ਸਟਾਫ਼ ਨੇ ਵਿਸ਼ਵਾਸ ਦਿਵਾਇਆ ਕਿ ਉਹ ਐੱਸ.ਆਈ.ਆਰ. ਦੇ ਇਸ ਅਹਿਮ ਕਾਰਜ ਨੂੰ ਸਮੇਂ ਸਿਰ ਅਤੇ ਪੂਰੀ ਪ੍ਰਤੀਬੱਧਤਾ ਨਾਲ ਪੂਰਾ ਕਰਨਗੇ।

# ਮੌਲੀ ਜੱਗਰਾਂ ਡਿਸਪੈਂਸਰੀ ਵਿਖੇ ਵਿਸ਼ੇਸ਼ ਟੀਬੀ-ਐੱਚਆਈਵੀ ਜਾਂਚ ਕੈਂਪ ਆਯੋਜਿਤ

**ਚੰਡੀਗੜ੍ਹ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੇਟ ਟੀਬੀ ਯੂਨਿਟ ਅਤੇ ਸਿਹਤ ਵਿਭਾਗ, ਯੂਟੀ ਚੰਡੀਗੜ੍ਹ ਵੱਲੋਂ ਅੱਜ ਮੌਲੀ ਜੱਗਰਾਂ ਡਿਸਪੈਂਸਰੀ ਵਿਖੇ ਇੱਕ ਵਿਸ਼ੇਸ਼ ਟੀਬੀ-ਐੱਚਆਈਵੀ ਸਹਿਯੋਗਾਤਮਕ ਜਾਂਚ ਕੈਂਪ ਆਯੋਜਿਤ ਕੀਤਾ ਗਿਆ।

ਕੈਂਪ ਦਾ ਉਦਘਾਟਨ ਚੰਡੀਗੜ੍ਹ ਤੋਂ ਸਾਂਸਦ, ਸ਼੍ਰੀ ਮਨੀਸ਼ ਤਿਵਾਰੀ ਨੇ ਕੀਤਾ। ਇਸ ਅਵਸਰ ’ਤੇ ਸ਼੍ਰੀ ਹਰਮਿੰਦਰ ਸਿੰਘ ਲੱਕੀ ਵੀ ਉਪਸਥਿਤ ਰਹੇ।

ਆਪਣੇ ਸੰਬੋਧਨ ਵਿੱਚ ਸ਼੍ਰੀ ਮਨੀਸ਼ ਤਿਵਾਰੀ ਨੇ ਤਪਦਿਕ (ਟੀਬੀ/“2) ਅਤੇ ਐੱਚਆਈਵੀ ਦੀ ਸਮੇਂ ’ਤੇ ਜਾਂਚ ਅਤੇ ਇਲਾਜ ਦੇ ਮਹੱਤਵ ’ਤੇ ਬਲ ਦਿੱਤਾ। ਉਨ੍ਹਾਂ ਨੇ ਸਿਹਤ ਵਿਭਾਗ ਅਤੇ ਚੰਡੀਗੜ੍ਹ ਸਟੇਟ ਏਡਸ ਕੰਟਰੋਲ ਸੋਸਾਇਟੀ (ਸੀਐੱਸਏਸੀਐੱਸ) ਦੁਆਰਾ ਸਮੁਦਾਇ ਤੱਕ ਸਿਹਤ ਸੇਵਾਵਾਂ ਪਹੁੰਚਾਉਣ ਅਤੇ ਜਨ-ਜਾਗਰੂਕਤਾ ਵਧਾਉਣ ਦੇ ਪ੍ਰਯਾਸਾਂ ਦੀ ਸ਼ਲਾਘਾ ਕੀਤੀ।

ਸਿਹਤ ਵਿਭਾਗ, ਯੂਟੀ ਚੰਡੀਗੜ੍ਹ ਦੇ ਮੈਡੀਕਲ ਸੁਪਰਡੈਂਟ-ਅਤੇ-ਜੁਆਇੰਟ ਡਾਇਰੈਕਟਰ ਅਤੇ ਪ੍ਰੋਜੈਕਟ ਡਾਇਰੈਕਟਰ, ਚੰਡੀਗੜ੍ਹ ਸਟੇਟ ਏਡਸ ਕੰਟਰੋਲ ਸੋਸਾਇਟੀ (ਸੀਐੱਸਏਸੀਐੱਸ) ਡਾ. ਸਦਭਾਵਨਾ ਪੰਡਿਤ ਨੇ ਬ੍ਰੇਕ ਫ੍ਰੀ ਐਪ ਬਾਰੇ ਜਾਣਕਾਰੀ ਦਿੱਤੀ, ਜੋ ਨੈਸ਼ਨਲ ਏਡਸ ਕੰਟਰੋਲ ਆਰਗੇਨਾਇਜ਼ੇਸ਼ਨ (ਐੱਨਏਸੀਓ/NACO) ਦੁਆਰਾ ਪ੍ਰੋਤਸਾਹਿਤ ਐੱਚਆਈਵੀ ਸਵੈ-ਮੁੱਲਾਂਕਣ ਐਪ ਹੈ। ਉਨ੍ਹਾਂ ਨੇ ਕਿਹਾ ਕਿ ਇਹ ਡਿਜੀਟਲ ਪਹਿਲ ਲੋਕਾਂ ਨੂੰ ਆਪਣੇ ਐੱਚਆਈਵੀ (HIV) ਜੋਖਮ ਦਾ ਗੁਪਤ ਰੂਪ ਵਿੱਚ ਮੁੱਲਾਂਕਣ ਕਰਨ ਅਤੇ ਸਮੇਂ ’ਤੇ ਟੈਸਟਿੰਗ ਅਤੇ ਇਲਾਜ ਸੇਵਾਵਾਂ ਨਾਲ ਜੁੜਨ ਵਿੱਚ ਸਹਾਇਤਾ ਕਰਦੀ ਹੈ।

ਕੈਂਪ ਵਿੱਚ ਟੀਬੀ ਅਤੇ ਐੱਚਆਈਵੀ (89੭) ਦੀ ਮੁਫ਼ਤ ਸਕ੍ਰੀਨਿੰਗ, ਸਲਾਹ ਸੇਵਾਵਾਂ, ਅਤੇ ਰਾਸ਼ਟਰੀ ਏਡਸ ਅਤੇ ਐੱਸਟੀਆਈ ਕੰਟਰੋਲ ਪ੍ਰੋਗਰਾਮ ਅਤੇ ਰਾਸ਼ਟਰੀ ਟੀਬੀ ਖ਼ਾਤਮਾ ਪ੍ਰੋਗਰਾਮ ਦੇ ਤਹਿਤ ਉਪਲਬਧ ਸੁਵਿਧਾਵਾਂ ਦੀ ਜਾਣਕਾਰੀ ਪ੍ਰਦਾਨ ਕੀਤੀ ਗਈ।




ਸਿਹਤ ਮਾਹਰਾਂ ਅਤੇ ਸਲਾਹਕਾਰਾਂ ਨੇ ਲੋਕਾਂ ਨਾਲ ਬਿਨਾ ਕਿਸੇ ਡਰ ਜਾਂ ਸਮਾਜਿਕ ਕਲੰਕ ਦੇ ਸਵੈਇੱਛਾ ਨਾਲ ਜਾਂਚ ਕਰਵਾਉਣ ਲਈ ਪ੍ਰੇਰਿਤ ਕੀਤਾ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਟੀਬੀ ਅਤੇ ਐੱਚਆਈਵੀ (HIV) ਦੋਹਾਂ ਦੀ ਜਲਦੀ ਪਹਿਚਾਣ ਨਾਲ ਇਲਾਜ ਦੇ ਬਿਹਤਰ ਪਰਿਣਾਮ ਸੁਨਿਸ਼ਚਿਤ ਹੁੰਦੇ ਹਨ। ਕੈਂਪ ਦਾ ਉਦੇਸ਼ ਜਨ-ਜਾਗਰੂਕਤਾ ਵਧਾਉਣਾ, ਸਵੈ-ਇੱਛੁਕ ਜਾਂਚ ਨੂੰ ਪ੍ਰੋਤਸਾਹਿਤ ਕਰਨਾ ਅਤੇ ਜੋਖਮ ਵਾਲੇ ਵਿਅਕਤੀਆਂ ਨੂੰ ਸਮੇਂ ’ਤੇ ਰੈਫਰਲ ਅਤੇ ਇਲਾਜ ਸੇਵਾਵਾਂ ਨਾਲ ਜੋੜਨਾ ਸੀ।

ਮੌਲੀ ਜੱਗਰਾਂ ਅਤੇ ਆਸਪਾਸ ਖੇਤਰਾਂ ਤੋਂ ਬੜੀ ਸੰਖਿਆ ਵਿੱਚ ਲੋਕਾਂ ਨੇ ਕੈਂਪ ਵਿੱਚ ਹਿੱਸਾ ਲਿਆ ਅਤੇ ਮੁਫ਼ਤ ਸਕ੍ਰੀਨਿੰਗ ਅਤੇ ਸਲਾਹ ਸੇਵਾਵਾਂ ਦਾ ਲਾਭ ਉਠਾਇਆ।

# ਵਿਧਾਨ ਸਭਾ ਹਲਕਾ ਸਮਾਣਾ ਤੋਂ ਪ੍ਰਿੰ: ਮੋਹਨ ਲਾਲ ਸ਼ਰਮਾ ਬੀਜੇਪੀ ਦੇ ਸਭ ਤੋਂ ਮਜ਼ਬੂਤ ‘ਸੰਭਾਵਿਤ’ ਉਮੀਦਵਾਰ ਵਜੋਂ ਉਭਰੇ

**ਸਮਾਣਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਵੱਡੀਆਂ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ। ਇਸੇ ਦੌਰਾਨ ਵਿਧਾਨ ਸਭਾ ਹਲਕਾ ਸਮਾਣਾ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਸਿੱਖਿਆ ਸ਼ਾਸਤਰੀ ਅਤੇ ਉੱਘੇ ਸਮਾਜ ਸੇਵਕ ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਭਾਰਤੀ ਜਨਤਾ ਪਾਰਟੀ ਵੱਲੋਂ ਐਮ.ਐਲ.ਏ. ਦੀ ਟਿਕਟ ਦੇ ਸੰਭਾਵਿਤ ਉਮੀਦਵਾਰਾਂ ਦੀ ਦੌੜ ਵਿੱਚ ਸਭ ਤੋਂ ਅੱਗੇ ਯਾਨੀ ’ਪਹਿਲੇ ਨੰਬਰ ’ਤੇ ਚੱਲ ਰਹੇ ਹਨ। ਹਲਕੇ ਦੇ ਸਿਆਸੀ ਸਮੀਕਰਨਾਂ ਨੂੰ ਦੇਖਦਿਆਂ ਉਨ੍ਹਾਂ ਦੀ ਦਾਅਵੇਦਾਰੀ ਸਭ ਤੋਂ ਮਜ਼ਬੂਤ ਮੰਨੀ ਜਾ ਰਹੀ ਹੈ ਅਤੇ ਲੋਕਾਂ ਵਿੱਚ ਉਨ੍ਹਾਂ ਪ੍ਰਤੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।



ਇਸੇ ਸਿਆਸੀ ਸਰਗਰਮੀ ਦੇ ਦੌਰਾਨ ਸਮਾਣਾ ਵਿਖੇ ‘ਵਿਕਸਿਤ ਭਾਰਤ ਜੀ ਰਾਮ ਜੀ’ ਸੰਗਠਨ ਦੀ ਇੱਕ ਵਿਸ਼ੇਸ਼ ਅਤੇ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ।

ਇਹ ਮੀਟਿੰਗ ਸੰਗਠਨ ਦੇ ਮੁੱਖ ਸਲਾਹਕਾਰ ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਦੀ ਯੋਗ ਅਗਵਾਈ ਹੇਠ ਸੰਪੰਨ ਹੋਈ, ਜਿਸ ਵਿੱਚ ਇਲਾਕੇ ਦੇ ਵਿਕਾਸ ਅਤੇ ਸੰਗਠਨ ਦੀਆਂ ਗਤੀਵਿਧੀਆਂ ਨੂੰ ਲੈ ਕੇ ਵਿਸ਼ੇਸ਼ ਚਰਚਾ ਕੀਤੀ ਗਈ। ਮੀਟਿੰਗ ਪ੍ਰਤੀ ਲੋਕਾਂ ਵਿੱਚ ਭਾਰੀ ਉਤਸਾਹ ਦੇਖਣ ਨੂੰ ਮਿਲਿਆ ਅਤੇ ਇਸ ਵਿੱਚ ਆਸ-ਪਾਸ ਦੇ ਕਰੀਬ 25 ਪਿੰਡਾਂ ਦੇ ਪਤਵੰਤੇ ਨੁਮਾਇੰਦਿਆਂ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ।

ਰਾਜਨੀਤਿਕ ਮਾਹਰਾਂ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਪ੍ਰਿੰਸੀਪਲ ਮੋਹਨ ਲਾਲ ਸ਼ਰਮਾ ਦੀ ਅਗਵਾਈ ਹੇਠ ਪੇਂਡੂ ਅਤੇ ਸ਼ਹਿਰੀ ਖੇਤਰ ਦੇ ਲੋਕ ਲਗਾਤਾਰ ਲਾਮਬੰਦ ਹੋ ਰਹੇ ਹਨ, ਉਸ ਨੂੰ ਦੇਖਦਿਆਂ ਜੇਕਰ ਬੀਜੇਪੀ ਉਨ੍ਹਾਂ ਨੂੰ ਸਮਾਣਾ ਹਲਕੇ ਤੋਂ ਮੈਦਾਨ ਵਿੱਚ ਉਤਾਰਦੀ ਹੈ, ਤਾਂ ਉਹ ਵਿਰੋਧੀ ਪਾਰਟੀਆਂ ਨੂੰ ਤਕੜੀ ਟੱਕਰ ਦੇ ਕੇ ਇਹ ਸੀਟ ਪਾਰਟੀ ਦੀ ਝੋਲੀ ਵਿੱਚ ਪਾਉਣ ਦੇ ਪੂਰੇ ਸਮਰੱਥ ਹਨ।

## ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਏ.ਡੀ.ਸੀ. ਵੱਲੋਂ ਟਰੇਡਰਜ਼ ਕਮਿਸ਼ਨ ਨਾਲ ਬੈਠਕ

# ਟ੍ਰੇਡਰਜ ਕਮਿਸ਼ਨ ਵੱਲੋਂ ਸਾਹਮਣੇ ਲਿਆਂਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਪ੍ਰਸ਼ਾਸਨ ਵਚਨਬੱਧ : ਅਨੁਪ੍ਰਿਤਾਜੌਹਲ



**ਪਟਿਆਲਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣ ਸਮੇਤ ਟਰੇਡਰਜ਼ ਕਮਿਸ਼ਨ ਵੱਲੋਂ ਸਾਹਮਣੇ ਲਿਆਦੀਆਂ ਸਮੱਸਿਆਵਾਂ ਦਾ ਜਾਇਜ਼ਾ ਲੈਣ ਲਈ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ ਨੇ ਪੰਜਾਬ ਟ੍ਰੇਡ ਕਮਿਸ਼ਨ ਪਟਿਆਲਾ ਦੇ ਚੇਅਰਮੈਨ ਐਡਵੋਕੇਟ ਵਿਨੋਦ ਕੁਮਾਰ ਸਿੰਗਲਾ ਅਤੇ ਪੰਜਾਬ ਦੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਸਮੇਤ ਹੋਰ ਮੈਂਬਰਾਂ ਨਾਲ ਇੱਕ ਬੈਠਕ ਕੀਤੀ।

ਏਡੀਸੀ ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ ਅੱਜ ਦੀ ਬੈਠਕ ਦੌਰਾਨ ਪੋਰਟਲ ਉਪਰ ਆਈਆਂ ਸ਼ਿਕਾਇਤਾਂ ਦਾ ਨਿਪਟਾਰਾ ਪੂਰੀ ਗੰਭੀਰਤਾ ਨਾਲ ਕੀਤਾ ਜਾ ਰਿਹਾ ਹੈ, ਜਦਕਿ 18 ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਤੇ 35 ਸ਼ਿਕਾਇਤਾਂ ਓਪਨ ਹਨ, ਜਿਨ੍ਹਾਂ ਉਪਰ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਪੂਰੀ ਤਰ੍ਹਾਂ ਵਚਨਬੱਧ ਹੈ।

ਇਸ ਮੌਕੇ ਚੇਅਰਮੈਨ ਐਡਵੋਕੇਟ ਵਿਨੋਦ ਸਿੰਗਲਾ ਨੇ ਕਿਹਾ ਕਿ ਪਟਿਆਲਾ ਜਿਲੇ ਦੇ ਵਪਾਰੀਆਂ ਨੂੰ ਮਿਲਣ ਜਲਦ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹੁੰਚ ਰਹੇ ਹਨ। ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਜਿਸ ਲਈ ਕਮਿਸ਼ਨ ਵਪਾਰੀਆਂ ਦੇ ਨਾਲ ਖੜ੍ਹਾ ਹੈ ਅਤੇ ਲਗਾਤਾਰ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਰਿਹਾ ਹੈ।

ਚੇਅਰਮੈਨ ਨੇ ਅੱਗੇ ਕਿਹਾ ਕਿ ਵਪਾਰੀਆਂ ਵੱਲੋਂ ਉਠਾਈ ਜਾਣ ਵਾਲੀ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸੰਬੰਧਿਤ ਵਿਭਾਗਾਂ ਦੇ ਸਹਿਯੋਗ ਨਾਲ ਉਨ੍ਹਾਂ ਦਾ ਜਲਦੀ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਵਪਾਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ।

ਇਸ ਦੌਰਾਨ ਟ੍ਰੇਡਰਜ ਕਮਿਸ਼ਨ ਦੇ ਮੈਂਬਰਜ ਸੰਜੀਵ ਗੁਪਤਾ, ਭੁਪਿੰਦਰ ਕੌਸ਼ਲ, ਵੇਦ ਪ੍ਰਕਾਸ਼ ਗਰਗ, ਪੁਨੀਤ ਬੁੱਧੀਰਾਜਾ ਤੇ ਕੀਰਤ ਸਿੰਘ ਸਿਹਰਾ, ਐਸ.ਡੀ.ਐਮਜ, ਸਹਾਇਕ ਕਮਿਸ਼ਨਰ ਜੀਐਸਟੀ ਗੁਰਸਿਮਰਨ ਕੌਰ, ਡੀ.ਐਸ.ਪੀ. ਜੰਗਜੀਤ ਸਿੰਘ ਰੰਧਾਵਾ ਸਮੇਤ ਨਗਰ ਨਿਗਮ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਨੌਜਵਾਨਾਂ ਵੱਲੋਂ ਸਤਿਗੁਰੂ ਰਵਿਦਾਸ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਿਤ ਲਗਾਈ ਕੋਲਡ ਡਰਿੰਕਸ ਦੀ ਛਬੀਲ



**ਮਾਛੀਵਾੜਾ ਸਾਹਿਬ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਨੇੜਲੇ ਪਿੰਡ ਸਹਿਬਾਜਪੁਰ ਦੇ ਨੌਜਵਾਨਾਂ ਵੱਲੋਂ ਜਗਤ ਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਿਤ ਕੋਲਡ ਡਰਿੰਕਸ ਦੀ ਛਬੀਲ ਲਗਾਈ ਗਈ। ਸ਼ਹਿਬਾਜ਼ਪੁਰ ਚੱਕਲੀ ਆਦਲ ਟੀ ਪੁਆਇੰਟ ਤੇ ਲਗਾਈ ਗਈ ਇਸ ਸੇਵਾ ਵਿੱਚ ਵੱਡੀ ਗਿਣਤੀ ਵਿੱਚ ਲੰਘਦੀਆਂ ਸੰਗਤਾਂ ਨੇ ਕੋਲਡ ਡਰਿੰਕ ਦਾ ਅਨੰਦ ਮਾਣਿਆ। ਨੌਜਵਾਨਾਂ ਵੱਲੋਂ ਕੋਲਡ ਡਰਿੰਕਸ ਦੀਆਂ ਸਾਰੀਆਂ ਵੰਨਗੀਆਂ ਪੈਪਸੀ,ਕੋਕਾ ਕੋਲਾ ,ਫੈਂਟਾ, ਲਿਮਕਾ ,ਮਰਿੰਡਾ,ਸਪਰਾਇਡ ਆਦਿ ਦੀ ਸੇਵਾ ਕੀਤੀ ਗਈ। ਸੰਗਤਾਂ ਨੇ ਇਸ ਵੱਖਰੀ ਛਬੀਲ ਲਾਈ ਨੌਜਵਾਨਾਂ ਦੀ ਪ੍ਰਸੰਸਾ ਕੀਤੀ।ਸੇਵਾ ਕਰਨ ਵਾਲਿਆਂ ਵਿੱਚ ਹਰਜਿੰਦਰ ਸਿੰਘ, ਪਲਵਿੰਦਰ ਸਿੰਘ, ਜਸਪਾਲ ਸਿੰਘ, ਸੰਤੋਖ ਸਿੰਘ, ਧਰਮਪਾਲ ਸਿੰਘ ,ਮਨਜਿੰਦਰ ਸਿੰਘ, ਗੋਰਾ, ਹੈਰੀ, ਦਲਵੀਰ ਚੰਦ, ਹਰਮੇਸ਼ ਕੁਮਾਰ ਖੇੜਾ, ਆਕਾਸ਼ ,ਨਵਦੀਪ ਸਿੰਘ ,ਹਰਸ਼ਦੀਪ ਸਿੰਘ, ਗੁਰਜੀਤ ਸਿੰਘ ,ਮਨਦੀਪ ਸਿੰਘ, ਸੁਨੀਲ, ਪਵਨ ,ਸ਼ਿਵਮ ,ਅਰਮਾਨ ,ਮਾਨਵ, ਸਾਹਿਲ ਸ਼ਾਮਿਲ ਸਨ।

# ਮਿਸਲ ਸਤਲੁਜ ਵੱਲੋਂ ਪਟਿਆਲਾ ਵਿਖੇ ਮੁਫ਼ਤ ਮੈਡੀਕਲ ਕੈਂਪ ਅੱਜ: ਮਨਜੀਤ ਸਿੰਘ ਚਾਹਲ



**ਪਟਿਆਲਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਭਲਾਈ ਅਤੇ ਸਮਾਜਿਕ ਸੇਵਾ ਨੂੰ ਅੱਗੇ ਵਧਾਉਂਦਿਆਂ ਮਿਸਲ ਸਤਲੁਜ ਜਥੇਬੰਦੀ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ, ਆਨੰਦ ਨਗਰ ਬੀ, ਪਟਿਆਲਾ ਵਿਖੇ ਇੱਕ ਵਿਸ਼ੇਸ਼ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦਾ ਮੁੱਖ ਮੰਤਵ ਆਰਥਿਕ ਤੌਰ ’ਤੇ ਕਮਜ਼ੋਰ ਅਤੇ ਲੋੜਵੰਦ ਪਰਿਵਾਰਾਂ ਤੱਕ ਸਿਹਤ ਸੇਵਾਵਾਂ ਦੇਣਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮਿਸਲ ਸਤਲੁਜ ਜਥੇਬੰਦੀ ਦੇ ਪਟਿਆਲਾ ਦਿਹਾਤੀ ਹਲਕੇ ਤੋਂ ਉਮੀਦਵਾਰ ਸਰਦਾਰ ਮਨਜੀਤ ਸਿੰਘ ਚਾਹਲ ਨੇ ਦੱਸਿਆ ਕਿ ਇਸ ਮੈਡੀਕਲ ਕੈਂਪ ਵਿੱਚ ਮਾਹਿਰ ਡਾਕਟਰਾਂ ਵੱਲੋਂ ਲੋਕਾਂ ਦੀਆਂ ਵੱਖ-ਵੱਖ ਬਿਮਾਰੀਆਂ ਦਾ ਮੁਫ਼ਤ ਮੈਡੀਕਲ ਚੈੱਕਅਪ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮਰੀਜ਼ਾਂ ਨੂੰ ਲੋੜ ਅਨੁਸਾਰ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ, ਤਾਂ ਜੋ ਆਮ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਾਪਤ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।

ਸਰਦਾਰ ਚਾਹਲ ਨੇ ਆਨੰਦ ਨਗਰ ਬੀ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਇਸ ਮੁਫ਼ਤ ਮੈਡੀਕਲ ਕੈਂਪ ਵਿੱਚ ਪਹੁੰਚਣ, ਆਪਣੀ ਸਿਹਤ ਦੀ ਜਾਂਚ ਕਰਵਾਉਣ ਅਤੇ ਉਪਲਬਧ ਸਿਹਤ ਸਹੂਲਤਾਂ ਦਾ ਪੂਰਾ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਜਥੇਬੰਦੀ ਦਾ ਮੰਤਵ ਲੋਕਾਂ ਦੀ ਸੇਵਾ ਕਰਨਾ ਅਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਾ ਹੈ।

# ਛੋਟੇ ਬੱਚਿਆਂ ਨੇ ਕੋਮਲ ਹੱਥਾਂ ਨਾਲ ਕੀਤੀ ਛਬੀਲ ਤੇ ਸੇਵਾ ਸੰਗਤਾਂ ਨੇ ਕੀਤੀ ਪ੍ਰਸ਼ੰਸਾ

**ਮਾਛੀਵਾੜਾ ਸਾਹਿਬ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦਾਂ ਦੇ ਸਰਤਾਜ ਧੰਨ ਧੰਨ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਜੋਧਵਾਲ ਰੂੜੇਵਾਲ ਚੱਕ ਸ਼ੰਮ ਦੇ ਛੋਟੇ ਛੋਟੇ ਬੱਚਿਆਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਹੈ। ਇਹ ਛੋਟੇ ਛੋਟੇ ਬੱਚੇ ਕੁਝ ਦਿਨਾਂ ਛਬੀਲ ਲਗਾਉਣ ਲਈ ਪੈਸੇ ਇਕੱਠੇ ਕਰ ਰਹੇ ਸਨ, ਤੇ ਛੋਟੇ ਛੋਟੇ ਬੱਚਿਆਂ ਨੇ ਸ਼ਰਧਾ ਅਨੁਸਾਰ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ। ਇਹਨਾਂ ਛੋਟੇ ਛੋਟੇ ਬੱਚਿਆਂ ਨੇ ਨੰਨੇ ਮੁੰਨੇ ਹੱਥਾਂ ਨਾਲ ਰਾਹਗੀਰਾਂ ਨੂੰ ਠੰਡਾ ਮਿੱਠਾ ਜਲ ਛਕਾਇਆ। ਠੰਡੀ ਮਿੱਠੀ ਛਬੀਲ ਪੀ ਕੇ ਜਾ ਰਹੇ ਰਾਹਗੀਰਾਂ ਨੇ ਛੋਟੇ ਛੋਟੇ ਬੱਚਿਆਂ ਦੇ ਹੌਸਲੇ ਨੂੰ ਦੇਖ ਕੇ ਇਹਨਾਂ ਨੂੰ ਸ਼ਾਬਾਸ਼ੀ ਦਿੱਤੀ। ਜਲ ਛਕ ਰਹੀਆਂ ਸੰਗਤਾਂ ਨੇ ਇਸ ਗੱਲ ਤੇ ਖੁਸ਼ੀ ਪ੍ਰਗਟ ਕੀਤੀ ਕਿ ਅਸੀਂ ਜੇਕਰ ਆਪਣੇ ਛੋਟੇ ਛੋਟੇ ਬੱਚਿਆਂ ਨੂੰ ਆਪਦੇ ਇਤਿਹਾਸ ਤੋਂ ਜਾਣੂ ਕਰਵਾਵਾਂਗੇ ਤਾਂ ਉਹ ਆਪਣੇ ਵਡੇਰਿਆਂ ਨੂੰ ਯਾਦ ਰੱਖਦੇ ਹੋਏ ਜ਼ਿੰਦਗੀ ਵਿੱਚ ਅੱਗੇ ਵਧਣਗੀ।ਇਸ ਮੌਕੇ ਸੇਵਾ ਕਰਨ ਵਾਲਿਆਂ ਵਿੱਚ ਅਭੀਜੋਤ ਨਾਗਰਾ, ਗੌਰਵ ਨਾਗਪਾਲ, ਦਿਲਜੋਤ ,ਸਹਿਜਦੀਪ ਘੁੰਮਣ, ਰਿਸ਼ੀ ਨਾਗਪਾਲ, ਪ੍ਰਭਜੋਤ, ਸ਼ਨੀ ,ਸੁਖਮਨ ,ਮਨੂੰ ਲੌਂਗੀਆ, ਹਰਸ਼, ਨਕਸ਼, ਰਵੀ ਸ਼ਾਮਿਲ ਸਨ ।



# ਸਿਹਤ ਮੰਤਰੀ ਨੇ ਐਸ ਐਸ ਟੀ ਨਗਰ ਤੋਂ ਰਵਾਨਾ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸ



**ਪਟਿਆਲਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦੇ ਐਸ ਐਸ ਟੀ ਨਗਰ ਤੋਂ ਇੱਕ ਬੱਸ ਅੰਮ੍ਰਿਤਸਰ ਲਈ ਰਵਾਨਾ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਪਟਿਆਲਾ ਦੇ ਡਿਪਟੀ ਮੇਅਰ ਹਰਿੰਦਰ ਕੋਹਲੀ ਵੀ ਮੌਜੂਦ ਸਨ। ਸਿਹਤ ਮੰਤਰੀ ਨੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਇਹ ਵਿਲੱਖਣ ਉਪਰਾਲਾ ਕੀਤਾ ਗਿਆ ਹੈ।

ਡਾ.ਬਲਬੀਰ ਸਿੰਘ ਨੇ ਦੱਸਿਆ ਕਿ ਇਹ ਸ਼ਰਧਾਲੂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਣਾ ਮੰਦਿਰ ਵਿਖੇ ਮੱਥਾ ਟੇਕਣਗੇ। ਇਸ ਤੋਂ ਇਲਾਵਾ ਯਾਤਰੀਆਂ ਨੂੰ ਭਗਵਾਨ ਵਾਲਮੀਕਿ ਤੀਰਥ ਸਥਲ, ਜਲ੍ਹਿਆਂਵਾਲਾ ਬਾਗ, ਪਾਰਟੀਸ਼ਨ ਮਿਊਜ਼ੀਅਮ ਅਤੇ ਵਾਹਘਾ ਬਾਰਡਰ ਸਮੇਤ ਅੰਮ੍ਰਿਤਸਰ ਦੇ ਹੋਰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਵੀ ਕਰਵਾਏ ਜਾਣਗੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕ ਭਲਾਈ ਲਈ ਲਗਾਤਾਰ ਕਾਰਜ ਕਰ ਰਹੀ ਹੈ।ਸਿਹਤ ਮੰਤਰੀ ਨੇ ਕਿਹਾ ਕਿ ਕਈ ਲੋਕ ਆਰਥਿਕ ਜਾਂ ਪਰਿਵਾਰਕ ਕਾਰਨਾਂ ਕਰਕੇ ਲੰਮੇ ਸਮੇਂ ਤੋਂ ਆਪਣੇ ਮਨਪਸੰਦ ਧਾਰਮਿਕ ਸਥਾਨਾਂ ਦੇ ਦਰਸ਼ਨ ਨਹੀਂ ਕਰ ਸਕਦੇ ਸਨ, ਪਰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਉਨ੍ਹਾਂ ਲਈ ਇੱਕ ਵੱਡੀ ਸਹੂਲਤ ਸਾਬਤ ਹੋ ਰਹੀ ਹੈ। ਸਰਕਾਰ ਵੱਲੋਂ ਯਾਤਰਾ, ਰਹਿਣ ਅਤੇ ਹੋਰ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ ਤਾਂ ਜੋ ਸ਼ਰਧਾਲੂ ਬਿਨਾਂ ਕਿਸੇ ਮੁਸ਼ਕਲ ਦੇ ਆਪਣੀ ਯਾਤਰਾ ਸੰਪੂਰਨ ਕਰ ਸਕਣ।

ਯਾਤਰਾ ’ਤੇ ਜਾਣ ਵਾਲੇ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਯੋਜਨਾ ਨੇ ਉਨ੍ਹਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਹਿਰੀ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਸਮਾਜ ਦੇ ਆਮ ਅਤੇ ਲੋੜਵੰਦ ਵਰਗ ਲਈ ਬਹੁਤ ਲਾਹੇਵੰਦ ਸਾਬਤ ਹੋ ਰਿਹਾ ਹੈ।

ਇਸ ਮੌਕੇ ਇਲਾਕਾ ਨਿਵਾਸੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

## ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਦੀ ਨਿਵੇਕਲੀ ਪਹਿਲਕਦਮੀ, ਨੌਜਵਾਨਾਂ ਨੂੰ ਪ੍ਰਸ਼ਾਸਨਿਕ ਕੰਮਕਾਜ ਤੇ ਜਨਤਕ ਨੀਤੀਆਂ ਦਾ ਅਸਲੀ ਤਜਰਬਾ ਪ੍ਰਦਾਨ ਕਰਨ ਲਈ 'ਪਬਲਿਕ ਪਾਲਿਸੀ ਇੰਟਰਨਸ਼ਿਪ ਪ੍ਰੋਗਰਾਮ' ਦੀ ਸ਼ੁਰੂਆਤ

# ਵੱਖ-ਵੱਖ ਵਿਭਾਗਾਂ ਵਿੱਚ ਬਤੌਰ ਇੰਟਰਨ ਬਿਤਾਇਆ ਸਮਾਂ ਭਵਿੱਖ ਵਿੱਚ ਨੌਜਵਾਨਾਂ ਦੇ ਬਹੁਤ ਕੰਮ ਆਵੇਗਾ : ਡਾ. ਹਿਮਾਂਸ਼ੂ ਅਗਰਵਾਲ




**ਪਟਿਆਲਾ, 19 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਦੀ ਨਿਵੇਕਲੀ ਪਹਿਲਕਦਮੀ ਤਹਿਤ ਨੌਜਵਾਨਾਂ ਨੂੰ ਪ੍ਰਸ਼ਾਸਨਿਕ ਕੰਮਕਾਜ ਅਤੇ ਜਨਤਕ ਨੀਤੀਆਂ ਦਾ ਅਸਲੀ ਤਜਰਬਾ ਪ੍ਰਦਾਨ ਕਰਨ ਲਈ ਸ਼ੁਰੂ ਕੀਤੇ ਗਏ ਦੋ ਮਹੀਨਿਆਂ ਦੇ 'ਪਬਲਿਕ ਪਾਲਿਸੀ ਇੰਟਰਨਸ਼ਿਪ ਪ੍ਰੋਗਰਾਮ' ਤਹਿਤ ਚੁਣੇ ਗਏ ਉਮੀਦਵਾਰਾਂ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਿੱਧੀ ਗੱਲਬਾਤ ਕੀਤੀ। ਇਸ ਵਿਸ਼ੇਸ਼ ਓਰੀਐਂਟੇਸ਼ਨ ਪ੍ਰੋਗਰਾਮ ਦੌਰਾਨ ਉਨ੍ਹਾਂ ਨੌਜਵਾਨ ਇੰਟਰਨਜ਼ ਨਾਲ ਜਾਣ-ਪਛਾਣ ਕਰਦਿਆਂ ਸਰਕਾਰੀ ਨੀਤੀਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਅਤੇ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣ ਲਈ ਪ੍ਰੇਰਿਆ।

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.), ਪਟਿਆਲਾ ਵੱਲੋਂ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਉਲੀਕੇ ਇਸ ਪ੍ਰੋਗਰਾਮ ਦੌਰਾਨ ਚੁਣੇ ਗਏ ਇੰਟਰਨਜ਼ ਨਾਲ ਰੂਬਰੂ ਹੁੰਦਿਆਂ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਵੱਖ-ਵੱਖ ਵਿਭਾਗਾਂ ਵਿੱਚ ਬਤੌਰ ਇੰਟਰਨ ਬਿਤਾਇਆ ਗਿਆ ਸਮਾਂ ਉਨ੍ਹਾਂ ਦੇ ਭਵਿੱਖ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ।ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਲਈ 400 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ 50 ਇੰਟਰਨਜ਼ ਦੀ ਚੋਣ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਉਮੀਦਵਾਰਾਂ ਦੇ ਵਿਦਿਅਕ ਪਿਛੋਕੜ ਅਤੇ ਰੁਚੀਆਂ ਬਾਰੇ ਜਾਣਕਾਰੀ ਹਾਸਲ ਕਰਦਿਆਂ ਉਨ੍ਹਾਂ ਦੀ ਕਾਬਲੀਅਤ ਦਾ ਸਹੀ ਇਸਤੇਮਾਲ ਯਕੀਨੀ ਬਣਾਉਣ ਲਈ ਹਰੇਕ ਉਮੀਦਵਾਰ ਨੂੰ ਉਸਦੀ ਵਿਦਿਅਕ ਯੋਗਤਾ ਅਤੇ ਨਿੱਜੀ ਰੁਚੀ ਦੇ ਆਧਾਰ 'ਤੇ ਵੱਖ-ਵੱਖ ਸਰਕਾਰੀ ਵਿਭਾਗ ਅਲਾਟ ਕੀਤੇ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਨੌਜਵਾਨਾਂ ਦੇ ਭਵਿੱਖ ਨੂੰ ਨਵੀਂ ਦਿਸ਼ਾ ਦੇਣ ਅਤੇ ਉਨ੍ਹਾਂ ਵਿੱਚ ਲੀਡਰਸ਼ਿਪ ਦੇ ਗੁਣ ਵਿਕਸਿਤ ਕਰਨ ਵਿੱਚ ਮੀਲ ਪੱਥਰ ਸਾਬਤ ਹੋਵੇਗਾ।

ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਸ ਇੰਟਰਨਸ਼ਿਪ ਪ੍ਰੋਗਰਾਮ ਦੌਰਾਨ ਦੁਵੱਲੀ ਭਾਗੀਦਾਰੀ ਨਾਲ ਜਿੱਥੇ ਪ੍ਰਸ਼ਾਸਨਿਕ ਵਿਭਾਗਾਂ ਨੂੰ ਨੌਜਵਾਨ ਦਿਮਾਗਾਂ ਦੀ ਸੋਚ ਅਤੇ ਊਰਜਾ ਦਾ ਲਾਭ ਮਿਲੇਗਾ, ਉੱਥੇ ਹੀ ਇੰਟਰਨਜ਼ ਨੂੰ ਵੀ ਸਰਕਾਰੀ ਕੰਮਕਾਜ ਦੀਆਂ ਬਾਰੀਕੀਆਂ ਨੂੰ ਨੇੜਿਓਂ ਸਮਝਣ ਅਤੇ ਸਿੱਖਣ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਤਜਰਬਾ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਵਿੱਚ ਕਾਫ਼ੀ ਲਾਹੇਵੰਦ ਸਾਬਤ ਹੋਵੇਗਾ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਕੀਤਾ ਜਾਣ ਵਾਲਾ ਸਰਟੀਫਿਕੇਟ ਵੀ ਰੁਜ਼ਗਾਰ ਦੇ ਮੌਕਿਆਂ ਦੌਰਾਨ ਉਨ੍ਹਾਂ ਲਈ ਲਾਭਕਾਰੀ ਰਹੇਗਾ।

ਉਨ੍ਹਾਂ ਕਿਹਾ ਕਿ ਅਕਸਰ ਲੋਕ ਸਿਸਟਮ ਵਿੱਚ ਕਮੀਆਂ ਦੀ ਗੱਲ ਕਰਦੇ ਹਨ, ਪਰ ਜਦੋਂ ਨੌਜਵਾਨ ਖੁਦ ਸਰਕਾਰੀ ਦਫ਼ਤਰਾਂ ਦੀ ਕਾਰਗੁਜ਼ਾਰੀ ਨੂੰ ਨੇੜਿਓਂ ਦੇਖਣਗੇ ਤਾਂ ਉਹ ਆਪਣੇ ਤਜਰਬੇ ਦੇ ਆਧਾਰ 'ਤੇ ਉਸ ਨੂੰ ਹੋਰ ਬਿਹਤਰ ਬਣਾਉਣ ਲਈ ਉਸਾਰੂ ਸੁਝਾਅ ਅਤੇ ਸਲਾਹ ਵੀ ਦੇ ਸਕਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਾਰੇ ਇੰਟਰਨਜ਼ ਹੁਣ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਦੀ ਦੇਖ-ਰੇਖ ਹੇਠ ਵੱਖ-ਵੱਖ ਪ੍ਰੋਜੈਕਟਾਂ 'ਤੇ ਕੰਮ ਕਰਨਗੇ।

ਇਸ ਪੂਰੇ ਇੰਟਰਨਸ਼ਿਪ ਪ੍ਰੋਗਰਾਮ ਅਤੇ ਪ੍ਰੋਜੈਕਟ ਦੀ ਨਿਗਰਾਨੀ ਡੀ.ਬੀ.ਈ.ਈ. ਦੇ ਡਿਪਟੀ ਸੀ.ਈ.ਓ. ਸਤਿੰਦਰ ਸਿੰਘ ਅਤੇ ਕੈਰੀਅਰ ਕਾਊਂਸਲਰ ਡਾ. ਰੂਪਸੀ ਪਾਹੂਜਾ ਵੱਲੋਂ ਕੀਤੀ ਜਾਵੇਗੀ।

ਇਸ ਓਰੀਐਂਟੇਸ਼ਨ ਪ੍ਰੋਗਰਾਮ ਦੌਰਾਨ ਸਿਵਲ ਸਰਜਨ ਦਫ਼ਤਰ ਤੋਂ ਡੀ.ਐਮ.ਸੀ. ਡਾ. ਜਸਵਿੰਦਰ ਸਿੰਘ, ਰੈੱਡ ਕਰਾਸ ਦੇ ਸਕੱਤਰ ਡਾ. ਪ੍ਰਿਤਪਾਲ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ, ਜ਼ਿਲ੍ਹਾ ਸੂਚਨਾ ਅਫ਼ਸਰ ਹਰਕ੍ਰਿਸ਼ਨ ਸਿੰਘ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਦਫ਼ਤਰ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਵੱਖ-ਵੱਖ ਹਿੰਦੂ ਸੰਗਠਨਾਂ ਦੇ ਪ੍ਰਮੁੱਖ ਪ੍ਰਤੀਨਿਧੀਆਂ ਅਤੇ ਵੱਡੀ ਗਿਣਤੀ ਵਿੱਚ ਮੰਦਰ ਕਮੇਟੀਆਂ ਦੇ ਪ੍ਰਤੀਨਿਧੀਆਂ ਨੇ ਗੋਪਾਲ ਕਲੋਨੀ ਦਾ ਦੌਰਾ ਕੀਤਾ

**ਪਟਿਆਲਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਈ ਹਿੰਦੂ ਸੰਗਠਨਾਂ ਦੀ ਸਮੂਹਿਕ ਅਗਵਾਈ ਹੇਠ, ਜਿਨ੍ਹਾਂ ਵਿੱਚ ਸ਼੍ਰੀ ਪਵਨ ਗੁਪਤਾ, ਰਾਸ਼ਟਰੀ ਪ੍ਰਧਾਨ, ਸ਼ਿਵ ਸੈਨਾ ਹਿੰਦੁਸਤਾਨ, ਸ਼੍ਰੀ ਬ੍ਰਹਮਾਨੰਦ ਗਿਰੀ, ਮੁਖੀ, ਸ਼੍ਰੀ ਹਿੰਦੂ ਤਖ਼ਤ ਭਾਰਤ (ਸ਼੍ਰੀ ਕਾਲੀ ਮਾਤਾ ਮੰਦਰ, ਪਟਿਆਲਾ) ਅਤੇ ਸ਼੍ਰੀ ਰਾਜੇਸ਼ ਕੇਹਰ, ਰਾਸ਼ਟਰੀ ਪ੍ਰਧਾਨ, ਹਿੰਦੂ ਸੁਰੱਖਿਆ ਸਮਿਤੀ, ਵੱਖ-ਵੱਖ ਹਿੰਦੂ ਸੰਗਠਨਾਂ ਦੇ ਪ੍ਰਮੁੱਖ ਪ੍ਰਤੀਨਿਧੀਆਂ ਅਤੇ ਵੱਡੀ ਗਿਣਤੀ ਵਿੱਚ ਮੰਦਰ ਕਮੇਟੀਆਂ ਦੇ ਪ੍ਰਤੀਨਿਧੀਆਂ ਨੇ ਗੋਪਾਲ ਕਲੋਨੀ ਦਾ ਦੌਰਾ ਕੀਤਾ ਤਾਂ ਜੋ ਉਸ ਵਿਆਪਕ ਹਿੰਸਾ ਅਤੇ ਭੰਨਤੋੜ ਦੇ ਸਥਾਨ ਦਾ ਜਾਇਜ਼ਾ ਲਿਆ ਜਾ ਸਕੇ ।



ਮੁਸਲਿਮ ਭਾਈਚਾਰੇ ਦੇ ਕੁਝ ਮੈਂਬਰਾਂ ਵੱਲੋਂ ਜੋ ਕਿ ਹਿੰਦੂ ਘੱਟ ਗਿਣਤੀ ਦਾ ਹਿੱਸਾ ਸਨ, ਨੇ ਉਨ੍ਹਾਂ ਅਤੇ ਉਨ੍ਹਾਂ ਦੇ ਘਰਾਂ 'ਤੇ ਹਮਲਾ ਕੀਤਾ ਸੀ। ਉਹਨਾਂ ਸਾਰੇ ਹਾਲਾਤਾਂ ਦੇ ਸਹੀ ਜਾਣਕਾਰੀ ਲੈਣ ਲਈ ਵਫਦ ਘਟਨਾ ਸਥਲ ਤੇ ਗਿਆ ਸੀ।

ਇਸ ਵਫ਼ਦ ਦੇ ਨਾਲ ਐਸਪੀ ਸਿਟੀ ਪਟਿਆਲਾ, ਸ਼੍ਰੀ ਪਲਵਿੰਦਰ ਚੀਮਾ, ਡੀਐਸਪੀ ਸਿਟੀ, ਸ਼੍ਰੀ ਸੰਜੀਵ ਸਿੰਗਲਾ ਅਤੇ ਹੋਰ ਪੁਲਿਸ ਅਧਿਕਾਰੀ ਵੀ ਨਾਲ ਸਨ।

ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ, ਜਿਨ੍ਹਾਂ ਨੇ ਮੌਕੇ 'ਤੇ ਪਹੁੰਚੇ ਸਾਰੇ ਪ੍ਰਮੁੱਖ ਹਿੰਦੂ ਨੇਤਾਵਾਂ ਦੀ ਅਗਵਾਈ ਕੀਤੀ, ਨੇ ਸਥਿਤੀ 'ਤੇ ਹੈਰਾਨੀ ਪ੍ਰਗ ਟ ਕੀਤੀ। ਉਨ੍ਹਾਂ ਦੇਖਿਆ ਕਿ ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨੇ ਹਿੰਦੂ ਭਾਈਚਾਰੇ ਦੇ ਮੈਂਬਰਾਂ ਦੇ ਨਾਲ- ਇੰਨੇ ਵੱਡੇ ਪੱਧਰ 'ਤੇ ਇੱਕ ਘਰ ਵਿੱਚ ਦਾਖਲ ਹੋ ਕੇ ਭੰਨਤੋੜ ਕੀਤੀ ਸੀ, ਅਤੇ ਉਨ੍ਹਾਂ ਨੂੰ ਦਹਿਸ਼ਤ ਫੈਲਾ ਕੇ ਘਰ ਵਿੱਚ ਦਾਖਲ ਹੋਣ ਤੋਂ ਰੋਕਿਆ ਗਿਆ ਸੀ। ਇਸ ਲਈ ਪਟਿਆਲਾ ਵਿੱਚ ਵੱਖ-ਵੱਖ ਹਿੰਦੂ ਸੰਗਠਨਾਂ ਦੇ ਪ੍ਰਤੀਨਿਧੀ ਸੱਚਾਈ ਦੀ ਜਾਂਚ ਕਰਨ ਲਈ ਪਹੁੰਚੇ ਸਨ।

ਸ਼੍ਰੀ ਹਿੰਦੂ ਤਖ਼ਤ ਭਾਰਤ ਦੇ ਪ੍ਰਧਾਨ ਸ਼੍ਰੀ ਬ੍ਰਹਮਾਨੰਦ ਗਿਰੀ, ਹਿੰਦੂ ਸੁਰੱਖਿਆ ਸਮਿਤੀ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਰਾਜੇਸ਼ ਕੇਹਰ ਅਤੇ ਵਿਸ਼ਵ ਹਿੰਦੂ ਸੁਰੱਖਿਆ ਪ੍ਰੀਸ਼ਦ ਦੇ ਰਾਸ਼ਟਰੀ ਸੰਗਠਨ ਮੰਤਰੀ ਸ਼੍ਰੀ ਸਾਹਿਲ ਗੋਇਲ ਨੇ ਵੀ ਗੋਪਾਲ ਕਲੋਨੀ ਵਿੱਚ ਵਾਪਰੀਆਂ ਘਟਨਾਵਾਂ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਅਜਿਹਾ ਮਹਿਸੂਸ ਹੋਇਆ ਜਿਵੇਂ ਅਸੀਂ ਕਸ਼ਮੀਰ ਘਾਟੀ ਵਿੱਚ ਹਾਂ। ਉਨ੍ਹਾਂ ਮੰਗ ਕੀਤੀ ਕਿ ਪਟਿਆਲਾ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਉਨ੍ਹਾਂ ਸਮਾਜ ਵਿਰੋਧੀ ਤੱਤਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰੇ ਜਿਨ੍ਹਾਂ ਨੇ ਪਟਿਆਲਾ ਵਿੱਚ ਫਿਰਕੂ ਮਾਹੌਲ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ, ਤਾਂ ਜੋ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਵਾਪਰਨ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਘੱਟ ਗਿਣਤੀ ਭਾਈਚਾਰਿਆਂ ਵਿੱਚ ਰਹਿਣ ਵਾਲੇ ਹਿੰਦੂਆਂ ਨੂੰ ਭਾਰਤ ਦੇ ਸੰਵਿਧਾਨ ਤਹਿਤ ਉਹ ਸੁਰੱਖਿਆ ਮਿਲੇ ਜਿਸ ਦੇ ਉਹ ਹੱਕਦਾਰ ਹਨ।

ਸ਼੍ਰੀ ਭੂਤਨਾਥ ਮੰਦਰ ਕਮੇਟੀ ਦੇ ਪ੍ਰਧਾਨ ਸ਼੍ਰੀ ਵੀਰੇਂਦਰ ਕੁਮਾਰ ਅਤੇ ਸੁਸ਼ੀਲ ਨਾਇਰ ਅਤੇ ਇੱਕ ਪ੍ਰਮੁੱਖ ਹਿੰਦੂ ਸਮਾਜ ਸੇਵਕ ਅਤੇ ਪ੍ਰਸਿੱਧ ਪੱਤਰਕਾਰ ਸ਼੍ਰੀ ਅਨੁਰਾਗ ਸ਼ਰਮਾ ਸਮੇਤ ਕਈ ਹਿੰਦੂ ਸੰਗਠਨਾਂ ਅਤੇ ਵੱਖ-ਵੱਖ ਮੰਦਰ ਕਮੇਟੀਆਂ ਦੇ ਪ੍ਰਤੀਨਿਧੀਆਂ ਨੇ ਸਥਿਤੀ ਨੂੰ ਦੇਖਣ 'ਤੇ ਕਿਹਾ ਕਿ ਗੁੰਡਾਗਰਦੀ ਇੰਨੇ ਵੱਡੇ ਪੱਧਰ 'ਤੇ ਕੀਤੀ ਗਈ ਹੈ ਕਿ ਹਿੰਦੂ ਭਾਈਚਾਰਾ ਇਸਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਨੇ ਮੌਕੇ 'ਤੇ ਮੌਜੂਦ ਐਸਪੀ ਸਿਟੀ ਰਾਹੀਂ ਪਟਿਆਲਾ ਦੇ ਐਸਐਸਪੀ ਨੂੰ ਅਪੀਲ ਕੀਤੀ ਕਿ ਉਹ ਅਜਿਹੀ ਗੁੰਡਾਗਰਦੀ ਵਿੱਚ ਸ਼ਾਮਲ ਲੋਕਾਂ, ਖਾਸ ਕਰਕੇ ਉਨ੍ਹਾਂ ਲੋਕਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਜੋ ਖੁੱਲ੍ਹੇਆਮ ਘਰਾਂ ਵਿੱਚ ਦਾਖਲ ਹੋ ਕੇ ਭੰਨਤੋੜ ਕਰਦੇ ਹਨ, ਤਾਂ ਜੋ ਕੋਈ ਵੀ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣ ਦੀ ਹਿੰਮਤ ਨਾ ਕਰੇ।

ਕਈ ਹਿੰਦੂ ਸੰਗਠਨਾਂ ਦੇ ਨੁਮਾਇੰਦਿਆਂ ਨੇ ਉਮੀਦ ਪ੍ਰਗਟ ਕੀਤੀ ਕਿ ਪਟਿਆਲਾ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰੇਗਾ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪਟਿਆਲਾ ਵਿੱਚ ਫਿਰਕੂ ਮਾਹੌਲ ਪੂਰੀ ਤਰ੍ਹਾਂ ਸ਼ਾਂਤੀਪੂਰਨ ਰਹੇ, ਸਮਾਜ ਦਾ ਕੋਈ ਵੀ ਖਾਸ ਵਰਗ ਕਾਨੂੰਨ ਵਿਵਸਥਾ ਨੂੰ ਚੁਣੌਤੀ ਨਾ ਦੇ ਸਕੇ, ਅਤੇ ਡਰ ਦਾ ਮਾਹੌਲ ਖਤਮ ਹੋ ਜਾਵੇ।

ਇਸ ਦੌਰੇ ਦੌਰਾਨ, ਸ਼੍ਰੀ ਹੇਮਰਾਜ ਗੋਇਲ, ਸ਼੍ਰੀ ਹਿਤੇਸ਼ ਰਿੰਕੂ, ਸ਼੍ਰੀ ਸ਼ਮਾਕਾਂਤ ਪਾਂਡੇ, ਸ਼੍ਰੀ ਕ੍ਰਿਸ਼ਨਾ ਗਾਬਾ, ਸ਼੍ਰੀ ਰਾਜੇਸ਼ ਕੌਸ਼ਿਕ, ਸ਼੍ਰੀ ਰਵੀ ਸੋਹਲ, ਸ਼੍ਰੀ ਮਨੋਜ ਰਾਜਨ, ਸ਼੍ਰੀ ਗੁਰਪ੍ਰੀਤ ਬੱਗੀ, ਸ਼੍ਰੀ ਰਵਿੰਦਰ ਸਿੰਗਲਾ, ਸ਼੍ਰੀ ਵਿਸ਼ਾਲ ਕੁਮਾਰ, ਸ਼੍ਰੀ ਮੈਦਾਨ ਗਿਰੀ, ਸ਼੍ਰੀ ਸ਼ਰਵਣ ਕੁਮਾਰ, ਸ਼੍ਰੀ ਪਵਨ ਸਦਾਨਾ ਆਦਿ ਸਮੇਤ ਵੱਖ-ਵੱਖ ਹਿੰਦੂ ਸੰਗਠਨਾਂ ਦੇ ਆਗੂ ਮੌਜੂਦ ਸਨ।

ਭਾਰਤ ਦੇ ਡਿਪਟੀ ਚੋਣ ਕਮਿਸ਼ਨਰ ਸ਼੍ਰੀ ਭਾਨੂ ਪ੍ਰਕਾਸ਼ ਯੇਤੂਰੂ ਨੇ ਸਰਕਾਰੀ ਬਿਕਰਮ ਕਾਲਜ ਆਫ ਕਾਮਰਸ, ਪਟਿਆਲਾ ਵਿਖੇ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਵੀਜਨ (ਐਸਆਈਆਰ) ਲਈ ਬੂਥ ਲੈਵਲ ਅਫਸਰਾਂ (ਬੀਐਲਓਜ) ਲਈ ਕਰਵਾਏ ਗਏ ਸਿਖਲਾਈ ਸੈਸ਼ਨ ਦਾ ਨਿਰੀਖਣ ਕੀਤਾ। ਸਿਖਲਾਈ ਸੈਸ਼ਨ ਦੌਰਾਨ ਮੁੱਖ ਚੋਣ ਅਫਸਰ, ਪੰਜਾਬ, ਸ਼੍ਰੀਮਤੀ ਅਨਿੰਦਿਤਾ ਮਿੱਤਰਾ, ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਡਾ. ਹਿਮਾਂਸ਼ੂ ਅਗਰਵਾਲ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# 20 ਜੂਨ ਤੱਕ ਈ-ਕੇਵਾਈਸੀ ਅਤੇ ਜ਼ਮੀਨ ਤਸਦੀਕ ਕਰਵਾਉਣ ਦੀ ਅਪੀਲ : ਮੁੱਖ ਖੇਤੀਬਾੜੀ ਅ.ਫਸਰ

**ਪਟਿਆਲਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫਸਰ ਪਟਿਆਲਾ ਡਾ. ਦਾਰਾ ਸਿੰਘ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਕਿਸਾਨਾਂ ਵੱਲੋਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ (ਪੀ.ਐਮ. ਕਿਸਾਨ) ਯੋਜਨਾ ਤਹਿਤ ਆਪਣੀ ਈ-ਕੇਵਾਈਸੀ ਅਤੇ ਜ਼ਮੀਨ ਦੀ ਤਸਦੀਕ ਦੀ ਪ੍ਰਕਿਰਿਆ ਅਜੇ ਤੱਕ ਪੂਰੀ ਨਹੀਂ ਕੀਤੀ ਗਈ, ਉਹ ਅਗਲੀ ਕਿਸ਼ਤ ਦਾ ਲਾਭ ਲੈਣ ਲਈ 20 ਜੂਨ ਤੱਕ ਇਹ ਕਾਰਵਾਈ ਹਰ ਹਾਲਤ ਵਿੱਚ ਮੁਕੰਮਲ ਕਰਵਾਉਣ।



ਉਹਨਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਪੀ.ਐਮ. ਕਿਸਾਨ ਯੋਜਨਾ ਦੇ ਲਾਭਪਾਤਰੀਆਂ ਲਈ ਈ-ਕੇਵਾਈਸੀ ਅਤੇ ਜ਼ਮੀਨ ਦੀ ਤਸਦੀਕ ਨੂੰ ਲਾਜ਼ਮੀ ਬਣਾਇਆ ਗਿਆ ਹੈ। ਇਸ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਯੋਜਨਾ ਦਾ ਲਾਭ ਸਿਰਫ਼ ਯੋਗ ਅਤੇ ਅਸਲ ਕਿਸਾਨਾਂ ਤੱਕ ਹੀ ਪਹੁੰਚੇ। ਜਿਹੜੇ ਕਿਸਾਨ ਇਹ ਪ੍ਰਕਿਰਿਆ ਸਮੇਂ ਸਿਰ ਪੂਰੀ ਨਹੀਂ ਕਰਵਾਉਣਗੇ, ਉਨ੍ਹਾਂ ਨੂੰ ਅਗਲੀ ਕਿਸ਼ਤ ਪ੍ਰਾਪਤ ਕਰਨ ਵਿੱਚ ਦਿੱਕਤ ਆ ਸਕਦੀ ਹੈ ਜਾਂ ਭੁਗਤਾਨ ਵਿੱਚ ਦੇਰੀ ਹੋ ਸਕਦੀ ਹੈ।

ਡਾ. ਦਾਰਾ ਸਿੰਘ ਨੇ ਕਿਹਾ ਕਿ ਕਿਸਾਨ ਆਪਣੇ ਨੇੜਲੇ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀ.), ਸੁਵਿਧਾ ਕੇਂਦਰ ਜਾਂ ਖੇਤੀਬਾੜੀ ਵਿਭਾਗ ਦੇ ਦਫ਼ਤਰ ਨਾਲ ਸੰਪਰਕ ਕਰਕੇ ਈ-ਕੇਵਾਈਸੀ ਅਤੇ ਜ਼ਮੀਨ ਦੀ ਤਸਦੀਕ ਦੀ ਪ੍ਰਕਿਰਿਆ ਆਸਾਨੀ ਨਾਲ ਪੂਰੀ ਕਰਵਾ ਸਕਦੇ ਹਨ।

ਇਸ ਤੋਂ ਇਲਾਵਾ, ਕਿਸਾਨ ਪੀ.ਐਮ. ਕਿਸਾਨ ਪੋਰਟਲ 'ਤੇ ਜਾ ਕੇ ਆਪਣੀ ਅਰਜ਼ੀ ਅਤੇ ਭੁਗਤਾਨ ਸਬੰਧੀ ਸਥਿਤੀ ਦੀ ਵੀ ਜਾਂਚ ਕਰ ਸਕਦੇ ਹਨ।

ਉਹਨਾਂ ਅੱਗੇ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਲੋੜੀਂਦੀ ਜਾਣਕਾਰੀ ਅਤੇ ਮਾਰਗਦਰਸ਼ਨ ਮੁਹੱਈਆ ਕਰਵਾਇਆ ਜਾ ਰਿਹਾ ਹੈ। ਕਿਸਾਨ ਕਿਸੇ ਵੀ ਤਕਨੀਕੀ ਜਾਂ ਪ੍ਰਕਿਰਿਆਤਮਕ ਸਮੱਸਿਆ ਦੇ ਹੱਲ ਲਈ ਆਪਣੇ ਨਜ਼ਦੀਕੀ ਖੇਤੀਬਾੜੀ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

ਮੁੱਖ ਖੇਤੀਬਾੜੀ ਅਫਸਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਖਰੀ ਮਿਤੀ ਦੀ ਉਡੀਕ ਕਰਨ ਦੀ ਬਜਾਏ ਜਲਦੀ ਤੋਂ ਜਲਦੀ ਆਪਣੀ ਈ-ਕੇਵਾਈਸੀ ਅਤੇ ਜ਼ਮੀਨ ਦੀ ਤਸਦੀਕ ਕਰਵਾਉਣ ਤਾਂ ਜੋ ਕਿਸੇ ਵੀ ਅਸੁਵਿਧਾ ਤੋਂ ਬਚਿਆ ਜਾ ਸਕੇ ਅਤੇ ਯੋਜਨਾ ਦੀ ਅਗਲੀ ਕਿਸ਼ਤ ਸਮੇਂ ਸਿਰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪ੍ਰਾਪਤ ਹੋ ਸਕੇ। ਉਨ੍ਹਾਂ ਨੇ ਕਿਸਾਨਾਂ ਨੂੰ ਹੋਰ ਵੀ ਅਪੀਲ ਕੀਤੀ ਕਿ ਉਹ ਆਪਣੇ ਆਸ-ਪਾਸ ਦੇ ਹੋਰ ਲਾਭਪਾਤਰੀ ਕਿਸਾਨਾਂ ਨੂੰ ਵੀ ਇਸ ਸਬੰਧੀ ਜਾਣੂ ਕਰਵਾਉਣ ਤਾਂ ਜੋ ਕੋਈ ਵੀ ਯੋਗ ਕਿਸਾਨ ਯੋਜਨਾ ਦੇ ਲਾਭ ਤੋਂ ਵਾਂਝਾ ਨਾ ਰਹਿ ਜਾਵੇ।

# ਪੁਲਿਸ ਵੱਲੋਂ ਪਬਲਿਕ ਨੂੰ ਇੱਕ ਪਲੇਟਫਾਰਮ ਤੇ ਇੱਕਠੀਆਂ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਪੰਜਾਬੀ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨੂੰ ਜਾਣਕਾਰੀ ਦਿੱਤੀ : ਸੁਖਜਿੰਦਰ ਸਿੰਘ ਬਾਜਵਾ

**ਪਟਿਆਲਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ,ਸਪੈਸ਼ਲ ਡੀ ਜੀ ਪੀ ਕਮਾਊਨਿਟੀ ਅਫੇਅਰ ਡਵੀਜ਼ਨ ਪੰਜਾਬ ਗੁਰਪ੍ਰੀਤ ਕੌਰ ਦਿਉਂ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ ਜ਼ਿਲ੍ਹਾ ਕਾਮਊਨਿਟੀ ਅਫੇਅਰ ਅਫ਼ਸਰ ਵੈਭਵ ਚੌਧਰੀ, ਐਸ ਪੀ ਸਿਟੀ ਪਲਵਿੰਦਰ ਸਿੰਘ ਚੀਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਬਲਿਕ ਨੂੰ ਦਿੱਤੀਆਂ ਜਾ ਰਹੀਆਂ ਇੱਕ ਪਲੇਟਫਾਰਮ ਤੇ ਇੱਕਠੀਆਂ ਸੁਵਿਧਾਵਾਂ ਬਾਰੇ ਜਾਣਕਾਰੀ ਲੈਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਕਾਈਟਿਟਸ ਵਿਭਾਗ ਦੀਆਂ ਵਿਦਿਆਰਥਣਾਂ ਰਾਜਦੀਪ ਕੌਰ, ਸ਼ਰਨਦੀਪ ਕੌਰ, ਹਸਨਦੀਪ ਕੌਰ, ਪ੍ਰਨੀਤ ਕੌਰ,ਨੀਮਕਾ, ਅਰਹਮ ਸ਼ੌਕਤ, ਮਨਦੀਪ ਕੌਰ, ਨਵਜੋਤ ਕੌਰ, ਪ੍ਰਨੀਤ ਕੌਰ ਵੱਲੋਂ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਪੁਨਰਵਾਸ ਕੇਂਦਰ ਪਟਿਆਲਾ ਦੇ ਪ੍ਰਾਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਸਾਂਝ ਕੇਂਦਰ ਪਟਿਆਲਾ ਦੀ ਅਗਵਾਈ ਹੇਠ ਦੌਰਾ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਪੰਜਾਬੀ ਯੂਨੀਵਰਸਿਟੀ ਦੀਆਂ ਵਿਦਿਆਰਥੀਆਂਨਾ ਨੂੰ ਜ਼ਿਲ੍ਹਾ ਸਾਂਝ ਕੇਂਦਰਾਂ ਵੱਲੋਂ ਪਬਲਿਕ ਨੂੰ ਇੱਕ ਪਲੇਟਫਾਰਮ ਤੇ ਇੱਕਠੀਆਂ ਦਿੱਤੀਆਂ ਜਾ ਸਾਂਝ ਸੁਵਿਧਾਵਾਂ ਬਾਰੇ ਅਤੇ ਯੁੱਧ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।



ਇਸ ਮੌਕੇ ਉਹਨਾਂ ਕਿਹਾ ਕਿ ਸਾਂਝ ਕੇਂਦਰਾਂ ਪਟਿਆਲਾ ਵੱਲੋਂ ਇੱਕ ਪਲੇਟਫਾਰਮ ਤੇ ਇੱਕਠੀਆਂ 44 ਦਿੱਤੀਆਂ ਜਾ ਰਹੀਆਂ ਸੁਵਿਧਾਵਾ ਦਿੱਤੀਆਂ ਜਾ ਰਹੀਆਂ ਹਨ, ਜਿਸ ਵਿੱਚ ਅਸਲਾ ਲਾਇਸੈਂਸ, ਪਾਸਪੋਰਟ ਵੈਰੀਫਿਕੇਸ਼ਨ, ਕੋਈ ਵੀ ਦਸਤਾਵੇਜ਼ ਗੁੰਮ ਹੋਣ ਤੇ ਐਫ ਆਈ ਆਰ ਇਸ ਤੋਂ ਇਲਾਵਾ ਅਨੇਕਾਂ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ ਇਸ ਦਾ ਫਾਇਦਾ ਪਬਲਿਕ ਨੂੰ ਉਠਾਉਣਾ ਚਾਹੀਦਾ। ਉਹਨਾਂ ਕਿਹਾ ਕਿ ਸ਼ਕਤੀ ਐਪ,ਪੀ ਪੀ ਸਾਂਝ ਐਪ ਅਤੇ ਸਾਈਬਰ ਸੁਰੱਖਿਆ, ਬੱਚਿਆਂ ਔਰਤਾਂ , ਬੁਜ਼ੁਰਗਾਂ ਦੀ ਸੁਰੱਖਿਆ ਲਈ ਸ਼ੁਰੂ ਕੀਤੇ 112,181,1091 ਅਤੇ ਸਾਇਬਰ ਸੁਰੱਖਿਆ ਸਬੰਧੀ ਨੰਬਰ 1930 ਬਾਰੇ ਵੀ ਵਿਦਿਆਰਥਣਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ। ਇਸ ਮੌਕੇ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਵਿਦਿਆਰਥਣਾਂ ਨੂੰ ਸਾਂਝ ਸੁਵਿਧਾਵਾਂ ਬਾਰੇ ਪ੍ਰਚਾਰ ਸਮੱਗਰੀ ਵੀ ਵੰਡੀ ਗਈ। ਇਸ ਮੌਕੇ ਉਪਕਾਰ ਸਿੰਘ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਪ੍ਰਤਾਪ ਸ਼ਾਹੀ, ਅਮਰਜੀਤ ਲੰਗ, ਤੇਜਿੰਦਰ ਮਡੋੜ,, ਜੁਗਰਾਜ ਸਿੰਘ ਚਾਹਲ, ਠੇਕੇਦਾਰ ਗੁਰਬਚਨ ਸਿੰਘ, ਕੁਲਦੀਪ ਸਿੰਘ, ਸਾਕੇਤ ਹਸਪਤਾਲ ਤੋਂ ਕੌਂਸਲਰ ਅਮਰਜੀਤ ਕੌਰ,ਕੌਂਸਲਰ ਜਸਪ੍ਰੀਤ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਸਹਿਯੋਗ ਦਿੱਤਾ ਗਿਆ ਅਤੇ ਸਾਰੀਆਂ ਵਿਦਿਆਰਥਣਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ ਅਤੇ ਸਾਰੀਆਂ ਵਿਦਿਆਰਥਣਾਂ ਨੂੰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਸਰਟੀਫਿਕੇਟ ਵੀ ਦਿੱਤੇ ਗਏ।

# ਏਆਈ ਫਾਰ ਐਜੂਕੇਟਰਜ਼ ਪ੍ਰੋਗਰਾਮ ਦੇ 75 ਅਧਿਆਪਕ ਹੋਏ ਗ੍ਰੈਜੂਏਟ

**ਲੁਧਿਆਣਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੈਂਟਰ ਫਾਰ ਏਆਈ, ਐਮਬੀਸੀਆਈਈ-ਸੈਟੇਲਾਈਟ ਸੈਂਟਰ ਆਈਆਈਟੀ ਰੋਪੜ ਵੱਲੋਂ ਐਮਬੀਸੀਆਈਈ ਕੈਂਪਸ, ਬੀਸੀਐਮ ਸਕੂਲ ਲੁਧਿਆਣਾ ਵਿਖੇ ÷ਏਆਈ ਫਾਰ ਐਜੂਕੇਟਰਜ਼ ਗ੍ਰੈਜੂਏਸ਼ਨ ਸਮਾਰੋਹ 2026÷ (ਬੈਚ-02) ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਪ੍ਰੋਗਰਾਮ ਸਫਲਤਾਪੂਰਵਕ ਪੂਰਾ ਕਰਨ ਵਾਲੇ 75 ਅਧਿਆਪਕਾਂ ਨੂੰ ਗ੍ਰੈਜੂਏਸ਼ਨ ਸਰਟੀਫਿਕੇਟ ਪ੍ਰਦਾਨ ਕੀਤੇ ਗਏ।




ਐਮਬੀਸੀਆਈਈ ਦੇ ਐਗਜ਼ਿਕਿਊਟਿਵ ਡਾਇਰੈਕਟਰ ਡਾ. ਪ੍ਰੇਮ ਕੁਮਾਰ ਨੇ ਸੈਂਟਰ ਦੀਆਂ ਉਪਲਬਧੀਆਂ ਅਤੇ ਸਿੱਖਿਆ ਵਿੱਚ ਏਆਈ ਦੇ ਜ਼ਿੰਮੇਵਾਰ ਉਪਯੋਗ ਬਾਰੇ ਜਾਣਕਾਰੀ ਦਿੱਤੀ।

ਸਮਾਰੋਹ ਵਿੱਚ ਮੁੱਖ ਮਹਿਮਾਨ ਆਦਿਤਿਆ ਮਦਾਨ, ਵਿਸ਼ੇਸ਼ ਮਹਿਮਾਨ ਪੰਕਜ ਜੋਸ਼ੀ ਅਤੇ ਪ੍ਰਧਾਨਗੀ ਅਧਿਕਾਰੀ ਦੇਵਾਕਰ ਜੈਨ ਨੇ ਅਧਿਆਪਕਾਂ ਨੂੰ ਭਵਿੱਖ-ਕੇਂਦਰਿਤ ਹੁਨਰਾਂ ਨੂੰ ਅਪਣਾਉਣ ਅਤੇ ਸਿੱਖਿਆ ਵਿੱਚ ਨਵੀਆਂ ਤਕਨਾਲੋਜੀਆਂ ਦੀ ਵਰਤੋਂ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਭਾਗੀਦਾਰਾਂ ਨੂੰ ਮੈਡਲ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਮਾਰੋਹ ਦਾ ਸਮਾਪਨ ਧੰਨਵਾਦੀ ਭਾਸ਼ਣ, ਰਾਸ਼ਟਰੀ ਗੀਤ, ਸਮੂਹਿਕ ਫੋਟੋਗ੍ਰਾਫ਼ੀ ਅਤੇ ਨੈੱਟਵਰਕਿੰਗ ਸੈਸ਼ਨ ਨਾਲ ਹੋਇਆ। ਪ੍ਰਬੰਧਕਾਂ ਨੇ ਭਵਿੱਖ ਲਈ ਤਿਆਰ ਅਧਿਆਪਕਾਂ ਦਾ ਮਜ਼ਬੂਤ ਸਮੁਦਾਇ ਤਿਆਰ ਕਰਨ ਦੇ ਆਪਣੇ ਸੰਕਲਪ ਨੂੰ ਦੁਹਰਾਇਆ।

# ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦੀ ਮੌਜੂਦਗੀ ਵਿੱਚ ਡਾ. ਚਰਨਜੀਤ ਸਿੰਘ ਅਤੇ ਦੇਵਿੰਦਰ ਬਾਗੜੀਆ ਭਾਜਪਾ ਵਿੱਚ ਸ਼ਾਮਲ



**ਲੁਧਿਆਣਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੀ ਇੱਕ ਮਹੱਤਵਪੂਰਨ ਮੀਟਿੰਗ ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਦੀ ਅਗਵਾਈ ਹੇਠ ਜ਼ਿਲ੍ਹਾ ਦਫ਼ਤਰ ਵਿੱਚ ਆਯੋਜਿਤ ਕੀਤੀ ਗਈ। ਇਸ ਮੌਕੇ ਕੇਂਦਰੀ ਪੈਟਰੋਲੀਅਮ ਅਤੇ ਪ੍ਰਾਕ੍ਰਿਤਿਕ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

ਮੀਟਿੰਗ ਦੌਰਾਨ ਡਾ. ਚਰਨਜੀਤ ਸਿੰਘ ਅਤੇ ਦੇਵਿੰਦਰ ਬਾਗੜੀਆ ਨੇ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਪਾਰਟੀ ਦੀ ਲੋਕ-ਹਿਤੈਸ਼ੀ ਸੋਚ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਦਾ ਪੱਲਾ ਫੜ ਲਿਆ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਦੋਵੇਂ ਆਗੂਆਂ ਨੂੰ ਪਾਰਟੀ ਦਾ ਪਟਕਾ ਪਹਿਨਾ ਕੇ ਭਾਜਪਾ ਵਿੱਚ ਸ਼ਾਮਲ ਕਰਵਾਇਆ ਅਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿਕਾਸ, ਸੁਸ਼ਾਸਨ ਅਤੇ ਲੋਕ-ਕਲਿਆਣ ਦੇ ਨਵੇਂ ਮਾਪਦੰਡ ਸਥਾਪਿਤ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਦੀਆਂ ਨੀਤੀਆਂ ਅਤੇ ਸਰਕਾਰ ਦੀਆਂ ਲੋਕ-ਭਲਾਈ ਯੋਜਨਾਵਾਂ ਤੋਂ ਪ੍ਰਭਾਵਿਤ ਹੋ ਕੇ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕ ਲਗਾਤਾਰ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਭਰੋਸਾ ਜਤਾਇਆ ਕਿ ਨਵੇਂ ਮੈਂਬਰ ਆਪਣੇ ਤਜਰਬੇ ਅਤੇ ਯੋਗਦਾਨ ਨਾਲ ਪਾਰਟੀ ਸੰਗਠਨ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਕਿਹਾ ਕਿ ਭਾਜਪਾ ਦੁਨੀਆ ਦੀ ਸਭ ਤੋਂ ਵੱਡੀ ਲੋਕਤਾਂਤਰਿਕ ਪਾਰਟੀ ਹੈ ਅਤੇ ਇਸ ਦੀਆਂ ਲੋਕ-ਹਿਤੈਸ਼ੀ ਨੀਤੀਆਂ ਕਾਰਨ ਹਰ ਵਰਗ ਦਾ ਭਰੋਸਾ ਪਾਰਟੀ ਪ੍ਰਤੀ ਲਗਾਤਾਰ ਵੱਧ ਰਿਹਾ ਹੈ। ਉਨ੍ਹਾਂ ਡਾ. ਚਰਨਜੀਤ ਸਿੰਘ ਅਤੇ ਦੇਵਿੰਦਰ ਬਾਗੜੀਆ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਮਾਜਿਕ ਅਤੇ ਜਨਸੇਵਾ ਖੇਤਰ ਦੇ ਤਜਰਬੇ ਦਾ ਲਾਭ ਸੰਗਠਨ ਨੂੰ ਜ਼ਰੂਰ ਮਿਲੇਗਾ।

ਇਸ ਮੌਕੇ ਭਾਜਪਾ ਦੇ ਪ੍ਰਦੇਸ਼ ਉਪ ਪ੍ਰਧਾਨ ਜਤਿੰਦਰ ਮਿੱਤਲ, ਖਜ਼ਾਨਚੀ ਗੁਰਦੇਵ ਸ਼ਰਮਾ ਦੇਬੀ, ਪਰਵੀਨ ਬੰਸਲ, ਜ਼ਿਲ੍ਹਾ ਮਹਾਂਮੰਤਰੀ ਯਸ਼ਪਾਲ ਜਨੋਤਰਾ ਸਮੇਤ ਪਾਰਟੀ ਦੇ ਹੋਰ ਸੀਨੀਅਰ ਅਹੁਦੇਦਾਰ ਅਤੇ ਵਰਕਰਜ਼ ਵੀ ਹਾਜ਼ਰ ਸਨ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਤਿ ਡਾ. ਰਤਨ ਸਿੰਘ ਜੱਗੀ ਯਾਦਗਾਰੀ ਭਾਸ਼ਣ



**ਪਟਿਆਲਾ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਸਰਪ੍ਰਸਤੀ ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਉੱਘੇ ਵਿਦਵਾਨ ਪਦਮਸ੍ਰੀ ਡਾ. ਰਤਨ ਸਿੰਘ ਜੱਗੀ ਦੀ ਯਾਦ 'ਚ ਇਕ ਯਾਦਗਾਰੀ ਭਾਸ਼ਣ ਭਾਸ਼ਾ ਭਵਨ ਪਟਿਆਲਾ ਵਿਖੇ ਕਰਵਾਇਆ ਗਿਆ। 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾ ਪ੍ਰਸੰਗ' ਵਿਸ਼ੇ 'ਤੇ ਕਰਵਾਏ ਗਏ ਇਸ ਭਾਸ਼ਣ ਦੌਰਾਨ ਡਾ. ਬਲਕਾਰ ਸਿੰਘ ਨੇ ਆਪਣਾ ਭਾਵਪੂਰਤ ਖੋਜ ਪੱਤਰ ਪੜ੍ਹਿਆ।

ਸਮਾਗਮ 'ਚ ਹੌਸਲਾ ਅਫ਼ਜ਼ਾਈ ਲਈ ਡਾ. ਗੁਰਸ਼ਰਨ ਕੌਰ ਜੱਗੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਬੀ. ਐਸ. ਰਤਨ (ਸੇਵਾ ਮੁਕਤ ਆਈ.ਆਰ.ਐਸ.) ਨੇ ਕੀਤੀ। ਡਾ. ਚਰਨਜੀਤ ਕੌਰ ਬਰਾੜ ਨੇ ਡਾ. ਰਤਨ ਸਿੰਘ ਜੱਗੀ ਬਾਰੇ ਵਿਚਾਰ ਪੇਸ਼ ਕੀਤੇ।

ਸਮਾਗਮ ਦੌਰਾਨ ਜਿੱਥੇ ਬੁਲਾਰਿਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਪ੍ਰਸੰਗ ਦਾ ਧਿਆਨ ਧਰਦਿਆਂ ਗੁਰਮਤਿ ਦੇ ਮਹਾਨ ਖੋਜੀ ਵਿਦਵਾਨ ਡਾ. ਰਤਨ ਸਿੰਘ ਜੱਗੀ ਦੇ ਜੀਵਨ ਬਾਰੇ ਚਾਨਣਾ ਪਾਇਆ ਉਸ ਦੇ ਨਾਲ-ਨਾਲ ਉਨ੍ਹਾਂ ਦੀ ਆਪਣੇ ਕੰਮ ਪ੍ਰਤੀ ਲਗਨ ਨੂੰ ਵੀ ਬਿਆਨ ਕੀਤਾ।

ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਜਦਾ ਕੀਤਾ ਤੇ ਫਿਰ ਡਾ. ਰਤਨ ਸਿੰਘ ਜੱਗੀ ਵੱਲੋਂ ਗੁਰਮਤ ਕਾਵਿ ਅਤੇ ਸਿੱਖ ਇਤਿਹਾਸ ਉੱਤੇ ਕੀਤੇ ਵੱਡੇ ਖੋਜ ਕਾਰਜਾਂ ਦਾ ਜ਼ਿਕਰ ਕੀਤਾ।

ਮੁੱਖ ਭਾਸ਼ਣਕਾਰ ਪ੍ਰੋਫੈਸਰ ਬਲਕਾਰ ਸਿੰਘ ਨੇ ਸਮਾਗਮ ਦੇ ਵਿਸ਼ੇ 'ਤੇ ਆਪਣਾ ਖੋਜ ਪੱਤਰ ਸਾਂਝਾ ਕੀਤਾ ਤੇ ਦੱਸਿਆ ਕਿ 'ਭਾਸ਼ਾ ਉਹ ਸਾਂਝਾ ਅਰਥ ਹੈ ਜਿਸ ਵਿੱਚ ਮਨੁੱਖ, ਕੁਦਰਤ ਅਤੇ ਭਵਿੱਖ ਇੱਕ ਦੂਜੇ ਨੂੰ ਪਛਾਣਦੇ ਹਨ। ਪੰਜਾਬ ਦਾ ਭਵਿੱਖ ਪੰਜਾਬੀ ਭਾਸ਼ਾਈਕਰਨ ਦਾ ਭਵਿੱਖ ਹੋਵੇਗਾ। ਡਾ. ਚਰਨਜੀਤ ਕੌਰ ਬਰਾੜ ਨੇ ਡਾ. ਰਤਨ ਸਿੰਘ ਜੱਗੀ ਦੀ ਜ਼ਿੰਦਗੀ ਦੀਆਂ ਕਈ ਘਟਨਾਵਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੀ ਮਿਹਨਤ ਅਤੇ ਕਾਬਲੀਅਤ ਨੂੰ ਸਲਾਮ ਕੀਤਾ ਤੇ ਨਾਲ ਹੀ ਉਨ੍ਹਾਂ ਅੱਜ ਦੇ ਨੌਜਵਾਨਾਂ ਨੂੰ ਡਾ. ਰਤਨ ਸਿੰਘ ਜੱਗੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਨੂੰ ਕਿਹਾ।

ਇਸ ਮੌਕੇ ਮਹਿਮਾਨ ਸ਼ਖਸ਼ੀਅਤਾਂ ਨੂੰ ਵਿਭਾਗ ਵੱਲੋਂ ਵਿਭਾਗੀ ਸ਼ਾਲਾਂ ਅਤੇ ਪੁਸਤਕਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਮਨਜਿੰਦਰ ਸਿੰਘ ਨੇ ਕੀਤਾ ਤੇ ਡਾ. ਸਤਪਾਲ ਸਿੰਘ ਨੇ ਧੰਨਵਾਦੀ ਸ਼ਬਦ ਕਹੇ। ਇਸ ਮੌਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨ ਡਾ. ਕੇਹਰ ਸਿੰਘ , ਸਾਬਕਾ ਚੇਅਰਮੈਨ ਪੰਜਾਬ ਪਾਵਰ ਕਾਰਪੋਰੇਸ਼ਨ ਇੰਜੀਨੀਅਰ ਬਲਦੇਵ ਸਿੰਘ, ਸਾਬਕਾ ਡਾਇਰੈਕਟਰ ਹਰਜੀਤ ਸਿੰਘ, ਸੇਵਾਮੁਕਤ ਚੀਫ ਇੰਜੀਨੀਅਰ ਜਤਿੰਦਰ ਸਿੰਘ , ਲੁਧਿਆਣਾ ਤੋਂ ਨਾਮਧਾਰੀ ਸੂਬਾ ਹਰਭਜਨ ਸਿੰਘ, ਸਾਬਕਾ ਆਈ.ਏ.ਐਸ. ਮਾਲਵਿੰਦਰ ਸਿੰਘ ਜੱਗੀ, ਬਲਵਿੰਦਰ ਸੰਧੂ, ਪ੍ਰਾਣ ਸੱਭਰਵਾਲ, ਅਵਤਾਰਜੀਤ ਸਿੰਘ , ਰੰਗਕਰਮੀ ਰਾਜੇਸ਼ ਸ਼ਰਮਾ, ਭਾਸ਼ਾ ਵਿਭਾਗ ਦੇ ਵਧੀਕ ਡਾਇਰੈਕਟਰ ਚੰਦਨਦੀਪ ਕੌਰ, ਡਿਪਟੀ ਡਾਇਰੈਕਟਰ ਆਲੋਕ ਚਾਵਲਾ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਜਸਪ੍ਰੀਤ ਕੌਰ, ਸੁਰਿੰਦਰ ਕੌਰ, ਦਵਿੰਦਰ ਕੌਰ, ਰਾਬੀਆ ਤੇ ਹੋਰ ਸਿੱਖ ਵਿਦਵਾਨ ਅਤੇ ਖੋਜਾਰਥੀ ਸਮਾਗਮ 'ਚ ਸ਼ਾਮਿਲ ਹੋਏ।

# ਆਪ ਸਰਕਾਰ ਕਰਮਚਾਰੀਆਂ, ਔਰਤਾਂ, ਨੌਜਵਾਨਾਂ ਅਤੇ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ: ਭਗਵੰਤ ਸਿੰਘ ਮਾਨ

**ਮੁਹਾਲੀ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਰ ਦੀਆਂ ਮਹਿਲਾ ਸਰਕਾਰੀ ਕਰਮਚਾਰੀਆਂ ਲਈ ਵੱਡੀ ਰਾਹਤ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਗਰੁੱਪ ਸੀ ਅਤੇ ਡੀ ਸ਼੍ਰੇਣੀਆਂ ਨਾਲ ਸਬੰਧਤ ਮਹਿਲਾ ਕਰਮਚਾਰੀ, ਜਿਨ੍ਹਾਂ ਵਿੱਚ ਸਟਾਫ਼ ਨਰਸਾਂ, ਮਹਿਲਾ ਪੁਲਿਸ ਕਰਮਚਾਰੀ ਅਤੇ ਹੋਰ ਯੋਗ ਕਰਮਚਾਰੀ ਸ਼ਾਮਲ ਹਨ, ਨੂੰ ਉਨ੍ਹਾਂ ਦਾ ਪਰਖਕਾਲ ਸਮਾਂ ਪੂਰਾ ਹੋਣ ਉਪਰੰਤ ਉਨ੍ਹਾਂ ਦੇ ਘਰਾਂ ਤੋਂ ਵੱਧ ਤੋਂ ਵੱਧ 40 ਕਿਲੋਮੀਟਰ ਦੇ ਦਾਇਰੇ ਅੰਦਰ ਹੀ ਤਾਇਨਾਤ ਕੀਤਾ ਜਾਵੇਗਾ।

ਇਹ ਫ਼ੈਸਲਾ, ਜਿਸ ਦਾ ਉਦੇਸ਼ ਮਹਿਲਾ ਕਰਮਚਾਰੀਆਂ ਦੇ ਨਿੱਜੀ ਜੀਵਨ ਅਤੇ ਦਫ਼ਤਰੀ ਕੰਮ ਦਰਮਿਆਨ ਸੰਤੁਲਨ ਨੂੰ ਬਿਹਤਰ ਬਣਾਉਣਾ ਹੈ, ਨੂੰ ਇਤਿਹਾਸਕ ਕਰਮਚਾਰੀ-ਪੱਖੀ ਪਹਿਲ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਆਪ' ਸਰਕਾਰ ਕਰਮਚਾਰੀਆਂ, ਔਰਤਾਂ, ਨੌਜਵਾਨਾਂ ਅਤੇ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਦ੍ਰਿੜਤਾ ਨਾਲ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਕਦਮ ਨਾਲ ਸੂਬੇ ਭਰ ਦੇ ਵੱਖ-ਵੱਖ ਵਿਭਾਗਾਂ ਵਿੱਚ ਸੇਵਾ ਨਿਭਾ ਰਹੀਆਂ ਹਜ਼ਾਰਾਂ ਮਹਿਲਾ ਕਰਮਚਾਰੀਆਂ ਨੂੰ ਲਾਭ ਹੋਵੇਗਾ।




ਹੋਰ ਵੇਰਵੇ ਸਾਂਝੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਪਹਿਲਾਂ ਹੀ ਅਧਿਕਾਰੀਆਂ ਨੂੰ ਇਸ ਪਹਿਲਕਦਮੀ ਨੂੰ ਲਾਗੂ ਕਰਨ ਲਈ ਢਾਂਚਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ, ਹਜ਼ਾਰਾਂ ਮਹਿਲਾ ਕਰਮਚਾਰੀਆਂ, ਖਾਸ ਕਰਕੇ ਸਿਹਤ ਵਿਭਾਗ ਵਿੱਚ ਤਾਇਨਾਤ ਸਟਾਫ਼ ਨਰਸਾਂ, ਅਧਿਆਪਕਾਂ ਅਤੇ ਮਹਿਲਾ ਪੁਲਿਸ ਕਰਮਚਾਰੀਆਂ ਨੂੰ ਇਸ ਪਹਿਲ ਦਾ ਲਾਭ ਮਿਲੇਗਾ।

ਮੁੱਖ ਮੰਤਰੀ ਨੇ ਕਿਹਾ, ਮੈਂ ਨਿੱਜੀ ਤੌਰ 'ਤੇ ਕਈ ਮਹਿਲਾ ਕਰਮਚਾਰੀਆਂ ਨਾਲ ਗੱਲਬਾਤ ਕੀਤੀ ਹੈ, ਜਿਨ੍ਹਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਘਰਾਂ ਤੋਂ ਲਗਪਗ 200 ਕਿਲੋਮੀਟਰ ਦੂਰ ਤਾਇਨਾਤ ਕੀਤਾ ਹੋਇਆ ਹੈ। ਇਸ ਕਾਰਨ ਉਹ ਹਫ਼ਤੇ ਵਿੱਚ ਸਿਰਫ਼ ਦੋ ਦਿਨ ਹੀ ਆਪਣੇ ਪਰਿਵਾਰਾਂ ਨੂੰ ਮਿਲ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਸਾਡੀ ਸਰਕਾਰ ਨੇ ਇੱਕ ਅਜਿਹੀ ਨੀਤੀ ਬਣਾਉਣ ਦਾ ਫ਼ੈਸਲਾ ਕੀਤਾ ਹੈ, ਜਿਸ ਤਹਿਤ ਗਰੁੱਪ ਸੀ ਅਤੇ ਡੀ ਸ਼੍ਰੇਣੀਆਂ ਨਾਲ ਸਬੰਧਤ ਮਹਿਲਾ ਕਰਮਚਾਰੀਆਂ, ਜਿਨ੍ਹਾਂ ਵਿੱਚ ਸਟਾਫ਼ ਨਰਸਾਂ, ਅਧਿਆਪਕ ਅਤੇ ਮਹਿਲਾ ਪੁਲਿਸ ਕਰਮਚਾਰੀ ਸ਼ਾਮਲ ਹਨ, ਨੂੰ ਪਰਖਕਾਲ ਪੂਰਾ ਹੋਣ ਉਪਰੰਤ ਆਪਣੇ ਘਰਾਂ ਤੋਂ ਵੱਧ ਤੋਂ ਵੱਧ 40 ਕਿਲੋਮੀਟਰ ਦੇ ਦਾਇਰੇ ਵਿੱਚ ਤਾਇਨਾਤ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਕਿਹਾ, ਮਹਿਲਾ ਕਰਮਚਾਰੀ ਅਧਿਕਾਰਤ ਫਾਰਮ ਭਰਦੇ ਸਮੇਂ ਆਪਣੇ ਮਾਪਿਆਂ ਦੇ ਘਰ ਜਾਂ ਵਿਆਹੁਤਾ ਘਰ ਬਾਰੇ ਜਾਣਕਾਰੀ ਦੇ ਸਕਣਗੀਆਂ। ਇਸ ਕਦਮ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਉਹ ਲਗਪਗ ਇੱਕ ਘੰਟੇ ਦੇ ਅੰਦਰ ਆਪਣੇ ਪਰਿਵਾਰਾਂ ਤੱਕ ਪਹੁੰਚ ਸਕਣ ਕਿਉਂਕਿ ਇੱਕ ਖੁਸ਼ ਕਰਮਚਾਰੀ ਹੀ ਹਮੇਸ਼ਾ ਬਿਹਤਰ ਪ੍ਰਦਰਸ਼ਨ ਕਰਦਾ ਹੈ। 40 ਕਿਲੋਮੀਟਰ ਸਿਰਫ਼ ਉੱਪਰਲੀ ਸੀਮਾ ਹੈ ਅਤੇ ਇਹ ਤਾਇਨਾਤੀਆਂ ਹੋਰ ਵੀ ਨੇੜੇ, ਜਿਵੇਂ ਕਿ 15 ਜਾਂ 20 ਕਿਲੋਮੀਟਰ ਤੱਕ ਹੋ ਸਕਦੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਕਰਮਚਾਰੀਆਂ ਨੇ ਉਨ੍ਹਾਂ ਨਾਲ ਹਮੇਸ਼ਾ ਆਪਣੀਆਂ ਚਿੰਤਾਵਾਂ ਅਤੇ ਮੁਸ਼ਕਲਾਂ ਖੁੱਲ੍ਹ ਕੇ ਸਾਂਝੀਆਂ ਕੀਤੀਆਂ ਹਨ, ਜਿਸ ਨਾਲ ਸਰਕਾਰ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਨੂੰ ਸਿੱਧੇ ਤੌਰ 'ਤੇ ਹੱਲ ਕਰਨ ਵਾਲੀਆਂ ਨੀਤੀਆਂ ਤਿਆਰ ਕਰ ਸਕਦੀ ਹੈ।

*ਕਾਂਗਰਸ ਘਾਹ ਮਨੁੱਖਾਂ ਤੇ ਪਸ਼ੂਆਂ ਦੀ ਸਿਹਤ ਲਈ ਘਾਤਕ ਹੋਣ ਦੇ ਨਾਲ-ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਸ ਲਈ ਇਸ ਨੂੰ ਨਸ਼ਟ ਕਰਨਾ ਜ਼ਰੂਰੀ ਹੈ...*



# ਕਾਂਗਰਸ ਘਾਹ ਦੀ ਸੁਚੱਜੀ ਰੋਕਥਾਮ

• ਬਲਵਿੰਦਰ ਸਿੰਘ ਢਿੱਲੋਂ
94654-20097

ਕਾਂਗਰਸ ਘਾਹ ਜਾਂ ਗਾਜਰ ਬੂਟੀ ਮਨੁੱਖੀ ਸਿਹਤ ਤੇ ਪਸ਼ੂਆਂ ਲਈ ਬਹੁਤ ਹਾਨੀਕਾਰਕ ਨਦੀਨ ਹੈ। ਇਸ ਘਾਹ ਨੂੰ ਸੜਕਾਂ, ਰੇਲ-ਪਟੜੀਆਂ ਦੇ ਆਲੇ-ਦੁਆਲੇ, ਅਣਵਾਹੀਆਂ ਜ਼ਮੀਨਾਂ, ਬਾਗ਼ਾਂ ਤੇ ਹੋਰ ਖਾਲੀ ਥਾਵਾਂ ’ਤੇ ਉੱਗਿਆ ਆਮ ਵੇਖਿਆ ਜਾ ਸਕਦਾ ਹੈ। ਅੱਜ ਕੱਲ੍ਹ ਇਹ ਨਦੀਨ ਮੱਕੀ, ਆਲੂ, ਸਰ੍ਹੋਂ, ਬਰਸੀਮ ਆਦਿ ਫ਼ਸਲਾਂ ਵਿਚ ਵੀ ਉੱਗਣਾ ਸ਼ੁਰੂ ਹੋ ਗਿਆ ਹੈ। ਕਾਂਗਰਸ ਘਾਹ ਐਲਰਜੀ, ਚਮੜੀ ਤੇ ਦਮੇ ਆਦਿ ਵਰਗੀਆਂ ਗੰਭੀਰ ਬਿਮਾਰੀ ਦਾ ਵੀ ਕਾਰਨ ਬਣਦਾ ਹੈ। ਇਹ ਫਰਵਰੀ ਮਹੀਨੇ ਵਿਚ ਉੱਗਣਾ ਸ਼ੁਰੂ ਹੁੰਦਾ ਹੈ ਤੇ ਬਰਸਾਤ ਦੇ ਮੌਸਮ ਵਿਚ ਤੇਜ਼ੀ ਨਾਲ ਵਧਦਾ ਹੈ। ਸਰਦੀਆਂ ਵਿਚ ਇਸ ਦੇ ਬੂਟੇ ਸੁੱਕ ਜਾਂਦੇ ਹਨ। ਹੇਠ ਲਿਖੇ ਢੰਗਾਂ ਨਾਲ ਕਾਂਗਰਸ ਘਾਹ ਦੀ ਰੋਕਥਾਮ ਕੀਤੀ ਜਾ ਸਕਦੀ ਹੈ :

- ਇਸ ਨੂੰ ਵਾਰ-ਵਾਰ ਕੱਟ ਕੇ ਜਾਂ ਜੜ੍ਹੋਂ ਪੁੱਟ ਕੇ ਇਸ ਦਾ ਨਾਸ਼ ਕੀਤਾ ਜਾ ਸਕਦਾ ਹੈ।
- ਨਦੀਨ ਨਾਸ਼ਕ ਰਸਾਇਣ ਐਟਰਾਟਾਫ 50 ਘੁਲਣਸ਼ੀਲ (ਐਟਰਾਜ਼ੀਨ) 1.0-1.5 ਲੀਟਰ ਨੂੰ 200-250 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਇਸ ਨਦੀਨ ਦੇ ਉੱਗਣ ਤੋ ਪਹਿਲਾਂ ਜਾਂ ਬਾਅਦ ਵਿਚ ਕਰਨ ਨਾਲ ਇਸ ਦੀ ਰੋਕਥਾਮ ਕੀਤੀ ਜਾ ਸਕਦੀ ਹੈ।
- ਇਸ ਤੋਂ ਇਲਾਵਾ ਇਸ ਨਦੀਨ ਦੀ ਰੋਕਥਾਮ ਲਈ ਰਾਊਂਡ-ਅੱਪ (ਗਲਾਈਫੋਸੇਟ 41 ਤਾਕਤ) 1.0 ਲੀਟਰ ਪ੍ਰਤੀ ਏਕੜ ਜਾਂ ਐਕਸਲ ਮੈਰਾ (ਗਲਾਈਫੋਸੇਟ 71 ਤਾਕਤ) 600 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰ ਕੇ ਵੀ ਕੀਤੀ ਜਾ ਸਕਦੀ ਹੈ। ਇਸ ਨਦੀਨ ਨਾਸ਼ਕ ਰਸਾਇਣ ਦਾ ਅਸਰ ਉਸ ਵਕਤ ਵਧੇਰੇ ਹੁੰਦਾ ਹੈ ਜਦੋਂ ਬੂਟਾ ਫੁੱਲ ਆਉਣ ਤੋਂ ਪਹਿਲਾਂ ਦੀ ਅਵਸਥਾ ਵਿਚ ਹੁੰਦਾ ਹੈ।
- ਕਾਂਗਰਸ ਘਾਹ ਦਾ ਇਕ ਬੂਟਾ 5 ਹਜ਼ਾਰ ਤੋਂ 25 ਹਜ਼ਾਰ ਬੀਜ ਪੈਦਾ ਕਰਦਾ ਹੈ। ਇਸ ਲਈ ਬੀਜ ਬਣਨ ਤੋਂ ਪਹਿਲਾਂ ਹੀ ਇਸ ਨਦੀਨ ਦੀ ਰੋਕਥਾਮ ਕਰਨੀ ਚਾਹੀਦੀ ਹੈ।
- ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਪੰਚਾਇਤਾਂ ਜ਼ਰੀਏ ਮਨਰੇਗਾ ਸਕੀਮ ਤਹਿਤ ਕੰਮ ਕਰਨ ਵਾਲੇ ਕਾਮਿਆਂ ਦੀ ਸਹਾਇਤਾ ਨਾਲ ਵੀ ਇਸ ਨਦੀਨ ਦਾ ਖ਼ਾਤਮਾ ਕੀਤਾ ਜਾ ਸਕਦਾ ਹੈ। •



# ਕਣਕ-ਝੋਨਾ ਫ਼ਸਲੀ ਚੱਕਰ ’ਚ ਤਬਦੀਲੀ ਸਮੇਂ ਦੀ ਮੁੱਖ ਲੋੜ

• ਵਿਵੇਕ ਕੁਮਾਰ,
ਨਵਦੀਪ ਸਿੰਘ ਗਿੱਲ
98556-03629

ਕਣਕ-ਝੋਨਾ ਪੰਜਾਬ ਦਾ ਮੁੱਖ ਫ਼ਸਲੀ ਚੱਕਰ ਹੈ। ਹਰੀ ਕ੍ਰਾਂਤੀ ਦੀ ਆਮਦ ਤੋਂ ਬਾਅਦ ਇਸ ਫ਼ਸਲੀ ਚੱਕਰ ਅਧੀਨ ਰਕਬੇ ’ਚ ਤੇਜ਼ੀ ਨਾਲ ਵਾਧਾ ਹੋਇਆ ਤੇ ਇਹ ਵਾਧਾ ਲਗਾਤਾਰ ਜਾਰੀ ਹੈ। ਅੱਜ ਕਰੀਬ 35 ਲੱਖ ਹੈਕਟੇਅਰ ਰਕਬਾ ਕਣਕ ਹੇਠ ਤੇ 30.46 ਲੱਖ ਹੈਕਟੇਅਰ ਰਕਬਾ ਝੋਨੇ ਅਧੀਨ ਹੈ। ਇਨ੍ਹਾਂ ਫ਼ਸਲਾਂ ਅਧੀਨ ਰਕਬੇ ਦੇ ਵਧਣ ਦਾ ਕਾਰਨ ਦੇਸ਼ ਦੇ ਲੋਕਾਂ ਦਾ ਮੁੱਖ ਭੋਜਨ ਪਦਾਰਥ ਹੋਣਾ, ਜਿਣਸ ਦਾ ਲਾਹੇਵੰਦ ਭਾਅ ਤੇ ਸੁਚੱਜਾ ਮੰਡੀਕਰਨ ਹੈ। ਇਸ ਤੋਂ ਇਲਾਵਾ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਸਬੰਧੀ ਖ਼ਤਰਾ ਘੱਟ ਹੋਣ ਕਰਕੇ ਵੀ ਲੋਕਾਂ ਨੇ ਇਸ ਫ਼ਸਲੀ ਚੱਕਰ ’ਤੇ ਵਧੇਰੇ ਭਰੋਸਾ ਕੀਤਾ। ਇਸ ’ਚ ਕੋਈ ਸ਼ੱਕ ਨਹੀਂ ਕਿ ਇਸ ਫ਼ਸਲੀ ਚੱਕਰ ਨੇ ਭਾਰਤ ਨੂੰ ਭੁੱਖਮਰੀ ਵਰਗੇ ਹਾਲਾਤ ਤੋਂ ਬਚਾਇਆ ਪ੍ਰੰਤੂ ਹੁਣ ਇਸ ਫ਼ਸਲੀ ਚੱਕਰ ਦੇ ਕੁਝ ਨਾਕਾਰਾਤਮਕ ਪੱਖ ਸਾਹਮਣੇ ਆਉਣ ਲੱਗੇ ਹਨ। ਇਸ ਫ਼ਸਲੀ ਚੱਕਰ ਕਾਰਨ ਮਿੱਟੀ ਵਿਚ ਤੱਤਾਂ ਦੀ ਘਾਟ ਤੇ ਜ਼ਮੀਨਦੋਜ਼ ਪਾਣੀ ਦੇ ਪੱਧਰ ’ਚ ਜਿੱਥੇ ਗਿਰਾਵਟ ਆ ਰਹੀ ਹੈ ਉੱਥੇ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਵਿਚ ਵੀ ਭਾਰੀ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਇਨ੍ਹਾਂ ਫ਼ਸਲਾਂ ਦੀ ਰਹਿੰਦ-ਖੂੰਹਦ (ਪਰਾਲੀ ਅਤੇ ਨਾੜ) ਨੂੰ ਸਾੜਣ ਦੇ ਵਰਤਾਰੇ ਨੇ ਵਾਤਾਵਰਨ ਸਬੰਧੀ ਮੁਸ਼ਕਿਲਾਂ ਨੂੰ ਵੀ ਜਨਮ ਦਿੱਤਾ ਹੈ।

ਅਜੋਕੇ ਸਮੇਂ ਇਹ ਜ਼ਰੂਰੀ ਹੋ ਗਿਆ ਹੈ ਕਿ ਕਣਕ-ਝੋਨੇ ਦੇ ਫ਼ਸਲੀ ਚੱਕਰ ਹੇਠੋਂ ਕੁਝ ਰਕਬੇ ਨੂੰ ਘਟਾਇਆ ਜਾਵੇ ਅਤੇ ਅਜਿਹੇ ਫ਼ਸਲੀ ਚੱਕਰ ਅਪਣਾਏ ਜਾਣ ਜਿਨ੍ਹਾਂ ਨਾਲ ਕਿਸਾਨਾਂ ਦੇ ਮੁਨਾਫ਼ੇ ਵਿਚ ਵੀ ਵਾਧਾ ਹੋਵੇ ਤੇ ਵਾਤਾਵਰਨ ਸਬੰਧੀ ਸਮੱਸਿਆਵਾਂ ਵੀ ਹੱਲ ਹੋ ਸਕਣ। ਮੱਕੀ, ਮੈਂਥਾ, ਹਲਦੀ, ਦਾਲਾਂ, ਤੇਲ ਬੀਜ ਫ਼ਸਲਾਂ ਅਤੇ ਸਬਜ਼ੀਆਂ ਨੂੰ ਕਣਕ-ਝੋਨੇ ਦੇ ਬਦਲ ਵਜੋਂ ਬੀਜਿਆ ਜਾ ਸਕਦਾ ਹੈ। ਦਾਲਾਂ ਵਾਲੀਆਂ ਫ਼ਸਲਾਂ ਪੱਕਣ ’ਚ ਥੋੜ੍ਹਾ ਸਮਾਂ ਲੈਂਦੀਆਂ ਹਨ ਤੇ ਝਾੜ ਤੋਂ ਪ੍ਰਾਪਤ ਹੋਣ ਵਾਲੇ ਫ਼ਾਇਦਿਆਂ ਦੇ ਨਾਲ-ਨਾਲ ਮਿੱਟੀ ਵਿਚ ਨਾਈਟ੍ਰੋਜਨ ਇਕੱਠੀ ਕਰ ਕੇ ਤੇ ਜੈਵਿਕ ਮਾਦਾ ਰਲਾ ਕੇ ਜ਼ਮੀਨ ਦੀ ਸਿਹਤ ’ਚ ਸੁਧਾਰ ਵੀ ਕਰਦੀਆਂ ਹਨ। ਇਸੇ ਤਰ੍ਹਾਂ ਸਬਜ਼ੀਆਂ ਨੂੰ ਆਪਣੇ ਫ਼ਸਲੀ ਚੱਕਰ ’ਚ ਸ਼ਾਮਲ ਕਰ ਕੇ ਪਾਣੀ ਦੀ ਬੱਚਤ ਦੇ ਨਾਲ-ਨਾਲ ਆਮਦਨ ’ਚ ਵੀ ਕਾਫ਼ੀ ਵਾਧਾ ਕੀਤਾ ਜਾ ਸਕਦਾ ਹੈ। ਕਣਕ-ਝੋਨੇ ਦੇ ਫ਼ਸਲੀ ਚੱਕਰ ਤੋਂ ਛੁਟਕਾਰਾ ਪਾਉਣ ਲਈ ਕੁਝ ਫ਼ਸਲੀ ਚੱਕਰ ਅਪਣਾ ਕੇ ਫ਼ਸਲੀ ਵਿਭਿੰਨਤਾ ਲਿਆਂਦੀ ਜਾ ਸਕਦੀ ਹੈ :

## ਮੱਕੀ-ਆਲੂ/ਤੋਰੀਆ-ਸੂਰਜਮੁਖੀ

ਇਸ ਫ਼ਸਲੀ ਚੱਕਰ ’ਚ ਮੱਕੀ ਦੀ ਬਿਜਾਈ ਜੂਨ ਦੇ ਸ਼ੁਰੂ ਵਿਚ ਕਰਨੀ ਚਾਹੀਦੀ ਹੈ ਤਾਂ ਕਿ ਸਤੰਬਰ ਦੇ ਦੂਜੇ ਪੰਦਰਵਾੜੇ ਵਿਚ ਆਲੂਆਂ ਦੀ ਸਮੇਂ ਸਿਰ ਬਿਜਾਈ ਲਈ ਖੇਤ ਖਾਲੀ ਹੋ ਸਕੇ। ਲਗਪਗ ਤਿੰਨ ਮਹੀਨਿਆਂ ਦੀ ਆਲੂਆਂ ਦੀ ਫ਼ਸਲ ਨੂੰ ਦਸੰਬਰ ਅੰਤ ਤਕ ਪੁੱਟ ਲੈਣਾ ਚਾਹੀਦਾ ਹੈ। ਆਲੂਆਂ ਦੇ ਬਦਲ ਵਜੋਂ ਮੱਕੀ ਤੋਂ ਬਾਅਦ ਤੋਰੀਏ ਦੀ ਘੱਟ ਸਮੇਂ ਵਿਚ ਪੱਕਣ ਵਾਲੀ ਟੀਐੱਲ-15 ਕਿਸਮ ਬੀਜੀ ਜਾ ਸਕਦੀ ਹੈ। ਆਲੂ ਜਾਂ ਤੋਰੀਏ ਤੋਂ ਬਾਅਦ, ਜਨਵਰੀ ਦੇ ਪਹਿਲੇ ਪੰਦਰਵਾੜੇ ਦੌਰਾਨ ਸੂਰਜਮੁਖੀ ਦੀ ਬਿਜਾਈ ਕਰਨੀ ਚਾਹੀਦੀ ਹੈ। ਜੇ ਆਲੂਆਂ ਨੂੰ ਸਿਫ਼ਾਰਸ਼ ਕੀਤੀ ਰੂੜੀ ਤੇ ਰਸਾਇਣਕ ਖਾਦਾਂ ਦੀ ਮਾਤਰਾ ਪਾਈ ਗਈ ਹੋਵੇ ਤਾਂ ਇਸ ਤੋਂ ਬਾਅਦ ਬੀਜੀ ਗਈ ਸੂਰਜਮੁਖੀ ਦੀ ਫ਼ਸਲ ਨੂੰ 12 ਕਿੱਲੋ ਨਾਈਟ੍ਰੋਜਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ।

### ਮੱਕੀ-ਆਲੂ-ਕਣਕ

*ਇਸ ਫ਼ਸਲੀ ਚੱਕਰ ਲਈ ਜੂਨ ਦੇ ਅੱਧ ਵਿਚ ਘੱਟ ਸਮੇਂ ’ਚ ਪੱਕਣ ਵਾਲੀ ਮੱਕੀ ਦੀ ਕਿਸਮ ਬੀਜਣੀ ਚਾਹੀਦੀ ਹੈ ਤਾਂ ਜੋ ਖੇਤ ਅੱਧ ਸਤੰਬਰ ਤਕ ਖਾਲੀ ਹੋ ਜਾਵੇ ਅਤੇ ਆਲੂਆਂ ਦੀਆਂ ਘੱਟ ਸਮੇਂ ’ਚ ਤਿਆਰ ਹੋਣ ਵਾਲੀਆਂ ਕਿਸਮਾਂ ਸਤੰਬਰ ਦੇ ਅੰਤ ਵਿਚ ਬੀਜੀਆਂ ਜਾ ਸਕਣ। ਤਿੰਨ ਮਹੀਨਿਆਂ ਦੀ ਆਲੂਆਂ ਦੀ ਫ਼ਸਲ ਨੂੰ ਪੁੱਟ ਕੇ ਪਛੇਤੀ ਕਣਕ ਦੀ ਬਿਜਾਈ ਕਰ ਦੇਣੀ ਚਾਹੀਦੀ ਹੈ। ਇਸ ਪਛੇਤੀ ਕਣਕ ਨੂੰ ਸਿਫ਼ਾਰਸ਼ ਨਾਲੋਂ ਅੱਧੀ ਨਾਈਟ੍ਰੋਜਨ ਹੀ ਪਾਉਣੀ ਚਾਹੀਦੀ ਹੈ ਜਦਕਿ ਫਾਸਫੋਰਸ ਜਾਂ ਪੋਟਾਸ਼ ਖਾਦ ਪਾਉਣ ਦੀ ਲੋੜ ਨਹੀਂ ਪੈਂਦੀ।*

## ਮੱਕੀ-ਆਲੂ-ਮੂੰਗੀ

ਇਸ ਫ਼ਸਲੀ ਚੱਕਰ ਵਿਚ ਮੱਕੀ ਦੀ ਬਿਜਾਈ ਅੱਧ ਜੂਨ ’ਚ ਕਰ ਦੇਣੀ ਚਾਹੀਦੀ ਹੈ ਤਾਂ ਜੋ ਆਲੂ ਦੀ ਬਿਜਾਈ ਸਹੀ ਸਮੇਂ ’ਤੇ ਸਤੰਬਰ ਦੇ ਦੂਜੇ ਪੰਦਰਵਾੜੇ ਵਿਚ ਹੋ ਸਕੇ। ਆਲੂਆਂ ਦੀ ਕਾਸ਼ਤ ਸਿਫ਼ਾਰਸ਼ ਕੀਤੀਆਂ ਰਸਾਇਣਕ ਖਾਦਾਂ ਤੇ ਰੂੜੀ ਦੀ ਖਾਦ ਪਾ ਕੇ ਕਰਨੀ ਚਾਹੀਦੀ ਹੈ। ਇਸ ਤੋਂ ਬਾਅਦ ਗਰਮੀ ਰੁੱਤ ਦੀ ਮੂੰਗੀ ਨੂੰ ਮਾਰਚ ਦੇ ਦੂਜੇ ਤੋਂ ਤੀਜੇ ਹਫ਼ਤੇ ਤਕ ਬੀਜ ਦੇਣਾ ਚਾਹੀਦਾ ਹੈ ਕਿਉਂਕਿ ਦੇਰ ਨਾਲ ਬੀਜੀ ਹੋਈ ਫ਼ਸਲ ਕਈ ਵਾਰ ਅਗੇਤੀ ਬਰਸਾਤ ਦੇ ਅਸਰ ਹੇਠ ਆ ਜਾਂਦੀ ਹੈ। ਆਲੂਆਂ ਤੋਂ ਬਾਅਦ ਬੀਜੀ ਗਈ ਗਰਮੀ ਰੁੱਤ ਦੀ ਮੂੰਗੀ ਨੂੰ ਕਿਸੇ ਖਾਦ ਦੀ ਲੋੜ ਨਹੀਂ ਪੈਂਦੀ।

### ਮੱਕੀ-ਆਲੂ-ਪਿਆਜ਼

*ਕਣਕ-ਝੋਨੇ ਦੇ ਫ਼ਸਲੀ ਚੱਕਰ ਦੇ ਮੁਕਾਬਲੇ ਵਧੇਰੇ ਪੈਦਾਵਾਰ ਦੇਣ ਤੇ ਪਾਣੀ ਦੀ ਬੱਚਤ ਕਰਨ ਲਈ ਇਹ ਫ਼ਸਲੀ ਚੱਕਰ ਬੇਹੱਦ ਲਾਹੇਵੰਦ ਹੈ। ਇਸ ਦੇ ਨਾਲ ਹੀ ਇਹ ਫ਼ਸਲੀ ਚੱਕਰ ਜ਼ਮੀਨ ਦੀ ਉਪਜਾਊ ਸ਼ਕਤੀ (ਜੈਵਿਕ ਕਾਰਬਨ, ਨਾਈਟ੍ਰੋਜਨ, ਫਾਸਫੋਰਸ ਤੇ ਪੋਟਾਸ਼) ਵਿਚ ਸੁਧਾਰ ਕਰਨ ’ਚ ਵੀ ਸਹਾਇਕ ਸਿੱਧ ਹੁੰਦਾ ਹੈ। ਇਸ ਫ਼ਸਲੀ ਚੱਕਰ ਅਧੀਨ ਮੱਕੀ ਦੀ ਬਿਜਾਈ ਅੱਧ ਜੂਨ ਤਕ ਕਰ ਦੇਣੀ ਚਾਹੀਦੀ ਹੈ। ਇਸ ਤੋਂ ਬਾਅਦ ਆਲੂ ਦੀ ਬਿਜਾਈ ਅਕਤੂਬਰ ਦੇ ਪਹਿਲੇ ਹਫ਼ਤੇ ਵਿਚ ਅਤੇ ਪਿਆਜ਼ (ਪੰਜਾਬ ਨਰੋਆ ਕਿਸਮ) ਦੀ ਬਿਜਾਈ 15 ਜਨਵਰੀ ਤਕ ਕਰ ਲੈਣੀ ਚਾਹੀਦੀ ਹੈ।*

## ਮੂੰਗਫਲੀ-ਆਲੂ/ਤੋਰੀਆ/ਮਟਰ-ਕਣਕ

ਗਰਮ ਰੁੱਤ ਦੀ ਮੂੰਗਫਲੀ ਤੇ ਕਣਕ ਦੇ ਫ਼ਸਲੀ ਚੱਕਰ ਵਿਚ ਆਲੂ ਜਾਂ ਤੋਰੀਆ ਜਾਂ ਮਟਰ ਵਰਗੀ ਘੱਟ ਸਮਾਂ ਲੈਣ ਵਾਲੀ ਫ਼ਸਲ ਉਗਾ ਕੇ ਫ਼ਸਲੀ ਵਿਭਿੰਨਤਾ ਤੇ ਆਮਦਨ ਨੂੰ ਕਾਮਯਾਬੀ ਨਾਲ ਵਧਾਇਆ ਜਾ ਸਕਦਾ ਹੈ। ਇਸ ਫ਼ਸਲੀ ਚੱਕਰ ਅਧੀਨ ਮੂੰਗਫ਼ਲੀ ਦੀਆਂ ਕਿਸਮਾਂ ਐੱਸਜੀ-99 ਅਤੇ ਐੱਮ-522 ਨੂੰ ਅਪ੍ਰੈਲ ਦੇ ਅਖ਼ੀਰ ਜਾਂ ਮਈ ਦੇ ਸ਼ੁਰੂ ਵਿਚ ਕਣਕ ਤੋਂ ਪਿੱਛੋਂ ਬੀਜਣਾ ਚਾਹੀਦਾ ਹੈ। ਇਸ ਤੋਂ ਬਾਅਦ ਆਲੂ ਜਾਂ ਅਗੇਤੇ ਮਟਰ (ਅਗੇਤਾ-6 ਜਾਂ ਅਰਕਲ ਕਿਸਮ) ਜਾਂ ਤੋਰੀਆ (ਟੀਐੱਲ-15 ਕਿਸਮ) ਸਤੰਬਰ ਦੇ ਦੂਜੇ ਪੰਦਰਵਾੜੇ ਵਿਚ ਬੀਜ ਦੇਣੀ ਚਾਹੀਦੀ ਹੈ। ਇਹ ਫ਼ਸਲਾਂ ਦਸੰਬਰ ਵਿਚ ਖੇਤ ਖਾਲੀ ਕਰ ਦਿੰਦੀਆਂ ਹਨ ਜਿਸ ਵਿਚ ਪਿਛੇਤੀ ਕਣਕ ਦੀ ਕੋਈ ਕਿਸਮ ਬੀਜੀ ਜਾ ਸਕਦੀ ਹੈ।

## ਮੱਕੀ-ਆਲੂ-ਮੈਂਥਾ

ਇਹ ਫ਼ਸਲੀ ਚੱਕਰ ਕਣਕ-ਝੋਨੇ ਦੇ ਫ਼ਸਲੀ ਚੱਕਰ ਨਾਲੋਂ ਲਗਪਗ ਦੁੱਗਣੀ ਆਮਦਨ ਦਿੰਦਾ ਹੈ ਅਤੇ ਇਸ ਨਾਲ ਪਾਣੀ ਦੀ ਵੀ ਕਾਫ਼ੀ ਬੱਚਤ ਹੁੰਦੀ ਹੈ। ਇਸ ਤੋਂ ਇਲਾਵਾ ਇਸ ਫ਼ਸਲੀ ਚੱਕਰ ਅਧੀਨ ਜੈਵਿਕ ਕਾਰਬਨ, ਫਾਸਫੋਰਸ ਤੇ ਪੋਟਾਸ਼ ਦੇ ਰੂਪ ’ਚ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਵੱਧਦੀ ਹੈ। ਇਸ ਫ਼ਸਲੀ ਚੱਕਰ ਅਧੀਨ ਸਤੰਬਰ ਦੇ ਦੂਜੇ ਪੰਦਰਵਾੜੇ ਵਿਚ ਖੇਤ ਦੇ ਖਾਲੀ ਹੋਣ ਨੂੰ ਯਕੀਨੀ ਬਣਾਉਣ ਲਈ ਮੱਕੀ ਦੀ ਬਿਜਾਈ ਅੱਧ ਜੂਨ ਵਿਚ ਕਰ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਆਲੂਆਂ ਨੂੰ ਅਕਤੂਬਰ ਦੇ ਪਹਿਲੇ ਹਫ਼ਤੇ ਬੀਜਣਾ ਚਾਹੀਦਾ ਹੈ ਤਾਂ ਜੋ ਖੇਤ ਅੱਧ ਜਨਵਰੀ ਤਕ ਖਾਲੀ ਹੋ ਜਾਵੇ। ਇਸ ਤੋਂ ਬਾਅਦ ਮੈਂਥੇ ਦੀ ਫ਼ਸਲ ਨੂੰ ਜਨਵਰੀ ਦੇ ਦੂਜੇ ਪੰਦਰਵਾੜੇ ਵਿਚ ਲਗਾਉਣਾ ਚਾਹੀਦਾ ਹੈ, ਜੋ ਮੱਕੀ ਦੀ ਬਿਜਾਈ ਲਈ ਖੇਤ ਨੂੰ ਜੂਨ ਦੇ ਪਹਿਲੇ ਪੰਦਰਵਾੜੇ ਵਿਚ ਖਾਲੀ ਕਰ ਦਿੰਦਾ ਹੈ।

## ਮੱਕੀ-ਗੋਭੀ ਸਰ੍ਹੋਂ-ਮੂੰਗੀ

ਇਸ ਫ਼ਸਲੀ ਚੱਕਰ ਵਿਚ ਮੱਕੀ ਦੀ ਬਿਜਾਈ ਜੂਨ ਦੇ ਪਹਿਲੇ ਪੰਦਰਵਾੜੇ ’ਚ ਕਰਨੀ ਚਾਹੀਦੀ ਹੈ। ਇਸ ਤੋਂ ਬਾਅਦ ਗੋਭੀ ਸਰ੍ਹੋਂ ਦੀ ਬਿਜਾਈ 10-30 ਅਕਤੂਬਰ ਨੂੰ ਅਤੇ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਅਪ੍ਰੈਲ ਦੇ ਪਹਿਲੇ ਪੰਦਰਵਾੜੇ ਵਿਚ ਕਰਨੀ ਚਾਹੀਦੀ ਹੈ। ਗਰਮ ਰੁੱਤ ਦੀ ਮੂੰਗੀ ਨੂੰ ਸਮੇਂ ਸਿਰ ਬੀਜਣ ਲਈ ਇਸ ਦੀ ਬਿਜਾਈ ਰੌਣੀ ਕਰਨ ਤੋਂ ਤੁਰੰਤ ਬਾਅਦ ਬਿਨਾਂ ਵਹਾਈ ਕੀਤੀ ਜਾ ਸਕਦੀ ਹੈ। ਇਸ ਫ਼ਸਲੀ ਚੱਕਰ ਵਿੱਚੋਂ ਮੱਕੀ-ਕਣਕ ਅਤੇ ਕਣਕ-ਝੋਨੇ ਦੇ ਫ਼ਸਲੀ ਚੱਕਰਾਂ ਨਾਲੋਂ ਵੱਧ ਝਾੜ ਤੇ ਮੁਨਾਫ਼ਾ ਲਿਆ ਜਾ ਸਕਦਾ ਹੈ।

## ਹਲਦੀ-ਪਿਆਜ਼

ਇਸ ਫ਼ਸਲੀ ਚੱਕਰ ਅਧੀਨ ਹਲਦੀ ਨੂੰ ਅਪ੍ਰੈਲ ਦੇ ਅੰਤ ਵਿਚ ਬੀਜਣਾ ਚਾਹੀਦਾ ਹੈ। ਇਹ ਫ਼ਸਲ ਦਸੰਬਰ ਦੇ ਅਖ਼ੀਰ ਤਕ ਖੇਤ ਖਾਲੀ ਕਰ ਦਿੰਦੀ ਹੈ, ਜਿਸ ਵਿਚ ਹਾੜ੍ਹੀ ਰੁੱਤ ਦੇ ਪਿਆਜ਼ਾਂ ਦੀ ਪਨੀਰੀ ਅੱਧ ਜਨਵਰੀ ਤਕ ਪੁੱਟ ਕੇ ਖੇਤ ਵਿਚ ਲਾ ਦੇਣਾ ਚਾਹੀਦਾ ਹੈ। ਇਸ ਲਈ ਪਨੀਰੀ ਦੀ ਬਿਜਾਈ ਅੱਧ ਅਕਤੂਬਰ ਤੋਂ ਲੈ ਕੇ ਅੱਧ ਨਵੰਬਰ ਤਕ ਕਰ ਲੈਣੀ ਚਾਹੀਦੀ ਹੈ।

ਇਨ੍ਹਾਂ ਫ਼ਸਲੀ ਚੱਕਰਾਂ ਨੂੰ ਅਪਣਾ ਕੇ ਕਣਕ-ਝੋਨੇ ਦੇ ਫ਼ਸਲੀ ਚੱਕਰ ਨਾਲ ਹੋਣ ਵਾਲੇ ਨੁਕਸਾਨ ਤੋਂ ਅਗਲੀਆਂ ਪੀੜ੍ਹੀਆਂ ਨੂੰ ਬਚਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਹ ਫ਼ਸਲੀ ਚੱਕਰ ਕਣਕ-ਝੋਨੇ ਦੇ ਮੁਕਾਬਲੇ ਕੁਦਰਤੀ ਸਰੋਤਾਂ ਦਾ ਘੱਟ ਇਸਤੇਮਾਲ ਕਰਦੇ ਹਨ ਤੇ ਵਧੇਰੇ ਆਮਦਨ ਦਿੰਦੇ ਹਨ। ਇਹ ਫ਼ਸਲੀ ਚੱਕਰ ਜ਼ਮੀਨ ਦੀ ਸਿਹਤ ਵਿਚ ਵੀ ਸੁਧਾਰ ਕਰਦੇ ਹਨ। ਇੰਨੇ ਫ਼ਾਇਦੇ ਹੋਣ ਦੇ ਬਾਵਜੂਦ ਇਨ੍ਹਾਂ ਫ਼ਸਲਾਂ ਅਧੀਨ ਕਣਕ-ਝੋਨੇ ਨਾਲੋਂ ਰਕਬੇ ਦੇ ਘੱਟ ਹੋਣ ਦਾ ਮੁੱਖ ਕਾਰਨ ਇਨ੍ਹਾਂ ਫ਼ਸਲਾਂ ਲਈ ਮੰਡੀਕਰਨ ਦੀਆਂ ਸਹੂਲਤਾਂ ਦੀ ਘਾਟ, ਕੀਮਤਾਂ ਨੂੰ ਲੈ ਕੇ ਬੇਯਕੀਨੀ, ਖੇਤੀ ਕਾਮਿਆਂ ਦੀ ਸਮੱਸਿਆ ਤੇ ਮਸ਼ੀਨੀਕਰਨ ਦੀ ਘਾਟ ਹੈ। ਇਨ੍ਹਾਂ ਬਦਲਵੀਆਂ ਫ਼ਸਲਾਂ ਲਈ ਮੰਡੀਕਰਨ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣੀਆਂ ਜ਼ਰੂਰੀ ਹਨ। •

*ਕੈਲਸ਼ੀਅਮ ਕਾਰਬਾਈਡ ਨਾਲ ਫਲਾਂ ਨੂੰ ਪਕਾਉਣ ’ਤੇ ਭਾਰਤ ਸਮੇਤ ਦੁਨੀਆ ਦੇ ਕਈ ਦੇਸ਼ਾਂ ਵਿਚ ਪਾਬੰਦੀ ਲਗਾਈ ਗਈ ਹੈ। ਇਸ ਰਸਾਇਣ ਨਾਲ ਪਕਾਏ ਗਏ ਫਲ ਮਨੁੱਖੀ ਸਿਹਤ ਲਈ ਘਾਤਕ ਹਨ ਤੇ ਛੇਤੀ ਖ਼ਰਾਬ ਵੀ ਹੋ ਜਾਂਦੇ ਹਨ...*

# ਫਲਾਂ ਨੂੰ ਪਕਾਉਣ ਦਾ ਸਹੀ ਤੇ ਸੁਰੱਖਿਅਤ ਤਰੀਕਾ

• ਬਿਕਰਮਜੀਤ ਸਿੰਘ ਅਠਵਾਲ

ਭਾਰਤ ਕੇਲੇ, ਅੰਬ ਅਤੇ ਪਪੀਤੇ ਦੇ ਉਤਪਾਦਨ ’ਚ ਮੋਹਰੀ ਦੇਸ਼ ਹੈ। ਦੇਸ਼-ਵਿਦੇਸ਼ ਵਿਚ ਭਾਰਤ ਦੇ ਅੰਬਾਂ ਦੀ ਵੱਡੀ ਮੰਗ ਹੈ ਪ੍ਰੰਤੂ ਸਹੀ ਤੇ ਸੁਰੱਖਿਅਤ ਤਰੀਕੇ ਨਾਲ ਫਲਾਂ ਨੂੰ ਨਾ ਪਕਾਉਣ ਕਾਰਨ ਅੰਤਰਰਾਸ਼ਟਰੀ ਮੰਡੀ ’ਚ ਸਾਡੇ ਫਲਾਂ ਦੀ ਕੀਮਤ ਨਹੀਂ ਪੈਂਦੀ ਤੇ ਫਲ ਛੇਤੀ ਖ਼ਰਾਬ ਵੀ ਹੋ ਜਾਂਦੇ ਹਨ। ਕਿਸਾਨ ਅਤੇ ਵਪਾਰੀ ਫਲਾਂ ਨੂੰ ਪਕਾਉਣ ਲਈ ਕੈਲਸ਼ੀਅਮ ਕਾਰਬਾਈਡ ਦੀ ਵਰਤੋਂ ਕਰਦੇ ਹਨ। ਇਹ ਰਸਾਇਣ ਮਨੁੱਖੀ ਸਿਹਤ ’ਤੇ ਬੁਰਾ ਅਸਰ ਪਾਉਂਦਾ ਹੈ। ਪੰਜਾਬ ਸਰਕਾਰ ਵੱਲੋਂ ਹਾਲ ਹੀ ’ਚ ਚਲਾਈ ਗਈ ਮੁਹਿੰਮ ‘ਮਿਸ਼ਨ ਤੰਦਰੁਸਤ ਪੰਜਾਬ’ ਤਹਿਤ ਬਾਗ਼ਬਾਨਾਂ ਤੇ ਫਲ ਵਪਾਰੀਆਂ ਨੂੰ ਸਹੀ ਤੇ ਸੁਰੱਖਿਅਤ ਤਰੀਕੇ ਨਾਲ ਫਲਾਂ ਨੂੰ ਪਕਾਉਣ ਬਾਰੇ ਜਿੱਥੇ ਜਾਗਰੂਕ ਕੀਤਾ ਜਾ ਰਿਹਾ ਹੈ ਉਥੇ ਛਾਪੇਮਾਰੀ ਕਰ ਕੇ ਗ਼ਲਤ ਤਰੀਕੇ ਨਾਲ ਪਕਾਏ ਗਏ ਫਲ ਨਸ਼ਟ ਵੀ ਕੀਤੇ ਜਾ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਫਲਾਂ ਦਾ ਕਾਰੋਬਾਰ ਕਰਨ ਵਾਲੇ ਬਾਗ਼ਬਾਨ ਤੇ ਵਪਾਰੀ ਲੋਕਾਂ ਦੀ ਸਿਹਤ ਤੇ ਆਪਣੇ ਵਪਾਰ ਨੂੰ ਧਿਆਨ ’ਚ ਰੱਖਦੇ ਹੋਏ ਅਜਿਹੇ ਤਰੀਕੇ ਨਾਲ ਫਲਾਂ ਨੂੰ ਪਕਾਉਣ ਜੋ ਖਪਤਕਾਰ ਨੂੰ ਤੰਦਰੁਸਤ ਰੱਖਣ ’ਚ ਮਦਦ ਕਰਨ ਨਾ ਕਿ ਬਿਮਾਰੀਆਂ ਦਾ ਕਾਰਨ ਬਣਨ।

## ਇਥਾਈਲੀਨ ਗੈਸ ਸੁਰੱਖਿਅਤ ਤਰੀਕਾ

ਇਥਾਈਲੀਨ ਗੈਸ ਫਲਾਂ ਨੂੰ ਪਕਾਉਣ ਦਾ ਸੁਰੱਖਿਅਤ ਤਰੀਕਾ ਹੈ ਅਤੇ ਇਹ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਮਾਣਿਤ ਵੀ ਹੈ। ਇਥਾਈਲੀਨ ਗੈਸ ਕੁਦਰਤੀ ਤੌਰ ’ਤੇ ਪੈਦਾ ਹੋਣ ਵਾਲੀ ਗੈਸ ਹੈ, ਜੋ ਫਲਾਂ ਦੀ ਉਮਰ ਮੁਤਾਬਿਕ ਫਲ/ਰੁੱਖ ਦੇ ਅੰਦਰ ਮੌਜੂਦ ਹਾਰਮੋਨਜ਼ ਕਾਰਨ ਪੈਦਾ ਹੁੰਦੀ ਹੈ ਪ੍ਰੰਤੂ ਇਸ ਦੀ ਮਾਤਰਾ ਕਾਫ਼ੀ ਨਹੀਂ ਹੁੰਦੀ ਕਿ ਖੁਦ ਫਲ ਨੂੰ ਸਹੀ ਤਰੀਕੇ ਨਾਲ ਪਕਾ ਸਕੇ। ਇਸ ਲਈ ‘ਰਾਈਪਨਿੰਗ ਚੈਂਬਰ’ ਨਾਂ ਦੇ ਢਾਂਚੇ ਦੀ ਫਲਾਂ ਨੂੰ ਸੁਰੱਖਿਅਤ ਪਕਾਉਣ ਲਈ ਜ਼ਰੂਰਤ ਹੁੰਦੀ ਹੈ।


ਇਸ ਢਾਂਚੇ ਅੰਦਰ ਫਲਾਂ ਨੂੰ ਘੱਟ ਮਾਤਰਾ ਵਾਲੀ ਇਥਾਈਲੀਨ ਗੈਸ (100 ਪੀਪੀਐੱਮ) ਦਾ ਉਪਚਾਰ 24 ਘੰਟੇ ਦੇ ਲਈ ਕੀਤਾ ਜਾਂਦਾ ਹੈ ਤਾਂ ਜੋ ਕਿ ਫਲ ਇਕਸਾਰ ਪੱਕ ਸਕਣ। ਇਸ ਤਕਨੀਕ ਵਿਚ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਫਲ ਪਕਾਉਣ ਵਾਲੇ ਚੈਂਬਰ ਦਾ ਤਾਪਮਾਨ 16 ਤੋਂ 24 ਡਿਗਰੀ ਸੈਲਸੀਅਸ ਤੇ ਨਮੀ 90-95 ਫ਼ੀਸਦੀ ਹੋਣੀ ਚਾਹੀਦੀ ਹੈ ਅਤੇ ਇਹ ਫਲ ਦੀ ਕਿਸਮ ’ਤੇ ਵੀ ਨਿਰਭਰ ਕਰਦੀ ਹੈ। ਇਥਾਈਲੀਨ ਗੈਸ ਨੂੰ ਫਲ ਪਕਾਉਣ ਵਾਲੇ ਚੈਂਬਰ ’ਚ ਇਕ ਯੰਤਰ ਨਾਲ ਪੈਦਾ ਕੀਤਾ ਜਾਂਦਾ ਹੈ, ਜਿਸ ਨੂੰ ਇਥਾਈਲੀਨ ਜਨਰੇਟਰ ਕਹਿੰਦੇ ਹਨ। ਇਹ ਇਕ ਛੋਟਾ ਜਿਹਾ ਯੰਤਰ ਹੈ, ਜਿਸ ਵਿਚ ਇਥਾਈਲੀਨ ਅਲਕੋਹਲ ਪਾਈ ਜਾਂਦੀ ਹੈ ਤੇ ਬਿਜਲੀ ਦੀ ਵਰਤੋਂ ਦੇ ਨਾਲ ਐਥਲੀਨ ਅਲਕੋਹਲ ਨਾਂ ਦਾ ਇਹ ਤਰਲ ਗਰਮ ਹੋ ਕੇ ਇਥਾਈਲੀਨ ਗੈਸ ਪੈਦਾ ਕਰਦਾ ਹੈ। ਇਹ ਗੈਸ ਸਿਹਤ ਲਈ ਕਿਸੇ ਪ੍ਰਕਾਰ ਹਾਨੀਕਾਰਕ ਨਹੀਂ ਹੈ।ਇਸ ਤਰੀਕੇ ਨਾਲ ਪਕਾਏ ਹੋਏ ਫਲਾਂ ਦੀ ਗੁਣਵੱਤਾ ਲੰਬੇ ਸਮੇਂ ਤਕ ਕਾਇਮ ਰਹਿੰਦੀ ਹੈ। ਇਹ ਤਕਨੀਕ ‘ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ’ (FSSAI), ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਵੱਲੋਂ ਵੀ ਪ੍ਰਮਾਣਿਤ ਹੈ।

ਨੈਸ਼ਨਲ ਹਾਰਟੀਕਲਚਰ ਮਿਸ਼ਨ ਤਹਿਤ ਬਾਗ਼ਬਾਨੀ ਵਿਭਾਗ ਪੰਜਾਬ ਵੱਲੋਂ ਫਲ ਪਕਾਉਣ ਵਾਲਾ ਢਾਂਚਾ ਤਿਆਰ ਕਰਨ ਲਈ ਬਾਗ਼ਬਾਨਾਂ ਅਤੇ ਕਿਸਾਨਾਂ ਨੂੰ ਤਕਨੀਕੀ ਅਤੇ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਪੀਐੱਚਪੀਟੀਸੀ ਲੁਧਿਆਣਾ ਵੱਲੋਂ ਸਮੇਂ-ਸਮੇਂ ਸਿਰ ਇਸ ਵਿਸ਼ੇ ’ਤੇ ਕਿਸਾਨਾਂ, ਬਾਗ਼ਬਾਨਾਂ ਅਤੇ ਵਪਾਰੀਆਂ ਨੂੰ ਸਿਖਲਾਈ ਵੀ ਦਿੱਤੀ ਜਾਂਦੀ ਹੈ। ਫਲਾਂ ਦੇ ਕਾਰੋਬਾਰ ਨਾਲ ਸਬੰਧਤ ਸਾਰੀਆਂ ਧਿਰਾਂ ਨੂੰ ਚਾਹੀਦਾ ਹੈ ਕਿ ਖ਼ੁਦ ਰਾਈਪਨਿੰਗ ਚੈਂਬਰ ਲਗਾ ਕੇ ਸਹੀ ਤਰੀਕੇ ਨਾਲ ਫਲਾਂ ਨੂੰ ਪਕਾਉਣ, ਜਿਸ ਨਾਲ ਕੈਲਸ਼ੀਅਮ ਕਾਰਬਾਈਡ ਵਰਗੀ ਪੁਰਾਣੀ ਅਤੇ ਨੁਕਸਾਨਦਾਇਕ ਤਕਨੀਕ ਨੂੰ ਬਦਲਿਆ ਜਾ ਸਕੇ ਤੇ ਖਪਤਕਾਰਾਂ ਨੂੰ ਵਧੀਆ, ਸਿਹਤਮੰਦ ਤੇ ਸੁਰੱਖਿਅਤ ਫਲ ਮੁਹੱਈਆ ਕਰਵਾਏ ਜਾ ਸਕਣ। •

### ਹਾਨੀਕਾਰਕ ਹਨ ਕੈਲਸ਼ੀਅਮ ਕਾਰਬਾਈਡ ਨਾਲ ਪਕਾਏ ਫਲ

*ਕੈਲਸ਼ੀਅਮ ਕਾਰਬਾਈਡ ਨੂੰ ਆਮ ਭਾਸ਼ਾ ’ਚ ‘ਮਸਾਲਾ’ (ਵੈਲਡਿੰਗ ਕਰਨ ਵਾਲਾ) ਕਿਹਾ ਜਾਂਦਾ ਹੈ। ਮਸਾਲੇ ਨਾਲ ਪਕਾਏ ਗਏ ਫਲ ਸਿਹਤ ਲਈ ਹਾਨੀਕਾਰਕ ਹੁੰਦੇ ਹਨ। ਕੈਲਸ਼ੀਅਮ ਕਾਰਬਾਈਡ ਜਦੋਂ ਪਾਣੀ ਜਾਂ ਨਮੀ ਦੇ ਸੰਪਰਕ ’ਚ ਆਉਂਦਾ ਹੈ ਤਾਂ ‘ਐਸਿਟੀਲੀਨ ਗੈਸ’ ਅਤੇ ਗਰਮੀ ਪੈਦਾ ਕਰਦਾ ਹੈ, ਜੋ ਫਲ ਨੂੰ ਪਕਾਉਣ ਦੀ ਕਿਰਿਆ ਕਰਦੀ ਹੈ। ਕੈਲਸ਼ੀਅਮ ਕਾਰਬਾਈਡ ਨੂੰ ਕਾਗਜ਼ ’ਚ ਲਪੇਟ ਕੇ ਛੋਟੀਆਂ-ਛੋਟੀਆਂ ਪੁੜੀਆਂ ਦੇ ਰੂਪ ’ਚ ਕੇਲੇ ਅਤੇ ਪਪੀਤੇ ਦੇ ਢੇਰਾਂ ਵਿਚ ਰੱਖ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਅੰਬ ਨੂੰ ਕਰੇਟਸ ਵਿਚ ਪਾ ਕੇ ਉਨ੍ਹਾਂ ਵਿਚ ਕੈਲਸ਼ੀਅਮ ਕਾਰਬਾਈਡ ਦੀਆਂ ਪੁੜੀਆਂ ਰੱਖ ਦਿਤੀਆਂ ਜਾਂਦੀਆਂ ਹਨ। ਜੇ ਕੋਈ ਇਨਸਾਨ ਗਿੱਲੇ ਹੱਥਾਂ ਨਾਲ ਅਜਿਹੇ ਫਲਾਂ ਨੂੰ ਛੂਹ ਲਵੇ ਤਾਂ ਉਸ ਦੇ ਹੱਥਾਂ ’ਤੇ ਛਾਲੇ ਪੈ ਜਾਂਦੇ ਹਨ। ਭਾਰਤ ਸਰਕਾਰ ਦੇ ‘ਪਰਿਵੈਨਸ਼ਨ ਆਫ ਫੂਡ ਐਡਲਟਰੇਸ਼ਨ ਐਕਟ-1954’ ਤੇ 1955 ਤਹਿਤ ਕੈਲਸ਼ੀਅਮ ਕਾਰਬਾਈਡ ਦੀ ਵਰਤੋਂ ਕਰਨ ਦੀ ਮਨਾਹੀ ਹੈ। ਅੱਜ ਕੱਲ੍ਹ ਕੇਲੇ ਦੇ ਨਾਲ-ਨਾਲ ਪੰਜਾਬ ਵਿਚ ਅੰਬਾਂ ਦਾ ਵੀ ਮੰਡੀਕਰਨ ਹੋ ਰਿਹਾ ਹੈ। ਇਸ ਲਈ ਇਹ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ ਕਿ ਕੈਲਸ਼ੀਅਮ ਕਾਰਬਾਈਡ ਨਾਲ ਪਕਾਏ ਗਏ ਫਲਾਂ ਦੀ ਵਰਤੋਂ ਨਾ ਕੀਤੀ ਜਾਵੇ।*





**ਸਵਾਲ-ਜਵਾਬ**

*‘ਪੰਜਾਬੀ ਜਾਗਰਣ’ ਵੱਲੋਂ ਕਿਸਾਨਾਂ ਦੀਆਂ ਖੇਤੀ ਸਬੰਧੀ ਸਮੱਸਿਆਵਾਂ ਦੇ ਹੱਲ ਲਈ ਸਵਾਲ-ਜਵਾਬ ਦਾ ਸਿਲਸਿਲਾ ਸ਼ੁਰੂ ਕੀਤਾ ਜਾ ਰਿਹਾ ਹੈ। ਕਿਸਾਨ ਵੀਰ ਸੋਮਵਾਰ ਤੋਂ ਵੀਰਵਾਰ ਤਕ, ਦੁਪਹਿਰ 1:00 ਵਜੇ ਤੋਂ ਸ਼ਾਮ 5:00 ਵਜੇ ਤਕ ਫੋਨ ਨੰਬਰ 0181-6606800, 3985700 ’ਤੇ ਸੰਪਰਕ ਕਰ ਕੇ ਆਪਣੀ ਸਮੱਸਿਆ ਨੋਟ ਕਰਵਾ ਸਕਦੇ ਹਨ। ਅਸੀਂ ਮਾਹਿਰਾਂ ਪਾਸੋਂ ਇਸ ਸਬੰਧੀ ਰਾਏ ਪ੍ਰਾਪਤ ਕਰ ਕੇ ਸੋਮਵਾਰ ਦੇ ‘ਹਰਿਆਵਲ’ ਅੰਕ ਵਿਚ ਇਸ ਦਾ ਹੱਲ ਪ੍ਰਕਾਸ਼ਿਤ ਕਰਿਆ ਕਰਾਂਗੇ।*

*ਮੌਨਸੂਨ ਵੱਡੇ ਪੱਧਰ ’ਤੇ ਚੱਲਣ ਵਾਲੀਆਂ ਮੌਸਮੀ ਹਵਾਵਾਂ ਹਨ ਜੋ ਧਰਤੀ ਦੁਆਲੇ ਇੱਕੋ ਦਿਸ਼ਾ ’ਚ ਚੱਲਦੀਆਂ ਹਨ ਤੇ ਰੁੱਤ ਬਦਲਣ ਨਾਲ ਦਿਸ਼ਾ ਬਦਲਦੀਆਂ ਹਨ। ਭਾਰਤ ’ਚ ਖੇਤੀਬਾੜੀ ਸਮੇਤ ਦੂਸਰੇ ਕਈ ਧੰਦੇ ਤੇ ਦੇਸ਼ ਦਾ ਅਰਥਚਾਰਾ ਮੌਨਸੂਨ ਉੱਪਰ ਨਿਰਭਰ ਕਰਦਾ ਹੈ...*

# ਮੌਨਸੂਨ ਪੌਣਾਂ ਦਾ ਸਫ਼ਰ ਤੇ ਭਵਿੱਖਬਾਣੀ



• ਕੁਲਵਿੰਦਰ ਕੌਰ ਗਿੱਲ, 98553-85287

ਮੌਨਸੂਨ ਸ਼ਬਦ ਦਾ ਜਨਮ ਅਰਬੀ ਭਾਸ਼ਾ ਦੇ ਸ਼ਬਦ ‘ਮੌਸਿਨ’ ਤੋਂ ਹੋਇਆ ਹੈ, ਜਿਸ ਦਾ ਮਤਲਬ ਹੈ - ਰੁੱਤ। ਇਹ ਸ਼ਬਦ ਮੌਸਮੀ ਵਰਖਾ ਨਾਲ ਸਬੰਧਤ ਹੈ। ਮੌਨਸੂਨ ਵੱਡੇ ਪੱਧਰ ’ਤੇ ਚੱਲਣ ਵਾਲੀਆਂ ਮੌਸਮੀ ਹਵਾਵਾਂ ਹਨ, ਜੋ ਧਰਤੀ ਦੇ ਆਲੇ-ਦੁਆਲੇ ਇੱਕੋ ਦਿਸ਼ਾ ਵਿਚ ਚੱਲਦੀਆਂ ਹਨ ਤੇ ਰੁੱਤ ਬਦਲਣ ਨਾਲ ਦਿਸ਼ਾ ਬਦਲਦੀਆਂ ਹਨ। ਇਹ ਪੌਣਾਂ ਧਰਤੀ ਦੇ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਦੀਆਂ ਹਨ ਖ਼ਾਸ ਤੌਰ ’ਤੇ ਏਸ਼ੀਆ ਮਹਾਦੀਪ ਨੂੰ। ਅਸਟ੍ਰੇਲੀਆ ਤੇ ਅਫਰੀਕਾ ਵੀ ਮੌਨਸੂਨ ਪੌਣਾਂ ਦੇ ਘੇਰੇ ’ਚ ਆਉਂਦੇ ਹਨ। ਭਾਰਤ ’ਚ ਗਰਮੀ ਦੇ ਮੌਸਮ ’ਚ ਚੱਲਣ ਵਾਲੀਆਂ ਪੌਣਾਂ ਦਾ ਰੁਖ਼ ਦੱਖਣ-ਪੱਛਮੀ ਹੁੰਦਾ ਹੈ ਇਸ ਲਈ ਇਸ ਨੂੰ ਦੱਖਣ-ਪੱਛਮੀ ਮੌਨਸੂਨ ਕਿਹਾ ਜਾਂਦਾ ਹੈ ਪਰ ਇਸ ਦੇ ਉਲਟ ਸਰਦ ਰੁੱਤ ਵਿਚ ਪੌਣਾਂ ਦਾ ਰੁਖ਼ ਉੱਤਰ-ਪੂਰਬੀ ਹੋਣ ਕਾਰਨ ਸਰਦੀ ਦੀ ਵਰਖਾ ਨੂੰ ਉੱਤਰ-ਪੂਰਬੀ ਮੌਨਸੂਨ ਆਖਦੇ ਹਨ। ਭਾਰਤ ਦੇ ਉੱਤਰ-ਪੱਛਮੀ ਸੂਬਿਆਂ ਵਿਚ ਸਰਦੀਆਂ ’ਚ ਬਰਸਾਤ ਪੱਛਮੀ ਚੱਕਰਵਾਤਾਂ ਕਾਰਨ ਹੀ ਹੁੰਦੀ ਹੈ।

## ਮੌਨਸੂਨ ਦੀ ਆਮਦ

ਗਰਮੀਆਂ ਦੌਰਾਨ ਅਰਬ ਸਾਗਰ ਤੇ ਬੰਗਾਲ ਦੀ ਖਾੜੀ ਉੱਪਰ ਹਵਾ ਦਾ ਦਬਾਅ ਘਟਣਾ ਸ਼ੁਰੂ ਹੋ ਜਾਂਦਾ ਹੈ, ਜੋ ਹੌਲੀ-ਹੌਲੀ ਉੱਤਰ-ਪੱਛਮਵੱਲ ਵਧਦਾ ਹੋਇਆ ਭਾਰਤ ਦੇ ਕੇਂਦਰੀ ਇਲਾਕੇ ’ਚ ਵਰਖਾ ਦਾ ਕਾਰਨ ਬਣਦਾ ਹੈ। ਭਾਰਤ ਦੇ ਦੱਖਣ-ਪੂਰਬੀ ਇਲਾਕਿਆਂ ’ਚ ਜੇਕਰ 14 ਸਟੇਸ਼ਨਾਂ ਚੋਂ 60 ਫ਼ੀਸਦੀ ਸਟੇਸ਼ਨਾਂ ’ਤੇ ਲਗਾਤਾਰ 2-3 ਦਿਨ 2.5 ਮਿਲੀਮੀਟਰ ਤੋਂ ਜ਼ਿਆਦਾ ਵਰਖਾ ਦਰਜ ਕੀਤੀ ਜਾਵੇ ਤਾਂ ਕੇਰਲਾ ’ਚ ਮੌਨਸੂਨ ਦੀ ਆਮਦ ਦਾ ਐਲਾਨ ਕਰ ਦਿੱਤਾ ਜਾਂਦਾ ਹੈ ਪਰ ਉਸ ਦੇ ਨਾਲ-ਨਾਲ ਚੱਕਰਵਾਤਾਂ ਤੇ ਹਵਾ ਦੀ ਗਤੀ ਨੂੰ ਵੀ ਧਿਆਨ ’ਚ ਰੱਖਿਆ ਜਾਂਦਾ ਹੈ। ਅੰਦਾਜ਼ਨ ਇਕ ਤੋਂ ਤਿੰਨ ਘੱਟ ਦਬਾਓ ਨੂੰ ‘ਘਟ ਦਬਾਓ’ ਦਾ ਨਾਂ ਦਿੱਤਾ ਜਾਂਦਾ ਹੈ। ਹਵਾ ਦੇ ਇਸ ਦਬਾਅ ਨਾਲ ਬੜਾ ਦਿਲਚਸਪ ਤੱਥ ਜੁੜਿਆ ਹੈ। ਮੌਨਸੂਨ ਦੇ ਸਿਖ਼ਰਲੇ ਮਹੀਨੇ (ਜੁਲਾਈ-ਅਗਸਤ) ’ਚ ਇਹ ਘੱਟ ਦਬਾਅ ਚੱਕਰਵਾਤ ਜਾਂ ਵਾਵਰੋਲੇ (ਜਿਸ ’ਚ ਹਵਾ ਦੀ ਗਤੀ 64 ਨੌਟ ਜਾਂ ਵੱਧ ਹੁੰਦੀ ਹੈ) ਦਾ ਰੂਪ ਨਹੀਂ ਅਖ਼ਤਿਆਰ ਕਰਦਾ ਜਦਕਿ ਮੌਨਸੂਨ ਦੀ ਆਮਦ ਤੋਂ ਪਹਿਲੇ ਮਹੀਨਿਆਂ (ਅਪ੍ਰੈਲ-ਮਈ) ਤੇ ਬਾਅਦ ਦੇ ਮਹੀਨਿਆਂ (ਅਕਤੂਬਰ-ਨਵੰਬਰ) ’ਚ ਇਹ ਵਾਵਰੋਲੇ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ। ਇਹ ਵੀ ਦੇਖਿਆ ਗਿਆ ਹੈ ਕਿ ਜੇ ਮਈ ਮਹੀਨੇ ’ਚ ਤਾਪਮਾਨ 40 ਡਿਗਰੀ ਸੈਂਟੀਗਰੇਡ ਤੋਂ ਜ਼ਿਆਦਾ ਰਹੇ (ਭਾਵੇਂ ਜੂਨ ਦਾ ਮਹੀਨਾ ਥੋੜ੍ਹਾ ਠੰਢਾ ਵੀ ਰਹੇ) ਤਾਂ ਮੌਨਸੂਨ ਵਧੀਆ ਰਹਿੰਦੀ ਹੈ। ਮੌਨਸੂਨ ਦੀ 80 ਫ਼ੀਸਦੀ ਬਰਸਾਤ ਜੁਲਾਈ-ਅਗਸਤ ਮਹੀਨਿਆਂ ’ਚ ਹੋ ਜਾਂਦੀ ਹੈ। ਜੇ ਮਈ ਦਾ ਮਹੀਨਾ ਗਰਮ ਰਹਿੰਦਾ ਹੈ ਤਾਂ ਜੁਲਾਈ ਤੇ ਅਗਸਤ ਵਿਚ ਔਸਤ ਤੋਂ ਜ਼ਿਆਦਾ ਵਰਖਾ ਹੁੰਦੀ ਹੈ ਪਰ ਜੇ ਜੂਨ ਮਹੀਨਾ ਗਰਮ ਹੋਵੇ ਤਾਂ ਅਗਸਤ ਤੇ ਸਤੰਬਰ ਮਹੀਨਿਆਂ ’ਚ ਵਰਖਾ ਜ਼ਿਆਦਾ ਹੁੰਦੀ ਹੈ। ਭਾਰਤ ’ਚ ਮੌਨਸੂਨ ਦੀ ਦੱਖਣੀ ਭਾਰਤ ਵਿਚ ਥੀਰੂਵੈਨਥੂਪੁਰਮ ਵਿਖੇ ਪਹਿਲੀ ਜੂਨ ਨੂੰ ਆਮਦ ਹੋ ਜਾਂਦੀ ਹੈ ਤੇ ਦੱਖਣ ਤੋਂ ਉੱਤਰ ਪੱਛਮ ਦਾ ਸਫ਼ਰ 45 ਦਿਨਾਂ ’ਚ ਤਹਿ ਕਰਦੀ ਹੋਈ 15 ਜੁਲਾਈ ਤਕ ਸਾਰੇ ਭਾਰਤ ਨੂੰ ਕਲਾਵੇ ’ਚ ਲੈ ਲੈਂਦੀ ਹੈ। ਦੇਸ਼ ਦੇ ਪੱਛਮੀ ਹਿੱਸੇ ਤੇ ਕਸ਼ਮੀਰ ’ਚ ਅਗਸਤ ਦੇ ਅਖ਼ੀਰ ਤਕ ਮੌਨਸੂਨ ਪੌਣਾਂ ਤਾਕਤ ਗੁਆ ਬਹਿੰਦੀਆਂ ਹਨ। ਇਸ ਕਾਰਨ ਇਹ ਪੌਣਾਂ ਗਰਮ ਚੱਕਰਵਾਤਾਂ ਤੋਂ ਸਰਦ ਚੱਕਰਵਾਤਾਂ ’ਚ ਬਦਲ ਜਾਂਦੀਆਂ ਹਨ ਤੇ ਇਹ ਪਿੱਛੇ ਹਟਣ ਲੱਗਦੀਆਂ ਹਨ। ਇਸ ਤਰ੍ਹਾਂ ਉੱਤਰ-ਪੱਛਮੀ ਖੇਤਰ ਵਿਚ ਸਤੰਬਰ ਦੇ ਸ਼ੁਰੂ ’ਚ ਮੌਨਸੂਨੀ ਪੌਣਾਂ ਦੀ ਵਾਪਸੀ ਸ਼ੁਰੂ ਹੋ ਜਾਂਦੀ ਹੈ।

## ਮੌਨਸੂਨ ਦੇ ਕਾਰਨ

ਏਸ਼ੀਆ ’ਚ ਗਰਮ ਰੁੱਤ ਦੌਰਾਨ ਧਰਤੀ ਦਾ ਤਪਣਾ, ਗਰਮ ਰੁੱਤ ਦੀਆਂ ਹਵਾਵਾਂ ਦੀ ਆਮਦ ਵਰਖਾ ਦਾ ਮੁਢਲਾ ਕਾਰਨ ਹੈ। ਤਿੱਬਤੀ ਪਠਾਰ, ਜੋ ਕਿ ਖਲਬਲੀ ਮੰਡਲ ਦੇ ਵਿਚਕਾਰ ਸਥਿਤ ਹੈ, ਗਰਮੀ ਦਾ ਮੁੱਖ ਸੋਮਾ ਹੈ ਤੇ ਇਹ ਮੌਨਸੂਨ ਦੀ ਆਮਦ ਨੂੰ ਪ੍ਰਭਾਵਿਤ ਕਰਦਾ ਹੈ। ਖੋਜਾਂ ਤੋਂ ਸਾਹਮਣੇ ਆਇਆ ਹੈ ਕਿ ਹਿਮਾਲਿਆ ਉੱਤੇ ਤਿੱਬਤ ਦੇ ਉੱਚੇ ਸਥਾਨਾਂ ਤੋਂ ਬਗ਼ੈਰ ਮੌਨਸੂਨ ਦਾ ਵਹਾਅ ਸੰਭਵ ਨਹੀਂ ਹੋ ਸਕਦਾ। ਇਸ ਦੇ ਨਾਲ ਹੀ ਇਨ੍ਹਾਂ ਸਦਕਾ ਗਰਮੀ ਦਾ ਵਹਾਅ ਵੀ ਵਰਖਾ ਦੀ ਆਮਦ ਤੇ ਵਾਪਸੀ ਉੱਪਰ ਪ੍ਰਭਾਵ ਪਾਉਂਦਾ ਹੈ। ਕਰਕ ਰੇਖਾ ਤੇ ਮਕਰ ਰੇਖਾ ਵਿਚਕਾਰ ਸੂਰਜ ਦੀ ਸਥਿਤੀ ਵਿਚਲਾ ਵਹਾਅ, ਧਰਤੀ ਤੇ ਭੂ-ਮੱਧ ਰੇਖਾ ਵਾਲੇ ਵਹਾਅ ਨਾਲ ਸਬੰਧ ਰੱਖਦਾ ਹੈ। ਇਹ ਵਹਾਅ ਤਾਪਮਾਨ ਹੀ ਨਹੀਂ ਬਲਕਿ ਦਬਾਅ, ਹਵਾ, ਬੱਦਲਵਾਈ ਤੇ ਵਰਖਾ ਨਾਲ ਵੀ ਸਬੰਧਤ ਹੈ ਜੋ ਸੰਸਾਰ ਪੱਧਰ ’ਤੇ ਵਰਖਾ ਦਾ ਕਾਰਨ ਹਨ। ਐਲ-ਨੀਨੋ (El-Nino) ਤੇ ਲਾ-ਨੀਨਾ (La-Nina) ਧਰਤੀ ਦੀਆਂ ਅਜਿਹੀਆਂ ਦੋ ਵਿਸ਼ਾਲ ਪ੍ਰਕਿਰਿਆਵਾਂ ਹਨ ਜੋ ਮੌਨਸੂਨ ਨੂੰ ਪ੍ਰਭਾਵਿਤ ਕਰਦੀਆਂ ਹਨ। ਜੇ ਪੈਸੇਫਿਕ ਸਾਗਰ ’ਤੇ ਤਾਪਮਾਨ ਵਧ ਜਾਵੇ ਤਾਂ ਭਾਰਤੀ ਸਮੁੰਦਰ ਉੱਪਰ ਤਾਪਮਾਨ ਘਟ ਜਾਂਦਾ ਹੈ, ਜਿਸ ਨਾਲ ਹਵਾ ਦਾ ਦਬਾਅ ਵਧ ਜਾਂਦਾ ਹੈ ਤੇ ਵਰਖਾ ਘੱਟ ਹੁੰਦੀ ਹੈ ਕਿਉਂਕਿ ਦਬਾਅ ਤੇ ਵਰਖਾ ਦਾ ਆਪਸ ’ਚ ਉਲਟਾ ਸਬੰਧ ਹੈ। ਜਿੱਥੇ ਹਵਾ ਦਾ ਦਬਾਅ ਘਟਦਾ ਹੈ, ਉੱਥੇ ਵਰਖਾ ਵੱਧ ਹੁੰਦੀ ਹੈ ਤੇ ਜਿੱਥੇ ਦਬਾਅ ਵੱਧਦਾ ਹੈ ਉੱਥੇ ਵਰਖਾ ਘਟ ਹੁੰਦੀ ਹੈ।

## ਮੌਨਸੂਨ ਦੀ ਕਾਰਗੁਜ਼ਾਰੀ

ਪੰਜਾਬ ’ਚ ਮੌਨਸੂਨ ਵਰਖਾ ਔਸਤ 500 ਮਿਲੀਮੀਟਰ ਹੁੰਦੀ ਹੈ। ਜੇ ਵਰਖਾ 19 ਫ਼ੀਸਦੀ ਤੋਂ ਘਟ ਜਾਵੇ ਤਾਂ ‘ਸੋਕਾ ਗ੍ਰਸਤ’ ਸਾਲ ਮੰਨਿਆ ਜਾਂਦਾ ਹੈ ਪਰ ਜੇ 19 ਫ਼ੀਸਦੀ ਤੋਂ ਵੱਧ ਵਰਖਾ ਹੋਵੇ ਤਾਂ ਉਸ ਨੂੰ ‘ਹੜ੍ਹ ਮਾਰੂ’ ਸਾਲ ਮੰਨਿਆ ਜਾਂਦਾ ਹੈ। ਦੇਸ਼ ਵਿਚ 2014 ਤੇ 2015 ’ਚ ਦੋ ਸਾਲ ਦੇ ਸੋਕੇ ਤੋਂ ਬਾਅਦ 2016 ’ਚ ਮੌਨਸੂਨ ਦੀ ਸਥਿਤੀ ’ਚ ਸੁਧਾਰ ਹੋਇਆ ਤੇ ਉਸ ਸਾਲ 97 ਫ਼ੀਸਦੀ ਵਰਖਾ ਹੋਈ। ਪਿਛਲੇ ਸਾਲ ਮੌਨਸੂਨ ਸਧਾਰਨ ਰਹੀ। ਪੰਜਾਬ ’ਚ 3-4 ਸਾਲਾਂ (2014 ਤੋਂ 2017) ਦੌਰਾਨ ਮੌਨਸੂਨ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ ਰਹੀ ਤੇ ਵਰਖਾ ਔਸਤ ਨਾਲੋਂ 22 ਤੋਂ 50 ਫ਼ੀਸਦੀ ਤਕ ਘੱਟ ਰਹੀ। ਇਸ ਦਾ ਸੂਬੇ ਦੇ ਜ਼ਮੀਨਦੋਜ਼ ਪਾਣੀ ’ਤੇ ਵੀ ਮਾੜਾ ਅਸਰ ਪਿਆ। ਸੂਬੇ ਦੇ 145 ਬਲਾਕਾਂ ਵਿੱਚੋਂ 100 ਬਲਾਕਾਂ ਦਾ ਪਾਣੀ ਕਰੀਬ ਇਕ ਮੀਟਰ ਥੱਲੇ ਜਾ ਚੁੱਕਾ ਹੈ। ਭਾਰਤ ’ਚ ਖੇਤੀਬਾੜੀ ਸਿੱਧੇ ਤੌਰ ’ਤੇ ਮੌਸਮੀ ਵਰਖਾ ਉੱਪਰ ਨਿਰਭਰ ਹੈ। ਮੌਨਸੂਨ ਦੀ ਆਮਦ, ਮਾਤਰਾ, ਮਿਆਦ ਤੇ ਰਵਾਨਗੀ ਸਾਉਣੀ ਦੀਆਂ ਫ਼ਸਲਾਂ ਉੱਪਰ ਪ੍ਰਭਾਵ ਪਾਉਂਦੀ ਹੈ। ਕਈ ਵਾਰ ਮੌਨਸੂਨ ਸਮੇਂ ਸਿਰ ਆਉਣ ਦੇ ਬਾਵਜੂਦ ਰਸਤਾ ਭਟਕ ਜਾਂਦੀ ਹੈ ਤੇ ਹਿਮਾਲਿਆ ਦੀਆਂ ਪਹਾੜੀਆਂ ’ਤੇ ਸਥਿਰ ਹੋ ਜਾਂਦੀ ਹੈ, ਜਿਸ ਨੂੰ ਅਸੀਂ ‘ਮੌਨਸੂਨ ਦਾ ਟੁੱਟਣਾ’ ਆਖ ਸਕਦੇ ਹਾਂ। ਮੌਨਸੂਨ ਦੇ ਨਿਯਮਿਤ ਸਮੇਂ ’ਚ ਕੁਝ ਨਾ ਕੁਝ ਤਬਦੀਲੀਆਂ ਆਉਣੀਆਂ ਸੁਭਾਵਿਕ ਹਨ। ਕਈ ਵਾਰ ਇਕ ਸਾਲ ਕਿਸੇ ਜਗ੍ਹਾ ਕਾਫ਼ੀ ਵਰਖਾ ਹੁੰਦੀ ਹੈ ਤੇ ਦੂਸਰੇ ਸਾਲ ਉਸੇ ਜਗ੍ਹਾ ਘੱਟ ਵਰਖਾ ਹੁੰਦੀ ਹੈ। ਦੇਸ਼ ਦੇ ਪੂਰਬ ’ਚ ਸਥਿਤ ਮੇਘਾਲਿਆ ਸੂਬੇ ਦੇ ਮੋਹਸਿਨਰਾਮ ਜ਼ਿਲ੍ਹੇ ’ਚ ਸਭ ਤੋਂ ਵੱਧ ਵਰਖਾ (11,873 ਮਿ.ਮੀ.) ਰਿਕਾਰਡ ਕੀਤੀ ਜਾਂਦੀ ਹੈ। ਇਸ ਤੋਂ ਉਲਟ ਪੱਛਮ ’ਚ ਸਥਿਤ ਰਾਜਿਸਥਾਨ ਦੇ ਜੈਸਲਮੇਰ ਤੇ ਬੀਕਾਨੇਰ ’ਚ ਸਭ ਤੋਂ ਘੱਟ (350 ਮਿ.ਮੀ.) ਵਰਖਾ ਦਰਜ ਕੀਤੀ ਜਾਂਦੀ ਹੈ।

### ਝੋਨੇ ਦੀ ਲਾਹੇਵੰਦ ਹੋਵੇਗੀ ਪ੍ਰੀ-ਮੌਨਸੂਨ

*ਮੌਨਸੂਨ ਸਬੰਧੀ ਭਵਿੱਖਬਾਣੀ ਦਾ ਅਹਿਮ ਪੱਖ ਇਹ ਹੈ ਕਿ ਕਈ ਵਾਰ ਵਿਗਿਅਨੀਆਂ ਦੀ ਭਵਿੱਖਬਾਣੀ ਗ਼ਲਤ ਸਿੱਧ ਹੋ ਜਾਂਦੀ ਹੈ। ਇਸ ਦੇ ਕੁਝ ਕਾਰਨ ਹਨ। ਦੇਸ਼ ਦੇ ਪੱਛਮੀ ਤੱਟ ’ਤੇ ਮੌਨਸੂਨ ਦੀ ਆਮਦ ਦੇ ਕਈ ਰੂਪ ਹਨ। ਇਹ ਰੂਪ ਪੌਣਾਂ ਦੀ ਤੀਬਰਤਾ, ਸਮਰਥਾ ਤੇ ਮੌਨਸੂਨੀ ਮਾਤਰਾ ਨੂੰ ਪ੍ਰਭਾਵਤ ਕਰਦੇ ਹਨ। ਆਸ ਹੈ ਕਿ ਇਸ ਵਰ੍ਹੇ ਮੌਸਮ ਵਿਭਾਗ ਵੱਲੋਂ ਕੀਤੀ ਗਈ ਭਵਿੱਖਬਾਣੀ ਸਹੀ ਰਹੇਗੀ ਤਾਂ ਜੋ ਪਿਛਲੇ ਵਰ੍ਹਿਆਂ ਦਾ ਪਾਣੀ ਦਾ ਘਾਟਾ ਪੂਰਾ ਹੋ ਸਕੇ। ਜੂਨ ਦੇ ਦੂਜੇ ਪੰਦਰਵਾੜੇ ਵਿਚ ਮੌਨਸੂਨ ਤੋਂ ਪਹਿਲੀ ਵਰਖਾ (ਪ੍ਰੀ-ਮੌਨਸੂਨ) ਦਾ ਅਨੁਮਾਨ ਹੈ। ਇਹ ਬਰਸਾਤ ਸਾਉਣੀ ਦੀ ਮੁੱਖ ਫ਼ਸਲ ਝੋਨੇ ਲਈ ਵਰਦਾਨ ਸਿੱਧ ਹੋਵੇਗੀ। ਇਸ ਵਾਰ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ ਅਨੁਸਾਰ ਕਿਸਾਨਾਂ ਨੇ ਝੋਨਾ 20 ਜੂਨ ਤੋਂ ਬਾਅਦ ਲਗਾਉਣਾ ਸ਼ੁਰੂ ਕੀਤਾ ਹੈ ਅਤੇ ਇਹ ਵਰਖਾ ਝੋਨੇ ਲਈ ਬਹੁਤ ਲਾਹੇਵੰਦ ਸਾਬਤ ਹੋਵੇਗੀ ਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ’ਚ ਵੀ ਮਦਦਗਾਰ ਹੋਵੇਗੀ।*

## ਮੌਨਸੂਨ ਬਾਰੇ ਭਵਿੱਖਬਾਣੀ

ਮੌਨਸੂਨ ਦੀ ਦੇਰੀ ਮੌਨਸੂਨੀ ਇਲਾਕਿਆਂ ’ਚ ਤ੍ਰਾਹ ਪੈਦਾ ਕਰਦੀ ਹੈ। ਇਸ ਦੀ ਆਮਦ ਦੀ ਜਿੱਥੇ ਬੇਸਬਰੀ ਨਾਲ ਉਡੀਕ ਰਹਿੰਦੀ ਹੈ ਉੱਥੇ ਮੌਨਸੂਨ ਪੌਣਾਂ ਦੀ ਵਾਪਸੀ ਵੀ ਮਹੱਤਵਪੂਰਨ ਹੈ। ਮੌਨਸੂਨ ਪੌਣਾਂ ਦੀ ਆਮਦ, ਮਾਤਰਾ ਤੇ ਵਾਪਸੀ ਕਿਸਾਨਾਂ ਲਈ ਇੱਕੋ ਜਿੰਨੇ ਮਹੱਤਵਪੂਰਨ ਵਰਤਾਰੇ ਹਨ। ਸਿਰਫ਼ ਕਿਸਾਨ ਹੀ ਨਹੀਂ, ਦੇਸ਼ ਦੀ ਆਰਥਿਕਤਾ ਮੌਨਸੂਨ ਦੇ ਮੀਂਹਾਂ ਉੱਪਰ ਨਿਰਭਰ ਕਰਦੀ ਹੈ। ਕੁਦਰਤੀ ਗੱਲ ਹੈ ਕਿ ਹਰ ਸਬੰਧਤ ਦੇਸ਼ ਦੀ ਜਨਤਾ ਮੌਨਸੂਨ ਦੀ ਭਵਿੱਖਵਾਣੀ ਬਾਰੇ ਰਾਸ਼ਟਰੀ ਮੌਸਮ ਵਿਗਿਆਨ ਵਿਭਾਗ ਵੱਲ ਦੇਖਦੀ ਹੈ। ਰਾਸ਼ਟਰੀ ਪੱਧਰ ’ਤੇ ਮੌਸਮ ਵਿਗਿਆਨੀ ਆਪਸੀ ਤਾਲਮੇਲ, ਅਧਿਐਨ, ਸੰਚਾਰ ਸਾਧਨਾਂ ਤੇ ਖੋਜਾਂ ਰਾਹੀਂ ਮੌਨਸੂਨ ਦੀ ਦਿਸ਼ਾ ਤੇ ਦਸ਼ਾ ਬਾਰੇ ਜਾਨਣ ਦਾ ਯਤਨ ਕਰਦੇ ਹਨ, ਜਿਸ ਦੇ ਤਹਿਤ ਲੋਕ, ਖ਼ਾਸ ਕਰਕੇ ਕਾਸ਼ਤਕਾਰ, ਪੇਸ਼ਗੀ ਤੌਰ ’ਤੇ ਜਾਨਣ ਲਈ ਉਤਾਵਲੇ ਰਹਿੰਦੇ ਹਨ ਕਿ ਮੌਨਸੂਨ ਦੀ ਸੀਥਤੀ ਕੀ ਰਹੇਗੀ? ਹਰ ਸਾਲ ਮੌਸਮ ਵਿਭਾਗ ਵੱਲੋਂ ਮਾਨਸੂਨ ਦੀ ਆਮਦ ਲਈ ਲੰਬੇ ਸਮੇਂ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ, ਜਿਸ ਦੇ ਆਧਾਰ ’ਤੇ ਔਸਤ ਬਾਰਿਸ਼ ਤੈਅ ਕੀਤੀ ਜਾਂਦੀ ਹੈ, ਜਿਸ ਵਿਚ 5 ਫ਼ੀਸਦੀ ਵਾਧੇ ਜਾਂ ਘਾਟੇ ਦੀ ਗੁੰਜ਼ਾਇਸ਼ ਹੁੰਦੀ ਹੈ, ਭਾਵ- ਜੇ ਅਨੁਮਾਨ ਹੈ ਕਿ ਮੌਨਸੂਨ 100 ਫ਼ੀਸਦੀ ਰਹੇਗੀ ਤਾਂ ਇਹ 105 ਫ਼ੀਸਦੀ ਵੀ ਹੋ ਸਕਦੀ ਹੈ ਤੇ 95 ਫ਼ੀਸਦੀ ਵੀ।

ਮੌਸਮ ਵਿਭਾਗ ਅਨੁਸਾਰ ਇਸ ਸਾਲ ਉੱਤਰ-ਪੱਛਮ ’ਚ ਔਸਤਨ ਦਾ 100 ਫ਼ੀਸਦੀ, ਮੱਧ ਭਾਰਤ ’ਚ 99 ਫ਼ੀਸਦੀ, ਦੱਖਣ ’ਚ 95 ਫ਼ੀਸਦੀ ਤੇ ਉੱਤਰ-ਪੂਰਬ ’ਚ 93 ਫ਼ੀਸਦੀ ਬਾਰਿਸ਼ ਹੋਵੇਗੀ। ਇਸ ਵਾਰ ਮੌਸਮ ਵਿਭਾਗ ਨੇ 102 ਫ਼ੀਸਦੀ ਬਾਰਿਸ਼ ਦਾ ਅਨੁਮਾਨ ਲਗਾਇਆ ਹੈ। ਅਪ੍ਰੈਲ ਮਹੀਨੇ ਵਿਚ ਜਾਰੀ ਅਨੁਮਾਨ ’ਚ ਇਸ ਨੂੰ 97 ਫ਼ੀਸਦੀ ਦੱਸਿਆ ਗਿਆ ਸੀ। ਇਹ ਵੀ ਅਨੁਮਾਨ ਲਗਾਇਆ ਹੈ ਕਿ ਅੱਧ ਜੁਲਾਈ ਤੋਂ ਬਾਅਦ ਕਿਸੇ ਸਮੇਂ ਵੀ ਮੌਨਸੂਮ ਦੇਸ਼ ਨੂੰ ਆਪਣੇ ਕਲਾਵੇ ’ਚ ਲੈ ਲਵੇਗਾ। ਮੌਸਮ ਵਿਭਾਗ ਅਨੁਸਾਰ ਮੌਨਸੂਨ ਦੇ ਚਾਰ ਮਹੀਨਿਆਂ (ਜੂਨ-ਸਤੰਬਰ) ਦੌਰਾਨ ਸਭ ਤੋਂ ਵੱਧ ਸੰਭਾਵਨਾ 96 ਤੋਂ 110 ਫ਼ੀਸਦੀ ਬਾਰਿਸ਼ ਹੋਣ ਦੀ ਹੈ। ਇਸ ਦੀ ਸੰਭਾਵਨਾ 56 ਫ਼ੀਸਦੀ ਹੈ, ਜਿਸ ਵਿੱਚੋਂ 13 ਫ਼ੀਸਦੀ ਸੰਭਾਵਨਾ ਔਸਤ ਤੋਂ ਜ਼ਿਆਦਾ ਵਰਖਾ ਦੀ ਹੈ। ਇਸ ਤੋਂ ਇਲਾਵਾ 3 ਫ਼ੀਸਦੀ ਸੰਭਾਵਨਾ 110 ਫ਼ੀਸਦੀ ਤੋਂ ਜ਼ਿਆਦਾ ਬਾਰਿਸ਼ ਹੋਣ ਦੀ ਵੀ ਹੈ। •

## ਰਾਗ ਨਾਦ ਸਬਦਿ ਸੋਹਣੇ 20

ਮਾਨਵਤਾ ਦੇ ਸਰਬ ਸਾਂਝੇ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ 20ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਮਾਲੀ ਗਉੜਾ' ਬਾਰੇ...

### ਰਾਗ ਮਾਲੀ ਗਉੜਾ



*ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ 'ਚ ਰਾਗ ਮਾਲੀ ਗਉੜਾ ਵੀਹਵੇਂ ਸਥਾਨ 'ਤੇ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ਨੰਬਰ 984 ਤੋਂ 988 ਤਕ ਬਾਣੀ ਰਾਗ ਮਾਲੀ ਗਉੜਾ ਅਧੀਨ ਦਰਜ ਹੈ। ਇਸ ਰਾਗ ਅਧੀਨ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਭਗਤ ਸਾਹਿਬਾਨ ਵਿੱਚੋਂ ਭਗਤ ਨਾਮਦੇਵ ਜੀ ਦੀ ਬਾਣੀ ਇਸ ਰਾਗ ਵਿਚ ਸ਼ਾਮਲ ਹੈ। ਇਸ ਰਾਗ ਦਾ ਗਾਇਨ ਅੱਜ-ਕੱਲ੍ਹ ਕਾਫੀ ਘੱਟ ਸੁਣਨ ਨੂੰ ਮਿਲਦਾ ਹੈ ਪਰ ਜ਼ਰੂਰੀ ਹੈ ਕਿ ਸਿੱਖ ਕੀਰਤਨਕਾਰ ਇਸ ਰਾਗ ਵਿਚ ਗੁਰਬਾਣੀ ਗਾਇਨ ਨੂੰ ਯਕੀਨੀ ਬਣਾਉਣ। ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਇਹ ਰਾਗ ਅਪ੍ਰਚਲਿਤ ਅਤੇ ਕਠਿਨ ਰਾਗਾਂ ਦੀ ਗਿਣਤੀ ਵਿਚ ਆਉਂਦਾ ਹੈ। ਇਸ ਦਾ ਨਾਮ 'ਮਾਲੀ ਗਉਰਾ' ਵੀ ਲਿਖਿਆ ਮਿਲਦਾ ਹੈ। ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ ਨੰਬਰ 968 ਪੁਰ ਲਿਖਦੇ ਹਨ ਕਿ, 'ਇਹ ਮਾਰੂ ਥਾਟ ਦਾ ਸੰਪੂਰਣ ਰਾਗ ਹੈ। ਇਸ ਵਿਚ ਧੈਵਤ ਦੋਵੇਂ ਲੱਗ ਜਾਂਦੇ ਹਨ। ਰਿਸ਼ਭ ਵਾਦੀ ਅਤੇ ਧੈਵਤ ਸੰਵਾਦੀ ਹੈ। ਗਾਂਧਾਰ ਅਤੇ ਪੰਚਮ ਇਸ ਨੂੰ ਬਹੁਤ ਹੀ ਸਪਸ਼ਟ ਕਰਦੇ ਹਨ। ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ।'* •

98150-24920


## ਜੰਨਤ

ਜੰਨਤ ਕਹਿੰਦੇ ਹਨ ਸਵਰਗ ਨੂੰ, ਬਹਿਸ਼ਤ ਨੂੰ। ਬਹੁਤ ਸਾਰੇ ਧਰਮਾਂ ਵਿਚ ਜੰਨਤ ਅਤੇ ਜਹੰਨਮ, ਸਵਰਗ ਅਤੇ ਨਰਕ ਵਗੈਰਾ ਦੇ ਸੰਕਲਪ ਹਨ। ਕੁਰਆਨ ਮਜੀਦ, ਹਦੀਸ ਸ਼ਰੀਫ਼ ਅਤੇ ਕਾਮਿਲ ਸੂਫ਼ੀ ਦਰਵੇਸ਼ਾਂ ਦੀਆਂ ਲਿਖਤਾਂ ਵਿਚ ਵੀ ਐਸਾ ਜ਼ਿਕਰ ਕਈ ਵਾਰੀ ਆਇਆ ਹੈ।

ਕੁਰਆਨ ਮਦੀਦ ਅਤੇ ਹਦੀਸ ਮੁਤਾਬਿਕ ਜੰਨਤ ਦੀ ਜ਼ਿੰਦਗੀ ਸਦੀਵੀ ਹੈ। ਸੂਰਹਾ ਅਰ-ਰਾਅਦ ਦੀ ਆਇਤ ਨੰਬਰ 22, 23 ਅਤੇ 24 ਵਿਚ ਜੰਨਤ ਅਤੇ ਜੰਨਤ ਦੀ ਜ਼ਿੰਦਗੀ ਦਾ ਜ਼ਿਕਰ ਕੀਤਾ ਗਿਆ ਹੈ। ਇਸੇ ਤਰ੍ਹਾਂ ਸੂਰਹਾ ਅਨ-ਨਿਸਾ, ਸੂਰਹਾ ਅਸ-ਸਜਦਾ, ਸੂਰਹਾ ਅਜ਼-ਜ਼ੁਮਰ ਵਿਚ ਵੀ ਜੰਨਤ ਦੀ ਜ਼ਿੰਦਗੀ ਦਾ ਨਕਸ਼ਾ ਪੇਸ਼ ਕੀਤਾ ਗਿਆ ਹੈ। ਜੰਨਤ ਦੀ ਜ਼ਿੰਦਗੀ ਨੇਕ, ਪਾਕ ਲੋਕਾਂ ਇਤੇ ਅਹਿਲੇ-ਈਮਾਨ ਲਈ ਹੋਵੇਗੀ ਜਿੱਥੇ ਉਹ ਸੁੱਖ-ਸਹੂਲਤਾਂ ਭਰਿਆ ਜੀਵਨ ਬਤੀਤ ਕਰਨਗੇ ਅਤੇ ਜੰਨਤ ਦੇ ਬਾਗ਼ਾਂ ਅਤੇ ਨਹਿਰਾਂ ਦੇ ਨਜ਼ਾਰੇ ਮਾਨਣਗੇ। ਹਦੀਸ ਸ਼ਰੀਫ਼ ਮੁਤਾਬਿਕ ਜੰਨਤ ਦੇ ਸੌ ਦਰਜੇ ਹਨ ਅਤੇ ਸਭ ਤੋਂ ਆਾਹਲਾ ਦਰਜਾ ਫ਼ਿਰਦੌਸ ਹੈ। ਇਸ ਲਈ ਇਸਲਾਮੀ ਸ਼ਰੀਅਤ ਮੁਤਾਬਿਕ ਹਰ ਅਹਿਲੇ-ਈਮਾਨ ਲਈ ਹਦਾਇਤ ਅਤੇ ਨਸੀਹਤ ਹੈ ਕਿ ਉਹ ਦੁਆ ਕਰਦੇ ਵਕਤ ਰੱਬ ਕੋਲੋਂ ਜੰਨਤ-ਉਲ-ਫ਼ਿਰਦੌਸ ਮੰਗੇ।

• ਪ੍ਰਿੰ. ਗੁਰਚਰਨ ਸਿੰਘ ਤਲਵਾੜਾ
94634-63193

# ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ, ਮਹੱਤਵ ਤੇ ਮਾਨਵਤਾ ਨੂੰ ਦੇਣ



ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਹਲੇਮੀ ਰਾਜ ਦੇ ਗੁਰੂ ਸਾਹਿਬਾਨ ਦੇ ਸੰਕਲਪ ਨੂੰ ਮੂਰਤੀਮਾਨ ਕੀਤਾ। ਊਚ-ਨੀਚ ਅਤੇ ਜਾਤ-ਪਾਤ ਦੇ ਭੇਦ-ਭਾਵ ਨੂੰ ਖ਼ਤਮ ਕਰ ਕੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ...

ਸਰਬ ਸ਼ਕਤੀਮਾਨ ਸ੍ਰੀ ਅਕਾਲ ਪੁਰਖ ਦੇ ਦਰ ਤੇ ਪ੍ਰਵਾਨ ਹੋਏ ਤੇ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦੇ ਦਰੋਂ-ਘਰੋਂ ਵਰੋਸਾਏ ਹੋਏ ਮਹਾਪੁਰਸ਼ ਰਵਿਦਾਸ ਜੀ ਨੇ ਆਪਣੀ ਪਾਵਨ ਬਾਣੀ ਵਿਚ ਇਕ ਸੁਪਨਾ ਲਿਆ ਸੀ ਕਿ ਸਰਬੱਤ ਮਾਨਵਤਾ ਦੇ ਭਲੇ ਲਈ ਐਸੇ ਰਾਜ ਦੀ ਸਥਾਪਨਾ ਹੋਣੀ ਚਾਹੀਦੀ ਹੈ ਜਿਸ 'ਚ ਰਹਿਣ ਵਾਲਿਆਂ ਨੂੰ ਕੋਈ ਚਿੰਤਾ, ਝੋਰਾ, ਡਰ ਤੇ ਘਬਰਾਹਟ ਨਾ ਹੋਵੇ। ਉੱਥੋਂ ਦੀ ਪਾਤਸ਼ਾਹੀ ਹਮੇਸ਼ਾ ਕਾਇਮ-ਦਾਇਮ ਰਹਿਣ ਵਾਲੀ ਹੋਵੇ, ਉੱਥੇ ਰੱਜੇ-ਪੁੱਜੇ ਧਨੀ ਲੋਕ ਰਹਿੰਦੇ ਹੋਣ, ਕਿਸੇ ਕਿਸਮ ਦਾ ਟੈਕਸ ਨਾ ਹੋਵੇ। ਐਸੀ ਅਨੋਖੀ ਪਾਤਸ਼ਾਹੀ ਵਾਲੇ ਰਾਜ ਨੂੰ 'ਬੇਗਮਪੁਰ' ਦਾ ਦਰਜਾ ਦਿੱਤਾ ਹੈ। ਬਾਬਾ ਜੀ ਨੇ ਐਸੇ ਰਾਜ ਦੀ ਸਥਾਪਨਾ ਲਈ ਜੋ ਸੰਕਲਪ ਲਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ-345 ਉੱਤੇ ਉਸ ਦਾ ਜ਼ਿਕਰ ਹੈ :

**ਬੇਗਮ ਪੁਰਾ ਸਹਰ ਕੋ ਨਾਉ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ॥**
**ਨਾਂ ਤਸਵੀਸ ਖਿਰਾਜੁ ਨ ਮਾਲੁ॥**
**ਖਉਫੁ ਨ ਖਤਾ ਨ ਤਰਸੁ ਜਵਾਲੁ॥**

ਗੁਰੂ ਅਰਜਨ ਦੇਵ ਜੀ ਨੇ ਵੀ ਐਸੇ ਰਾਜ ਦੀ ਪ੍ਰੋੜਤਾ ਕਰਦੇ ਹੋਏ ਫੁਰਮਾਇਆ ਹੈ :

**ਹੁਣਿ ਹੁਕਮੁ ਹੋਆ ਮਿਹਰਵਾਣ ਦਾ॥**
**ਪੈ ਕੋਇ ਨ ਕਿਸੈ ਰਞਾਣਦਾ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥**

ਗੁਰੂ ਨਾਨਕ ਦੇਵ ਜੀ ਵੀ ਐਸੇ ਹਲੇਮੀ ਰਾਜ ਦੀ ਤੁਲਨਾ ਅਕਾਲ ਪੁਰਖੀ ਬਾਦਸ਼ਾਹਤ ਨਾਲ ਕਰਦੇ ਹੋਏ ਫੁਰਮਾਉਂਦੇ ਹਨ ਕਿ ਉਸ ਦੀ ਬਾਦਸ਼ਾਹਤ ਵਿਚ ਸਭ ਬਰਾਬਰ ਹਨ :

**ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ॥ ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ॥**

ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਹਨ, 'ਜਿਸ ਰਾਜ ਵਿਚ ਸਾਰਿਆਂ ਨੂੰ ਇੱਕੋ ਜਿਹਾ ਇਨਸਾਫ਼ ਮਿਲੇ, ਕੋਈ ਕਿਸੇ ਨਾਲ ਦੁਸ਼ਮਣੀ ਨਾ ਕਰੇ, ਕੋਈ ਕਿਸੇ ਨੂੰ ਦਬਾਅ ਨਾ ਸਕੇ, ਜਿਸ ਹਲੇਮੀ ਰਾਜ 'ਚ ਕੋਈ ਸ਼ੋਰ-ਸ਼ਰਾਬਾ ਨਾ ਹੋਵੇ, ਗੁਰੂ ਨਾਨਕ ਦੇਵ ਜੀ ਐਸੇ ਰਾਜ ਦੀ ਸਥਾਪਨਾ ਕਰਨ ਲਈ ਸੰਸਾਰ ਵਿਚ ਪ੍ਰਗਟ ਹੋਏ।

**ਇਕ ਛਤ ਰਾਜ ਕਮਾਵਦਾ ਦੁਸ਼ਮਣ ਦੂਤ ਨ ਸ਼ੋਰ ਸ਼ਰਾਬਾ।। ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ।। ਜਾਹਰ ਪੀਰ ਜਗਤੁ ਗੁਰੁ ਬਾਬਾ॥**

ਉਕਤ ਹਲੇਮੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਗੁਰੂ ਨਾਨਕ ਦੇਵ ਜੀ ਇਸ ਸੰਸਾਰ ਵਿਚ ਆਏ, ਜਿਨ੍ਹਾਂ ਨੇ ਦਸ ਜਾਮਿਆਂ ਰਾਹੀਂ ਐਸੇ ਹਲੇਮੀ ਰਾਜ ਦੀ ਸਥਾਪਨਾ ਕਰਨ ਲਈ ਪਹਿਲੇ ਜਾਮੇ ਵਿਚ ਸ੍ਰੀ ਕਰਤਾਰਪੁਰ ਸਾਹਿਬ, ਦੂਜੇ ਜਾਮੇ ਵਿਚ ਸ੍ਰੀ ਖਡੂਰ ਸਾਹਿਬ, ਤੀਜੇ ਜਾਮੇ 'ਚ ਸ੍ਰੀ ਗੋਇੰਦਵਾਲ ਸਾਹਿਬ, ਚੌਥੇ ਜਾਮੇ 'ਚ ਸ੍ਰੀ ਅੰਮ੍ਰਿਤਸਾਰ ਸਾਹਿਬ, ਪੰਜਵੇਂ ਜਾਮੇ 'ਚ ਸ੍ਰੀ ਕਰਤਾਰਪੁਰ ਸਾਹਿਬ, ਜਲੰਧਰ, ਛੇਵੇਂ ਜਾਮੇ 'ਚ ਸ੍ਰੀ ਹਰਿਗੋਬਿੰਦਪੁਰ ਸਾਹਿਬ, ਸੱਤਵੇਂ-ਅੱਠਵੇਂ ਜਾਮੇ 'ਚ ਕੀਰਤਪੁਰ ਸਾਹਿਬ, ਨੌਵੇਂ ਤੇ ਦੱਸਵੇਂ ਜਾਮੇ 'ਚ ਸ੍ਰੀ ਅਨੰਦਪੁਰ ਸਾਹਿਬ ਤੇ ਪਾਉਂਟਾ ਸਾਹਿਬ ਸਿੱਖੀ ਦੇ ਕੇਂਦਰਾਂ ਦੀ ਸਥਾਪਨਾ ਕੀਤੀ। ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਉਸ ਹਲੇਮੀ ਰਾਜ ਦੀ ਸੰਪੂਰਨਤਾ ਦਾ ਸਿਖ਼ਰ ਆਖਿਆ ਜਾ ਸਕਦਾ ਹੈ।

### ਸਥਾਪਨਾ

ਸਾਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਤੇ ਧੰਨਵਾਦੀ ਹੋਣਾ ਚਾਹੀਦਾ ਹੈ ਬਿਲਾਸਪੁਰ ਦੀ ਰਾਣੀ 'ਚੰਪਾ ਦੇਵੀ' ਦਾ, ਜਿਸ ਦੀ ਬੇਨਤੀ ਪ੍ਰਵਾਨ ਕਰ ਕੇ ਸਤਿਗੁਰੂ ਜੀ ਨੇ ਇਸ ਪਾਵਨ ਨਗਰੀ ਦੀ ਸਥਾਪਨਾ ਕੀਤੀ, ਨਹੀਂ ਤਾਂ ਇਹ ਨਗਰੀ ਭਾਈ ਦੱਗੋ ਜੀ ਧਮਤਾਣ ਨਿਵਾਸੀ ਦੀ ਬੇਨਤੀ ਪ੍ਰਵਾਨ ਕਰ ਕੇ ਸਿੱਖੀ ਦਾ ਇਹ ਕੇਂਦਰ 'ਧਮਤਾਣ' ਵਿਖੇ ਵਸਾਉਣ ਦਾ ਫ਼ੈਸਲਾ ਕਰ ਲਿਆ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਬਿਲਾਸਪੁਰ ਦੇ ਰਾਜੇ ਕਲਿਆਣ ਚੰਦ ਨੂੰ 52 ਰਾਜਿਆਂ ਸਮੇਤ ਸ਼ਾਹਜਹਾਨ ਦੀ ਕੈਦ 'ਚੋਂ ਛੁਡਵਾਇਆ ਸੀ। ਇਸ ਖ਼ਾਨਦਾਨ 'ਚੋਂ ਰਾਜਾ ਤਾਰਾ ਚੰਦ ਦੇ ਬੇਟੇ ਰਾਜਾ ਦੀਪ ਚੰਦ ਦਾ ਅਪ੍ਰੈਲ 1665 'ਚ ਦੇਹਾਂਤ ਹੋ ਗਿਆ। ਗੁਰੂ ਤੇਗ਼ ਬਹਾਦਰ ਜੀ ਨੂੰ ਇਹ ਖ਼ਬਰ 'ਧਮਤਾਣ' (ਹਰਿਆਣਾ) ਵਿਖੇ ਮਿਲੀ। ਰਾਜਾ ਦੀਪ ਚੰਦ ਦੀ ਰਾਣੀ ਚੰਪਾ ਗੁਰੂ ਘਰ ਦੀ ਸ਼ਰਧਾਲੂ ਸੀ, ਉਸ ਨੇ ਸਤਿਗੁਰਾਂ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਸਤਿਗੁਰੂ ਜੀ 6 ਮਈ 1665 ਨੂੰ ਕੀਰਤਪੁਰ ਪੁੱਜੇ। 13 ਮਈ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਮਾਤਾ ਗੁਜਰੀ ਜੀ, ਮਾਤਾ ਨਾਨਕੀ ਜੀ, ਹਰੀ ਜੀ (ਬਾਬਾ ਸੂਰਜ ਮੱਲ ਦੀ ਪਤਨੀ), ਮਾਤਾ ਸੁਲੱਖਣੀ ਜੀ ਤੇ ਭਰਾਤਾ ਸੂਰਜ ਮੱਲ ਦੇ ਬੇਟੇ ਨੰਦ ਚੰਦ, ਦਰਗਾਹ ਮੱਲ, ਭਾਈ ਜੇਠਾ ਜੀ, ਭਾਈ ਦਿਆਲਾ ਜੀ, ਭਾਈ ਦੁਰਗਾ ਦਾਸ ਤੇ ਭਾਈ ਦਰੀਆ ਆਦਿ ਸਿੱਖਾਂ ਸਮੇਤ ਬਿਲਾਸਪੁਰ ਪੁੱਜੇ ਤੇ ਚੰਪਾ ਰਾਣੀ ਦੇ ਪਰਿਵਾਰ ਨੂੰ ਪ੍ਰਭੂ ਭਾਣੇ ਵਿਚ ਰਹਿ ਕੇ ਵਿਛੋੜੇ ਨੂੰ ਜਰਨ ਦੀ ਆਸੀਸ ਦਿੱਤੀ।

ਚੰਪਾ ਰਾਣੀ ਨੇ ਮਾਤਾਵਾਂ ਦੇ ਰਾਹੀਂ ਗੁਰੂ ਤੇਗ਼ ਬਹਾਦਰ ਜੀ ਨੂੰ ਬੇਨਤੀ ਕੀਤੀ ਕਿ ਕੀਰਤਪੁਰ ਸਾਹਿਬ ਨੂੰ ਕਿਸੇ ਹਾਲਾਤ 'ਚ ਨਾ ਛੱਡਿਆ ਜਾਵੇ। ਸਤਿਗੁਰੂ ਜੀ ਨੇ ਚੰਪਾ ਰਾਣੀ ਵਲੋਂ ਭੇਟ ਕੀਤੀ ਜ਼ਮੀਨ ਖ਼ਰੀਦ ਕੇ ਨਗਰ ਵਸਾਉਣ ਦੀ ਉਸ ਦੀ ਬੇਨਤੀ ਪ੍ਰਵਾਨ ਕਰ ਲਈ। ਇਹ ਜ਼ਮੀਨ ਸਤਲੁਜ ਦੇ ਕੰਢੇ, ਸ਼ਿਵਾਲਿਕ ਦੀਆਂ ਪਹਾੜੀਆਂ 'ਚ ਚਰਨ ਗੰਗਾ ਤੋਂ ਬਿਲਾਸਪੁਰ ਦੇ ਪਿੰਡ ਮੀਆਂਪੁਰ, ਸਹੋਟਾ ਤੇ ਲੋਦੀਪੁਰ ਪਿੰਡਾਂ ਤਕ ਸੀ।

ਭੱਟ ਵਹੀ ਮੁਲਤਾਨੀ ਸਿੰਧੀ ਤੇ ਸਰੂਪ ਸਿੰਘ ਕੌਸ਼ਿਸ਼ ਰਚਿਤ 'ਗੁਰੂ ਕੀਆਂ ਸਾਖੀਆਂ' ਅਨੁਸਾਰ ਬਾਬਾ ਬੁੱਢਾ ਜੀ ਦੀ ਅੰਸ਼ ਵਿੱਚੋਂ ਬਾਬਾ ਗੁਰਦਿੱਤਾ ਜੀ ਤੋਂ 19 ਜੂਨ 1665 ਨੂੰ ਚੱਕ ਨਾਨਕੀ ਨਗਰ ਦੀ ਮੋੜ੍ਹੀ ਗਡਵਾਈ ਸੀ। ਸ਼ਹਿਰ ਦਾ ਨਾਂ ਮਾਤਾ ਨਾਨਕੀ ਜੀ ਦੇ ਨਾਂ 'ਤੇ 'ਚੱਕ ਨਾਨਕੀ' ਰੱਖਿਆ ਗਿਆ। ਮੋੜ੍ਹੀ ਮਾਖੋਵਾਲ ਦੇ ਪੁਰਾਣੇ ਥੇਹ ਤੇ ਸਹੋਟੇ ਪਿੰਡ 'ਚ ਗੱਡੀ ਗਈ। ਇਸ ਅਸਥਾਨ ਨੂੰ ਪਹਿਲਾਂ ਮਾਖੋਵਾਲ ਆਖਦੇ ਸਨ। ਹੁਸ਼ਿਆਰਪੁਰ ਜ਼ਿਲ੍ਹੇ ਦੇ ਗਜ਼ਟੀਅਰ 1883-84 ਦੇ ਪੰਨਾ ਨੰਬਰ 135 'ਤੇ 'ਚੱਕ ਨਾਨਕੀ' ਨਾਂ ਹੀ ਲਿਖਿਆ ਗਿਆ ਹੈ।

### ਔਰਤਾਂ ਨੂੰ ਸਨਮਾਨ

*ਹਿੰਦੁਸਤਾਨ ਵਿਚ ਔਰਤ ਜਾਤ ਨਾਲ ਹਮੇਸ਼ਾ ਵਿਤਕਰਾ ਹੁੰਦਾ ਰਿਹਾ ਹੈ। ਜਿੱਥੇ ਔਰਤ ਨੂੰ ਘੱਟ ਅਕਲ ਵਾਲੀ, ਬਾਘਣ ਜਾਂ ਪਰਮਾਤਮਾ ਦੀ ਅਦਭੁੱਤ ਗ਼ਲਤੀ, ਢੋਲ ਗਵਾਰ ਸ਼ੂਦਰ ਪਸ਼ ਨਾਰੀ, ਪਾਚਉ ਤਾੜਨ ਕੇ ਅਧਿਕਾਰੀ ਜਾਂ ਭੱਠ ਰੰਨਾਂ ਦੀ ਦੋਸਤੀ ਖੁਰੀ ਜਿਨ੍ਹਾਂ ਦੀ ਮੱਤ ਕਹਿ ਕੇ ਤ੍ਰਿਸਕਾਰਿਆ ਜਾਂਦਾ ਸੀ ਉੱਥੇ ਹਿੰਦੁਸਤਾਨ ਦੀ ਧਰਤੀ 'ਤੇ ਔਰਤ ਜਾਤ ਕਿਸੇ ਜ਼ਮੀਨ ਜਾਇਦਾਦ ਦੀ ਮਾਲਕ ਨਹੀਂ ਸੀ ਬਣ ਸਕਦੀ ਪਰ ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਕਹਿ ਕੇ ਔਰਤਾਂ ਨੂੰ ਮਰਦ ਦੇ ਬਰਾਬਰ ਦਰਜ਼ਾ ਦਿੱਤਾ। ਉਸੇ ਮਾਰਗ ਤੇ ਚੱਲਦੇ ਹੋਏ ਗੁਰੂ ਤੇਗ਼ ਬਹਾਦਰ ਜੀ ਨੇ ਇਸ ਨਗਰੀ ਦਾ ਨਾਂ 'ਚੱਕ ਨਾਨਕੀ' ਰੱਖ ਕੇ ਔਰਤ ਜਾਤ ਨੂੰ ਸਨਮਾਨਿਤ ਕੀਤਾ।*

### ਕੌਮ ਦਾ ਪ੍ਰਗਟ ਅਸਥਾਨ

ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਹੈ ਕਿ ਇਹ ਸਿੱਖ ਕੌਮ ਦਾ ਪ੍ਰਗਟ ਅਸਥਾਨ ਹੈ। ਸੰਸਾਰ 'ਚ ਹੋਰਨਾਂ ਧਾਰਮਿਕ ਬਾਨੀਆਂ ਦੇ ਜਨਮ ਅਸਥਾਨ ਤੇ ਜੋਤੀ ਜੋਤ ਸਮਾਉਣ ਦੇ ਅਸਥਾਨ ਤਾਂ ਹਨ ਪਰ ਕਿਸੇ ਕੌਮ ਦਾ ਜਨਮ ਅਸਥਾਨ ਹੋਰ ਕਿਸੇ ਕੌਮ ਜਾਂ ਧਰਮ ਪਾਸ ਨਹੀਂ। ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ :

**ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥**
**ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥**

ਭਾਵ, ਖ਼ਾਲਸਾ ਜਨਮਿਆ ਨਹੀਂ, ਪ੍ਰਗਟਿਆ ਹੈ। ਗੁਰਬਾਣੀ ਦਾ ਫੁਰਮਾਣ ਹੈ-'**ਜੋ ਜਨਮੈ ਸੋ ਜਾਨਹੁ ਮੂਆ।**' ਇਸ ਲਈ ਜੇ ਖ਼ਾਲਸੇ ਦਾ ਜਨਮ ਅਸਥਾਨ ਕਹਾਂਗੇ ਤਾਂ ਜਨਮ ਲੈਣ ਵਾਲੇ ਦੀ ਮੌਤ ਵੀ ਜ਼ਰੂਰ ਹੋਵੇਗੀ। ਪਰ ਖ਼ਾਲਸੇ ਦਾ ਪ੍ਰਕਾਸ਼ ਸੰਸਾਰ 'ਚ ਅਨੋਖੀ ਤੇ ਵਚਿੱਤਰ ਘਟਨਾ ਹੈ, ਕਿਉਂਕਿ ਸੰਸਾਰੀ ਜੀਵਾਂ ਦਾ ਅੰਤ ਮੌਤ ਨਾਲ ਹੋ ਜਾਂਦਾ ਹੈ ਪਰ ਖ਼ਾਲਸੇ ਦਾ ਜਨਮ ਹੀ ਮੌਤ 'ਚੋਂ ਹੋਇਆ ਹੈ। 30 ਮਾਰਚ 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਧਾਰ 'ਚੋਂ ਖ਼ਾਲਸਾ ਪ੍ਰਗਟ ਕੀਤਾ। ਤੇਗ਼ ਦੀ ਧਾਰ 'ਤੇ ਪਰਖਣ ਤੋਂ ਬਾਅਦ ਖ਼ਾਲਸੇ ਦੀ ਸਾਜਣਾ ਦਾ ਐਲਾਨ ਕੀਤਾ, ਕਿਉਂਕਿ ਇਸ ਐਲਾਨ ਤੋਂ 230 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਖ਼ਾਲਸਾ ਪੰਥ ਵਿਚ ਸ਼ਾਮਲ ਹੋਣ ਵਾਲਿਆਂ ਲਈ ਇਹ ਸ਼ਰਤ ਲਗਾ ਦਿੱਤੀ ਸੀ :

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**

ਖ਼ਾਲਸਾ ਕੋਈ ਵਿਅਕਤੀ ਨਹੀਂ ਸਗੋਂ ਇਕ ਸ਼ਕਤੀ ਹੈ। ਖ਼ਾਲਸਾ ਸਤਿਗੁਰੂ ਦਾ ਖ਼ਾਸ ਰੂਪ ਹੈ। ਖ਼ਾਲਸਾ ਸੰਤ ਤੇ ਸਿਪਾਹੀ ਹੈ, ਰਾਜ ਤੇ ਜੋਗ, ਧਰਮ ਤੇ ਰਾਜਨੀਤੀ, ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਖ਼ਾਲਸਾ ਇਕ ਸਰੀਰ ਨਹੀਂ, ਸਗੋਂ ਸ਼ੁੱਭ ਗੁਣਾਂ ਦਾ ਸਮੂਹ ਹੈ :

**ਖਾਲਸਾ ਮੇਰੋ ਬੁਧਿ ਅਰ ਗਿਆਨ॥**
**ਖਾਲਸੇ ਕਾ ਹਉ ਧਰੋਂ ਧਿਆਨ॥**

ਖ਼ਾਲਸਾ ਕੌਮ ਵਰਗੀ ਬਹਾਦਰ ਕੌਮ ਨੂੰ ਪ੍ਰਗਟ ਕਰਨ ਦਾ ਮਾਣ ਵੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਹੀ ਪ੍ਰਾਪਤ ਹੋਇਆ।

### ਸਿੱਖ ਦਾ ਜਨਮ ਅਸਥਾਨ

ਕੋਈ ਵੀ ਸਿੱਖ ਸੰਸਾਰ ਦੇ ਕਿਸੇ ਦੇਸ਼ ਜਾਂ ਧਰਤੀ ਦੇ ਕਿਸੇ ਹਿੱਸੇ 'ਤੇ ਰਹਿੰਦਾ ਹੋਵੇ, ਖ਼ਾਲਸਾ ਪੰਥ ਦਾ ਮੈਂਬਰ ਬਣਨ ਸਮੇਂ, ਭਾਵ ਅੰਮ੍ਰਿਤ ਪਾਨ ਕਰਨ ਸਮੇਂ ਉਸ ਸਿੱਖ ਨੂੰ ਗੁਰੂ-ਰੂਪ ਪੰਜ ਪਿਆਰੇ ਗੁਰ-ਦੀਖਿਆ ਦੇਣ ਵੇਲੇ ਹੁਕਮ ਕਰਦੇ ਹਨ ਕਿ ਅੱਜ ਤੋਂ ਬਾਅਦ ਤੁਹਾਡੇ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਧਾਰਮਿਕ ਮਾਤਾ ਸਾਹਿਬ ਕੌਰ ਜੀ, ਵਾਸੀ ਸ੍ਰੀ ਅਨੰਦਪੁਰ ਸਾਹਿਬ ਤੇ ਜਨਮ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਹੈ। ਭ੍ਰਾਤਰੀ ਭਾਵ ਦੀ ਇਹ ਸਿੱਖਿਆ ਕਿਸੇ ਹੋਰ ਧਰਮ ਵਿਚ ਨਹੀਂ ਦਿੱਤੀ ਜਾਂਦੀ ਪਰ ਸਿੱਖ ਅੰਮ੍ਰਿਤ ਭਾਵੇਂ ਕਿਸੇ ਵੀ ਦੇਸ਼ ਵਿਚ ਰਹਿੰਦਾ ਹੋਇਆ ਛਕੇ, ਉੱਥੇ ਵੀ ਉਸ ਨੂੰ ਉਕਤ ਸਿੱਖਿਆ ਹੀ ਦਿੱਤੀ ਜਾਂਦੀ ਹੈ। ਇਹ ਮਾਣ ਕੇਵਲ ਸ੍ਰੀ ਅਨੰਦਪੁਰ ਸਾਹਿਬ ਨੂੰ ਹੀ ਪ੍ਰਾਪਤ ਹੈ।



ਪ੍ਰਿੰ. ਸੁਰਿੰਦਰ ਸਿੰਘ
98550-98750

### ਨੀਚਾਂ ਨੂੰ ਊਚ ਕਰਨ ਵਾਲੀ ਧਰਤੀ

ਭਾਰਤੀ ਸਮਾਜ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਵਰਣਾਂ 'ਚ ਵੰਡਿਆ ਹੋਇਆ ਸੀ। ਸ਼ੂਦਰਾਂ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਹੁੰਦਾ ਸੀ। ਉਹ ਸਦੀਆਂ ਤਕ ਵਧੀਕੀਆਂ ਤੇ ਗ਼ੁਲਾਮੀ ਸਹਿੰਦੇ ਰਹੇ। ਇਨ੍ਹਾਂ ਵਧੀਕੀਆਂ ਦਾ ਗੁਰੂ ਨਾਨਕ ਦੇਵ ਜੀ ਨੇ ਵਿਰੋਧ ਕੀਤਾ। ਗੁਰੂ ਸਾਹਿਬ ਦਾ ਫੁਰਮਾਣ ਹੈ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥**

ਉਸ ਵੇਲੇ ਪੁਜਾਰੀਵਾਦ ਨੇ ਸ਼ੂਦਰ ਕਹੇ ਜਾਣ ਵਾਲੇ ਲੋਕਾਂ 'ਤੇ ਭਗਤੀ ਕਰਨ ਉੱਪਰ ਵੀ ਰੋਕ ਲਗਾ ਰੱਖੀ ਸੀ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀ ਭਗਤੀ ਕਰਨ ਵਾਲੇ ਸ਼ੂਦਰਾਂ ਨੂੰ ਆਪਣੀ ਪਾਵਨ ਬਾਣੀ ਵਿਚ ਵਿਸ਼ੇਸ਼ ਮਾਣ ਦਿੰਦੇ ਹੋਏ ਫੁਰਮਾਇਆ ਕਿ ਜੇ ਵੱਡੀ ਜਾਤ ਵਾਲਾ ਪਰਮਾਤਮਾ ਦਾ ਨਾਮ ਜਪਦਾ ਹੈ ਤਾਂ ਉਸ ਦਾ ਕਹਿਣਾ ਹੀ ਕੀ ਹੈ? ਪਰ ਜੇ ਸ਼ੂਦਰ ਹੋ ਕੇ ਕੋਈ ਪਰਮਾਤਮਾ ਦਾ ਭਗਤ ਬਣ ਗਿਆ ਤਾਂ ਮੇਰੇ ਚੰਮ ਦੇ ਮੌਜੇ (ਜੋੜੇ) ਉਸ ਦੇ ਲਈ ਹਾਜ਼ਰ ਹਨ :

**ਜਾਤਿ ਕੁਲੀਨੁ ਸੇਵਕੁ ਜੇ ਹੋਇ॥ ਤਾ ਕਾ ਕਹਣਾ ਕਹਹੁ ਨ ਕੋਇ॥ ਵਿਚਿ ਸਨਾਤੀ ਸੇਵਕੁ ਹੋਇ॥ ਨਾਨਕ ਪਣੀਆ ਪਹਿਰੈ ਸੋਇ॥**

ਜਾਤ-ਪਾਤ ਦੇ ਖ਼ਾਤਮੇ ਲਈ ਹੀ ਗੁਰੂ ਸਾਹਿਬਾਨ ਨੇ 230 ਸਾਲ ਦਾ ਸਮਾਂ ਲਾ ਕੇ ਮਨੁੱਖੀ ਏਕਤਾ ਲਈ ਸੰਘਰਸ਼ ਜਾਰੀ ਰੱਖਿਆ। ਸੰਗਤ, ਪੰਗਤ, ਕੜਾਹ ਪ੍ਰਸ਼ਾਦਿ ਦੀ ਦੇਗ, ਬਾਉਲੀਆਂ, ਸਰੋਵਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੇ ਅੰਤ ਇੱਕੋ ਵਾਰ ਨਾਲ ਜਾਤ-ਪਾਤ ਦਾ ਕਿਲ੍ਹਾ ਢਾਹ ਢੇਰੀ ਕਰ ਦਿੱਤਾ, ਭਾਵ ਇੱਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਸਮੁੱਚੀ ਮਾਨਵਤਾ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਿਕ' ਹੋਣ ਦਾ ਮਾਣ ਬਖ਼ਸ਼ਿਆ। ਜਦੋਂ ਸ਼ੂਦਰ ਕਹੇ ਜਾਣ ਵਾਲੇ ਲੋਕਾਂ ਨੂੰ ਘੋੜੇ 'ਤੇ ਚੜ੍ਹਨ, ਦਸਤਾਰ ਸਜਾਉਣ, ਸ਼ਸਤਰ ਪਹਿਨਣ, ਸ਼ਿਕਾਰ ਖੇਡਣ, ਧੌਣ ਉੱਚੀ ਕਰ ਕੇ ਤੁਰਨ ਦਾ ਹੱਕ ਨਹੀਂ ਸੀ, ਅਨੰਦਪੁਰ ਦੀ ਪਾਵਨ ਧਰਤੀ ਤੋਂ ਉਸ ਵਕਤ ਸਦੀਆਂ ਤੋਂ ਲਤਾੜੀ ਜਾ ਰਹੀ ਜਨਤਾ ਨੂੰ ਉਪਦੇਸ਼ ਦਿੱਤਾ ਜਾ ਰਿਹਾ ਸੀ ਕਿ ਨਾ ਕਿਸੇ ਤੋਂ ਡਰੋ ਨਾ ਕਿਸੇ ਨੂੰ ਡਰਾਉ, ਆਪ ਜੀਵੋ ਤੇ ਦੂਜਿਆਂ ਨੂੰ ਜੀਉਣ ਦਿਉ। ਜ਼ਾਲਮ ਹਕੂਮਤ ਦੀ ਵੰਗਾਰ ਨੂੰ ਕਬੂਲਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਐਲਾਨ ਕੀਤਾ ਕਿ ਜੋ ਮਨੁੱਖ ਗੁਰੂ ਨਾਨਕ ਦੇ ਪੰਥ 'ਚ ਸ਼ਾਮਲ ਹੋ ਜਾਵੇਗਾ ਉਸ ਨੂੰ ਮੈਂ ਬਾਦਸ਼ਾਹੀ ਤੌਰ ਤਰੀਕੇ ਨਾਲ ਜਿਊਣ ਦੀ ਜਾਂਚ ਸਿਖਾਵਾਂਗਾ।

**ਜਿਨਕੀ ਜਾਤ ਔਰ ਕੁਲ ਮਾਹੀ ਸਿਰਦਾਰੀ ਨਾ ਭਈ ਕਦਾਹੀ॥ ਇਨਹੀ ਕੋ ਸਰਦਾਰ ਬਨਾਊਂ, ਇਨਹੀ ਸੇ ਰਾਜੇ ਉਪਜਾਊਂ॥ ਰਾਜ ਕਰਨ ਕੀ ਰੀਤਿ ਸਿਖਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ॥**

ਮੈਕਾਲਿਫ ਲਿਖਦਾ ਹੈ, 'ਗੁਰੂ ਸਾਹਿਬ ਤੋਂ ਪਹਿਲਾਂ ਕਿਸੇ ਜਰਨੈਲ ਨੇ ਉਨ੍ਹਾਂ ਆਦਮੀਆਂ ਨੂੰ ਜਥੇਬੰਦ ਕਰਨ ਦਾ ਖ਼ਿਆਲ ਤਕ ਨਹੀਂ ਕੀਤਾ ਜਿਨ੍ਹਾਂ ਨੂੰ ਗੁਆਂਢੀ ਲੋਕ ਜਨਮ ਤੋਂ ਹੀ ਦੁਰਦੁਰੇ ਜਾਂ ਸ਼ੂਦਰ ਕਹਿੰਦੇ ਸਨ। ਦਸਮੇਸ਼ ਪਿਤਾ ਨੇ ਉਨ੍ਹਾਂ ਵਿਚ ਐਸੀ ਸ਼ਕਤੀ ਭਰੀ ਕਿ ਉਹ ਯੋਧੇ ਹੋ ਨਿਬੜੇ ਤੇ ਯੋਧੇ ਵੀ ਅਜਿਹੇ, ਜਿਨ੍ਹਾਂ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਨਹੀਂ ਮਿਲਦੀ।'

ਗੋਕਲ ਚੰਦ ਨਾਰੰਗ ਨੇ ਲਿਖਿਆ ਹੈ ਕਿ 'ਗੁਰੂ ਜੀ ਦੇ ਅਸਰ ਹੇਠ ਅਜਿਹੇ ਮਨੁੱਖ ਰਣ ਖੇਤਰ ਦੇ ਸੂਰਮੇ ਹੋ ਨਿਬੜੇ ਜਿਨ੍ਹਾਂ ਕਦੀ ਤਲਵਾਰ ਨੂੰ ਹੱਥ ਨਹੀਂ ਸੀ ਪਾਇਆ ਪਰ ਅਨੰਦਪੁਰ ਸਾਹਿਬ ਦੀ ਧਰਤੀ ਨੇ ਐਸਾ ਇਨਕਾਲਬ ਲਿਆਂਦਾ ਤੇ ਐਸੇ ਯੋਧੇ ਪੈਦਾ ਕੀਤੇ ਜਿਨ੍ਹਾਂ ਸਾਹਮਣੇ ਨਾਦਰਸ਼ਾਹ ਤੇ ਅਹਿਮਦਸ਼ਾਹ ਅਬਦਾਲੀ ਵਰਗਿਆਂ ਨੂੰ ਵੀ ਦੰਦਲਾਂ ਪੈ ਜਾਂਦੀਆਂ ਸਨ।

### ਜ਼ੁਲਮ ਦਾ ਖ਼ਾਤਮਾ

ਭਾਰਤ ਕਦੇ ਸ਼ਕਾਂ ਤੇ ਕਦੇ ਹੂਨਾਂ ਦਾ, ਕਦੇ ਗੌਰੀਆਂ, ਕਦੇ ਗਜ਼ਨਵੀਆਂ, ਤੁਗਲਕਾਂ, ਖਿਲਜ਼ੀਆਂ, ਮੁਗ਼ਲਾਂ, ਲੋਧੀਆਂ, ਕਦੇ ਪੁਰਤਗੇਜਾਂ ਤੇ ਕਦੇ ਅੰਗਰੇਜ਼ਾਂ ਦਾ ਗ਼ੁਲਾਮ ਹੁੰਦਾ ਆ ਰਿਹਾ ਸੀ। ਇੱਥੋਂ ਤੱਕ ਕਿ ਦੇਸ਼ ਗ਼ੁਲਾਮ ਵੰਸ਼ ਦੇ ਗ਼ੁਲਾਮਾਂ ਦਾ ਵੀ ਗ਼ੁਲਾਮ ਰਹਿ ਚੁੱਕਾ ਹੈ। ਹਿੰਦੁਸਤਾਨ 'ਤੇ ਪਹਿਲਾ ਹਮਲਾਵਰ 'ਮੁਹੰਮਦ-ਬਿਨ-ਕਾਸਮ' ਕੇਵਲ 117 ਸਿਪਾਹੀ ਲੈ ਕੇ ਆਇਆ, ਜਿਸ ਨੇ ਅਰਬਾਂ, ਖਰਬਾਂ ਦਾ ਸੋਨਾ ਚਾਂਦੀ, ਹੀਰੇ ਜਵਾਹਰਾਤ ਹੀ ਨਹੀਂ ਲੁੱਟੇ ਬਲਕਿ ਹਿੰਦੁਸਤਾਨ ਦੀਆਂ 40 ਹਜ਼ਾਰ ਬੱਚੀਆਂ ਨੂੰ ਕੈਦ ਕਰ ਕੇ ਗਜ਼ਨੀ ਤੇ ਬਗ਼ਦਾਦ ਭੇਜਦਾ ਰਿਹਾ। ਵਿਦੇਸ਼ੀ ਹਮਲਿਆਂ ਦੇ ਇਹ ਝੱਖੜ 1947 ਤਕ ਝੁੱਲਦੇ ਰਹੇ ਪਰ ਚੱਕਰਵਰਤੀ ਰਾਜਿਆਂ ਦੇ ਇਸ ਦੇਸ਼ ਵਿੱਚੋਂ ਕਿਸੇ ਨੇ ਇਸ ਜ਼ੁਲਮ ਖ਼ਿਲਾਫ਼ ਬੋਲਣ ਦੀ ਜੁਰਅੱਤ ਨਹੀਂ ਕੀਤੀ। 1526 ਈਸਵੀ ਨੂੰ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰ ਐਮਨਾਬਾਦ ਦੀ ਧਰਤੀ 'ਤੇ ਮਨੁੱਖਤਾ ਦਾ ਕਤਲ ਕਰਦੇ ਹੋਏ ਬਾਬਰ ਨੂੰ ਜਾਬਰ ਆਖਿਆ। ਉਸ ਦੀ ਫ਼ੌਜ ਨੂੰ 'ਪਾਪ ਦੀ ਜੰਞ' ਆਖ ਕੇ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਤੇ ਦੇਸ਼ ਵਾਸੀਆਂ ਨੂੰ ਅਣਖ, ਇੱਜ਼ਤ ਤੇ ਗ਼ੈਰਤ ਦੀ ਜ਼ਿੰਦਗੀ ਜਿਊਂਣ ਦਾ ਢੰਗ ਸਿਖਾਉਣ ਲਈ 'ਨਿਰਮਲ ਪੰਥ' ਚਲਾਇਆ। ਇਸ ਨਿਰਮਲ ਪੰਥ ਨੂੰ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ 1699 ਦੀ ਵਿਸਾਖੀ ਨੂੰ ਸੰਪੂਰਨਤਾ ਬਖ਼ਸ਼ੀ ਤੇ ਖ਼ਾਲਸਾ ਪੰਥ ਨੇ ਦੇਸ਼ ਦੀਆਂ ਗ਼ੁਲਾਮੀ ਦੀਆਂ ਜੰਜ਼ੀਰਾ ਕੱਟ ਦਿੱਤੀਆਂ। ਖ਼ਾਲਸਾ ਪੰਥ ਦੀ ਸਾਜਨਾ ਤੋਂ ਸਿਰਫ਼ 11 ਸਾਲ ਬਾਅਦ (1710 'ਚ) ਹਿੰਦੁਸਤਾਨ ਦੀ ਸਭ ਤੋਂ ਤਾਕਤਵਾਰ ਰਿਆਸਤ 'ਸਰਹਿੰਦ' ਨੂੰ ਉਜਾੜ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਖ਼ਾਲਸੇ ਨੇ ਇਕ ਹਜ਼ਾਰ ਸਾਲ ਦੇ ਜੁਲਮੀ ਰਾਜ ਦਾ ਝੰਡਾ ਪੁੱਟ ਕੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ। ਖ਼ਾਲਸੇ ਨੇ ਲਾਲ ਕਿਲੇ 'ਤੇ 14 ਵਾਰ ਕੇਸਰੀ ਨਿਸਾਨ ਸਾਹਿਬ ਝੁਲਾਇਆ। ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ 'ਚ 50 ਸਾਲ ਰਾਜ ਕਰ ਕੇ ਦੁਨੀਆ 'ਚ ਮਿਸਾਲ ਪੈਦਾ ਕੀਤੀ। ਅਨੰਦਪੁਰ ਸਾਹਿਬ ਦੀ ਵਿਚਾਰਧਾਰਾ 'ਚੋਂ ਪੈਦਾ ਹੋਇਆ ਖ਼ਾਲਸਾ ਪੰਥ ਉਦੋਂ ਤੱਕ ਚੈਨ ਨਾਲ ਨਹੀਂ ਬੈਠਾ ਜਦ ਤਕ ਅੰਗਰੇਜ਼ ਦੇ ਰਾਜ ਨੂੰ ਨੇਸ਼ਤੋ ਨਾਬੂਦ ਨਹੀਂ ਕਰ ਦਿੱਤਾ ਗਿਆ। ਦੇਸ਼ ਅਜ਼ਾਦੀ ਲਈ 98 ਫ਼ੀਸਦੀ ਕੁਰਬਾਨੀਆਂ ਉਸ ਕੌਮ ਦੀਆਂ ਹਨ, ਜਿਹੜੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਪੈਦਾ ਹੋਈ ਸੀ।

### ਲੋਕ ਰਾਜ ਦੀ ਨੀਂਹ

ਜਿਸ ਹਲੇਮੀ ਰਾਜ ਦੀ ਸਥਾਪਨਾ ਦਸ ਗੁਰੂ ਸਾਹਿਬਾਨ ਨੇ ਕੀਤੀ, ਉਸ ਵਿਚ ਪਿਤਾ ਪੁਰਖੀ ਜਾਂ ਡਿਕਟੇਟਰਸ਼ਿਪ (ਵਿਅਕਤੀਗਤ ਰਾਜ) ਲਈ ਕੋਈ ਥਾਂ ਨਹੀਂ। ਉਹ ਰਾਜ ਲੋਕਾਂ ਦਾ ਰਾਜ ਹੋਣਾ ਚਾਹੀਦਾ ਹੈ। ਲੋਕ ਰਾਜ ਦੇ ਸਿਸਟਮ ਨੂੰ ਚਲਾਉਣ ਲਈ ਜਿਸ ਪੰਚਇਤੀ ਰਾਜ ਬਾਰੇ ਭਾਰਤ ਦੇਸ਼ ਨੂੰ 1947 ਵਿਚ ਸੋਝੀ ਆਈ, ਉਸ ਪੰਚਾਇਤੀ ਰਾਜ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ 'ਪੰਚ ਪਰਵਾਣ ਪੰਚ ਪ੍ਰਧਾਨ' ਆਖ ਕੇ 500 ਸਾਲ ਪਹਿਲਾਂ ਹੀ ਰੱਖ ਦਿੱਤੀ ਸੀ। ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਪੰਜ ਪਿਆਰਿਆਂ ਦੀ ਸਾਜਨਾ ਕੀਤੀ, ਫਿਰ ਪੰਜਾਂ ਕੋਲੋਂ ਆਪ ਅੰਮ੍ਰਿਤ ਛਕ ਕੇ ਸਿੱਖ ਪੰਥ ਵਿਚ 'ਪੰਚ ਪ੍ਰਧਾਨੀ' ਸਿਸਟਮ ਨੂੰ ਪੱਕੇ ਤੌਰ 'ਤੇ ਲਾਗੂ ਕੀਤਾ। ਇਸ ਲਈ ਅਨੰਦਪੁਰ ਸਾਹਿਬ ਨੂੰ ਲੋਕ ਰਾਜ ਜਾਂ ਪੰਚਾਇਤੀ ਰਾਜ ਦੀ ਨੀਂਹ ਰੱਖਣ ਵਾਲੀ ਧਰਤੀ ਵੀ ਕਹਿ ਸਕਦੇ ਹਾਂ। •

### ਸੰਪੂਰਨ ਮਨੁੱਖ ਦੀ ਸਿਰਜਣਾ ਕਰਨ ਵਾਲੀ ਧਰਤੀ

*ਮਨੁੱਖਤਾ ਦਾ ਇਤਿਹਾਸ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਜਿਨ੍ਹਾਂ ਨੇ ਕੇਵਲ ਬਹਾਦਰੀ 'ਚ ਸੁਰਤ ਜੋੜੀ, ਉਹ ਜਾਬਰ ਤੇ ਅਨਿਆਈ ਬਣ ਗਏ। ਜੋ ਨਿਰੇ ਦਇਆ ਭਜਨ ਵਿਚ ਲੱਗੇ ਰਹੇ ਉਹ ਅਤਿ ਦੇ ਕਾਇਰ ਤੇ ਬੁਜ਼ਦਿਲ ਬਣ ਗਏ। ਭਾਰਤੀ ਅਹਿੰਸਾ ਦੇ ਪੁਜਾਰੀ ਅਤੇ ਮੁਗ਼ਲ ਜਹਾਦ ਦੇ ਆਸ਼ਕ ਹੋ ਗਏ। ਸਰ ਮੁਹੰਮਦ ਇਕਬਾਲ ਨੇ ਬਹੁਤ ਸੁੰਦਰ ਲਿਖਿਆ ਹੈ :*

***ਜਲਾਲਿ ਪਾਤਸ਼ਾਹੀ ਹੋ ਜਾਂ***
***ਜਮਹੂਰੀ ਤਮਾਸ਼ਾ ਹੋ,***
***ਜੁਦਾ ਹੋ ਦੀਂ ਸਿਆਸਤ ਸੇ***
***ਤੋ ਰਹਿ ਜਾਤੀ ਚੰਗੇਜ਼ੀ॥***

*ਵਰਣ ਵੰਡ ਨੇ ਇਨਸਾਨੀ ਗੁਣਾਂ ਨੂੰ ਵੀ ਵੰਡ ਦਿੱਤਾ ਸੀ। ਬ੍ਰਾਹਮਣ ਪਰਮਾਰਥ ਦੇ ਰਾਖੇ ਤੇ ਖੱਤਰੀ ਤਲਵਾਰ ਦੇ ਮਾਲਿਕ, ਵੈਸ਼ ਤੇ ਸ਼ੂਦਰਾਂ ਨੂੰ ਮਨੁੱਖਤਾ ਦੇ ਹੇਠਲੇ ਦਰਜੇ 'ਤੇ ਧੱਕ ਦਿੱਤਾ ਗਿਆ। ਇਸ ਤਰ੍ਹਾਂ ਇਕ ਪਾਸੇ ਅਹੰਕਾਰੀ ਤੇ ਦੂਜੇ ਪਾਸੇ ਮੁਰਦਾ ਜਿਹਾ ਜੀਵਨ ਹੋ ਗਿਆ। ਨਤੀਜਾ ਇਹ ਨਿਕਲਿਆ ਕਿ ਭਜਨੀਕ ਸੂਰਮੇ ਨਾ ਰਹੇ ਤੇ ਸੂਰਮੇ ਭਜਨੀਕ ਨਾ ਰਹਿ ਸਕੇ। 30 ਮਾਰਚ 1699 ਦੀ ਵਿਸਾਖੀ ਨੂੰ ਦਸਮੇਸ਼ ਪਿਤਾ ਨੇ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਸੂਰਮਤਾ ਤੇ ਕੋਮਲਤਾ, ਭਗਤੀ ਤੇ ਸ਼ਕਤੀ, ਧਰਮ ਤੇ ਰਾਜਨੀਤੀ, ਸੰਤ ਤੇ ਸਿਪਾਹੀ ਵਾਲੇ ਗੁਣਾਂ ਨੂੰ ਇਕੱਤਰ ਕਰ ਕੇ ਮਨੁੱਖਤਾ ਨੂੰ ਸੰਪੂਰਨਤਾ ਬਖ਼ਸ਼ੀ। ਪ੍ਰੋ. ਟਾਇਨਬੀ ਨੇ ਲਿਖਿਆ ਹੈ ਕਿ ਜਿਸ ਸੰਪੂਰਨ ਮਨੁੱਖ ਦੀ ਸਿਰਜਣਾ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੇ ਰੂਪ ਵਿਚ ਕੀਤੀ ਉਸ ਮਨੁੱਖ ਨਾਲੋਂ ਹੋਰ ਕੋਈ ਸੰਪੂਰਨ ਮਨੁੱਖ ਸੰਸਾਰ ਦੇ ਨਕਸ਼ੇ 'ਤੇ ਵਿਖਾਈ ਨਹੀਂ ਦਿੰਦਾ।*

### ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਵਾਲੀ ਧਰਤੀ

ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਮੁਗ਼ਲ ਹਕੂਮਤ ਔਰੰਗਜ਼ੇਬ ਦੀ ਅਗਵਾਈ 'ਚ ਹਿੰਦੂਆਂ ਦੀ ਨਸਲਕੁਸ਼ੀ ਕਰਨ 'ਤੇ ਤੁਲੀ ਸੀ। ਇਫ਼ਤਿਖ਼ਾਰ ਖ਼ਾਨ ਨੂੰ ਕਸ਼ਮੀਰ ਦਾ ਸੂਬੇਦਾਰ ਥਾਪ ਕੇ ਉਸ ਨੇ ਇਹ ਮੁਹਿੰਮ ਸ਼ੁਰੂ ਕੀਤੀ, ਕਿਉਂਕਿ ਕਸ਼ਮੀਰ ਵਿਦਵਾਨ ਬ੍ਰਾਹਮਣਾਂ ਦਾ ਗੜ੍ਹ ਸੀ। ਔਰੰਗਜ਼ੇਬ ਦੀ ਦਿਲੀ ਖਾਹਿਸ਼ ਸੀ ਕਿ ਜੇ ਹਿੰਦੂ ਵਿਦਵਾਨ ਇਸਲਾਮ ਗ੍ਰਹਿਣ ਕਰ ਲੈਣਗੇ ਤਾਂ ਸਾਰਾ ਹਿੰਦੁਸਤਾਨ ਆਪਣੇ ਆਪ ਇਸਲਾਮ ਧਾਰਨ ਕਰ ਲਵੇਗਾ। ਕਸ਼ਮੀਰ ਦੀ ਧਰਤੀ 'ਤੇ ਮੰਦਰ ਢਾਉਣੇ, ਜਨੇਊ ਤੋੜਨੇ ਤੇ ਧਰਮ ਨਾ ਤਬਦੀਲ ਕਰਨ ਵਾਲਿਆਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ ਗਿਆ। ਬਾਦਸ਼ਾਹ ਦੀ ਇਸ ਨੀਤੀ ਨੇ ਕਸ਼ਮੀਰ 'ਚ ਇਕ ਤੂਫ਼ਾਨ ਖੜ੍ਹਾ ਕਰ ਦਿੱਤਾ। ਤੰਗ ਆ ਕੇ ਕਸ਼ਮੀਰੀ ਬ੍ਰਾਹਮਣਾਂ ਨੇ ਧਰਮ ਨੂੰ ਬਚਾਉਣ ਲਈ ਗੁਰੂ ਨਾਨਕ ਦੇਵ ਜੀ ਦੇ ਗੁਰੂ-ਘਰ ਦੀ ਸ਼ਰਨ ਲੈਣ ਦਾ ਫ਼ੈਸਲਾ ਕੀਤਾ। ਕਿਉਂਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਜੰਮੂ-ਕਸ਼ਮੀਰ ਸਿੱਖੀ ਦਾ ਗੜ੍ਹ ਬਣ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਤੇ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਵਿਚ ਧਰਮ ਪ੍ਰਚਾਰ ਦੌਰੇ ਕਰ ਚੁੱਕੇ ਸਨ ਤੇ ਕਸ਼ਮੀਰ ਦੀ ਧਰਤੀ ਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਈ ਬ੍ਰਹਮਦਾਸ, ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਫੇਰਾ ਜੀ, ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਤ੍ਰਿਲੋਕਾ, ਭਾਈ ਭਾਨਾ ਮੱਲ, ਭਾਈ ਰੇਖਾ ਰਾਓ, ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਭਾਈ ਸੇਵਾਦਾਸ, ਭਾਈ ਮਾਧੋ, ਭਾਈ ਕੱਟੂਸ਼ਾਹ, ਨੌਵੇਂ ਤੇ ਦਸਵੇਂ ਪਾਤਸ਼ਾਹ ਦੇ ਸਮੇਂ ਭਾਈ ਕ੍ਰਿਪਾ ਸਿੰਘ (ਪੰਡਿਤ ਕਿਰਪਾ ਰਾਮ) ਧਰਮ ਪ੍ਰਚਾਰ ਦੀ ਸੇਵਾ ਨਿਭਾਅ ਰਹੇ ਸਨ। ਕਸ਼ਮੀਰ ਅਤੇ ਦੇਸ਼ ਦੇ ਵੱਖ-ਵੱਖ ਤੀਰਥਾਂ ਦੇ 16 ਮੁੱਖੀ ਪੰਡਿਤਾਂ ਨੇ 500 ਬ੍ਰਾਹਮਣਾਂ ਦੀ ਅਗਵਾਈ ਕਰਦੇ ਹੋਏ ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ ਵਿਚ ਸ੍ਰੀ ਅਨੰਦਪੁਰ ਸਾਹਿਬ ਵੱਲ ਕੂਚ ਕੀਤਾ। 25 ਜੂਨ 1675 ਨੂੰ ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਰਨ ਵਿਚ ਪਹੁੰਚੇ। ਦੁਖੀ ਪੰਡਿਤਾਂ ਦੀ ਪੁਕਾਰ ਸੁਣ ਕੇ ਸਤਿਗੁਰੂ ਜੀ ਨੇ ਮਨੁੱਖੀ ਅਧਿਕਾਰਾਂ ਤੇ ਧਰਮ ਦੀ ਅਜ਼ਾਦੀ ਲਈ ਪੰਡਿਤਾਂ ਨੂੰ ਕਹਿ ਦਿੱਤਾ ਕਿ ਜਾ ਕੇ ਔਰੰਗਜ਼ੇਬ ਨੂੰ ਕਹਿ ਦਿਉ ਕਿ ਜੇ ਗੁਰੂ ਤੇਗ਼ ਬਹਾਦਰ ਇਸਲਾਮ ਕਬੂਲ ਕਰ ਲੈਣਗੇ ਤਾਂ ਸਾਰਾ ਹਿੰਦੁਸਤਾਨ ਆਪਣੇ ਆਪ ਇਸਲਾਮ ਧਰਮ ਕਬੂਲ ਕਰ ਲਵੇਗਾ। ਔਰੰਗਜ਼ੇਬ ਨੇ ਗੁਰੂ ਤੇਗ਼ ਬਹਾਦੁਰ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ। ਗ਼ੁਲਾਮ ਹੁਸੈਨ 'ਸੀਅਰਉਲ ਮੁਤਾਖ਼ਰੀਨ' ਵਿਚ ਲਿਖਦਾ ਹੈ :

'ਤੇਗ ਬਹਾਦਰ ਰਾ ਗ੍ਰਿਫ਼ਤਾਰ ਮੁਕਯਦਾ ਉ ਮਹਿਬੂਸ ਦਰੰਦਾ ਚੂਨਾਚਿ ਹਸਬਉਲ ਹੁਕਮ ਬ ਅਮਲ ਆਮਦਾ।' ਭਾਵ- ਹੁਕਮ ਹੋਇਆ ਗੁਰੂ ਤੇਗ਼ ਬਹਾਦੁਰ ਜੀ ਨੂੰ ਕੈਦ ਕੀਤਾ ਜਾਵੇ! ਤੇ ਇਸੇ ਤਰ੍ਹਾਂ ਹੀ ਕੀਤਾ ਗਿਆ।

ਅੰਤ 8 ਜੁਲਈ 1675 ਈਸਵੀ ਨੂੰ ਗੁਰੂ ਤੇਗ਼ ਬਹਾਦਰ ਜੀ ਨੇ ਗੁਰਗੱਦੀ 9 ਸਾਲ ਦੇ ਆਪਣੇ ਬੇਟੇ ਗੋਬਿੰਦ ਰਾਇ ਨੂੰ ਸੰਭਾਲ ਕੇ 10 ਜੁਲਾਈ 1675 ਨੂੰ ਦਿੱਲੀ ਵੱਲ ਚਾਲੇ ਪਾ ਦਿੱਤੇ। 11 ਜੁਲਾਈ 1675 ਨੂੰ ਸੈਂਕੜੇ ਸਿੱਖਾਂ ਸਮੇਤ ਗੁਰੂ ਤੇਗ਼ ਬਹਾਦਰ ਜੀ ਨੇ ਸਰਸਾ ਨਦੀ ਪਾਰ ਕੀਤੀ ਜਿਉਂ ਹੀ ਕਾਫ਼ਲਾ ਰੋਪੜ ਨੇੜਲੇ ਪਿੰਡ 'ਮਲਕਪੁਰ ਰੰਘੜਾਂ' ਪੁੱਜਾ ਤਾਂ ਰੋਪੜ ਦੇ ਥਾਣੇਦਾਰ ਮਿਰਜ਼ਾ ਨੂਰ ਮੁਹੰਮਦ ਖ਼ਾਨ' ਨੇ ਉਨ੍ਹਾਂ ਨੂੰ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਸਮੇਤ ਗ੍ਰਿਫ਼ਤਾਰ ਕਰ ਕੇ ਸੂਬਾ ਸਰਹਿੰਦ ਪਾਸ ਭੇਜ ਦਿੱਤਾ। ਭੱਟ ਵਹੀਆਂ ਮੁਤਾਬਿਕ, ਡਾ. ਗੰਡਾ ਸਿੰਘ, ਡਾ. ਹਰਜਿੰਦਰ ਸਿੰਘ ਦਿਲਗੀਰ, ਪ੍ਰੋ. ਹਰਬੰਸ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ, ਮਹਿੰਦਰ ਸਿੰਘ ਜੋਸ਼, ਡਾ. ਸੰਗਤ ਸਿੰਘ, ਡਾ. ਤਾਰਨ ਸਿੰਘ ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਨੂੰ 'ਮਲਕਪੁਰ ਰੰਘੜਾਂ' ਤੋਂ ਹੀ ਗ੍ਰਿਫ਼ਤਾਰ ਕੀਤਾ ਗਿਆ।

ਚਾਰ ਮਹੀਨੇ ਸਰਹਿੰਦ ਵਿਖੇ ਕੈਦ ਰੱਖ ਕੇ 11 ਨਵੰਬਰ 1675 ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਅਸਹਿ ਤੇ ਅਕਹਿ ਕਸ਼ਟ ਦੇ ਕੇ ਭਾਈ ਮਤੀ ਦਾਸ, ਭਾਈ ਸਤੀਦਾਸ, ਭਾਈ ਦਿਆਲਾ ਜੀ ਸਮੇਤ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦੇ ਧੜ ਦਾ ਸਸਕਾਰ ਦਿੱਲੀ ਵਿਚ ਤੇ ਸੀਸ ਦਾ ਸਸਕਾਰ ਭਾਈ ਜੈਤਾ ਜੀ ਵੱਲੋਂ ਅਨੰਦਪੁਰ ਸਾਹਿਬ ਲਿਆ ਕੇ 16 ਨਵੰਬਰ 1675 ਈਸਵੀ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤਾ ਗਿਆ। ਸਤਿਗੁਰੂ ਜੀ ਨੇ ਆਪਣੀ ਸ਼ਹਾਦਤ ਦੇ ਕੇ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਵਾਲੀ ਧਰਤੀ ਹੋਣ ਦਾ ਮਾਣ ਬਖ਼ਸ਼ਿਆ।

## ਭਾਈ ਨੰਦ ਲਾਲ ਗੋਯਾ

ਸ਼ਹਿਜ਼ਾਦਾ ਮੁਅੱਜ਼ਮ ਦੇ ਦਿੱਲੀ ਦਰਬਾਰ 'ਚ ਅਰਬੀ-ਫ਼ਾਰਸੀ ਦਾ ਆਲਮ ਸੀ-ਨੰਦ ਲਾਲ ਗੋਯਾ। ਇਕ ਵਾਰ ਸ਼ਹਿਜ਼ਾਦੇ ਦੇ ਬਾਪ ਬਾਦਸ਼ਾਹ ਔਰੰਗਜ਼ੇਬ ਨੇ ਕੁਰਾਨ ਸ਼ਰੀਫ਼ ਦੀ ਇਕ ਆਇਤ ਨੂੰ ਤਫ਼ਸੀਲ ਨਾਲ ਸਮਝਣਾ ਚਾਹਿਆ ਤਾਂ ਦਰਬਾਰ ਦੇ ਸਾਰੇ ਆਲਮ ਹਾਰ ਗਏ ਪਰ ਬਾਦਸ਼ਾਹ ਦੀ ਤਸੱਲੀ ਨਾ ਹੋਈ। ਉਸ ਵੇਲੇ ਸ਼ਹਿਜ਼ਾਦਾ ਮੁਅੱਜ਼ਮ ਨੇ ਕਿਹਾ ਕਿ 'ਮੇਰੇ ਕੋਲ ਇਕ ਆਲਮ ਹੈ ਜੋ ਅਰਥਾਂ ਦੀ ਤਹਿ ਤਕ ਪਹੁੰਚ ਸਕਦਾ ਹੈ।' ਜਦੋਂ ਨੰਦ ਲਾਲ ਗੋਯਾ ਨੇ ਔਰੰਗਜ਼ੇਬ ਦੀ ਤਸੱਲੀ ਕਰਵਾ ਦਿੱਤੀ ਤਾਂ ਉਹ ਬਹੁਤ ਖ਼ੁਸ਼ ਹੋਇਆ ਪਰ ਨੰਦ ਲਾਲ ਗੋਯਾ ਦੇ ਜਾਣ ਮਗਰੋਂ ਬਾਦਸ਼ਾਹ ਬੇਚੈਨ ਹੋ ਗਿਆ ਕਿ ਸਾਰੇ ਮੁਸਲਮਾਨ ਆਲਮ ਜਿਹੜੇ ਅਰਥਾਂ ਤਕ ਨਹੀਂ ਪਹੁੰਚ ਸਕੇ, ਉੱਥੇ ਇਕ ਹਿੰਦੂ ਆਲਮ ਪਹੁੰਚ ਗਿਆ? ਬਾਦਸ਼ਾਹ ਨੇ ਹੁਕਮ ਦਿੱਤਾ ਕਿ ਨੰਦ ਲਾਲ ਗੋਯਾ ਨੂੰ ਦੀਨ ਕਬੂਲ ਕਰਵਾਇਆ ਜਾਵੇ।



ਮੁਅੱਜ਼ਮ ਬਹੁਤ ਪਛਤਾਇਆ ਕਿ ਉਸ ਨੇ ਆਪਣੇ ਮਿੱਤਰ ਨੂੰ ਦਰਬਾਰ ਵਿਚ ਭੇਜ ਕੇ ਵੱਡੀ ਗ਼ਲਤੀ ਕੀਤੀ। ਉਸ ਵੇਲੇ ਨੰਦ ਲਾਲ ਗੋਯਾ ਨੇ ਕਿਹਾ ਕਿ ਜਿੱਥੇ ਹਿੰਦੂ-ਮੁਸਲਮਾਨ ਦਾ ਇਹੋ ਜਿਹਾ ਸਵਾਲ ਹੈ, ਮੈਂ ਹੁਣ ਉਥੇ ਨਹੀਂ ਰਹਿ ਸਕਦਾ।

ਮੁਅੱਜ਼ਮ ਆਪਣੇ ਬਾਪ-ਬਾਦਸ਼ਾਹ ਔਰੰਗਜ਼ੇਬ ਨੂੰ ਜਾਣਦਾ ਸੀ ਕਿ ਜੇ ਉਸ ਦੇ ਹੁਕਮ ਦੀ ਤਾਮੀਲ ਨਾ ਹੋਈ ਤਾਂ ਕੀ ਵਾਪਰੇਗਾ! ਉਸ ਚੋਰੀਂ ਨੰਦ ਲਾਲ ਗੋਯਾ ਨੂੰ ਦੂਰ ਭਿਜਵਾ ਦਿੱਤਾ, ਜਿੱਥੋਂ ਸੂਹ ਨਾ ਲੱਭ ਸਕੇ।

ਉਸ ਵੇਲੇ ਔਝੜ ਰਾਹ 'ਤੇ ਤੁਰਦਿਆਂ ਨੰਦ ਲਾਲ ਗੋਯਾ ਨੇ ਹਿੰਦੂ-ਮੁਸਲਮਾਨ ਦੇ ਸਵਾਲ ਨੂੰ ਮਨ ਤੋਂ ਲਾਹ ਕੇ ਅਸਮਾਨ ਵੱਲ ਵੇਖਿਆ ਤੇ ਹੱਸ ਕੇ ਆਪਣਾ ਪਤਾ ਦਿੱਤਾ ਕਿ ਮੈਂ ਕੌਣ ਹਾਂ? ਆਖਿਆ : 'ਮੈਂ ਭਰ ਵਹਿੰਦੇ ਸਾਗਰ 'ਚੋਂ ਲਹਿਰ ਵਾਂਗ ਉੱਠਿਆ ਹਾਂ, ਆਪਣੇ ਸਾਗਰ ਨੂੰ ਸਿਜ਼ਦਾ ਕਰਨ ਲਈ।' ਇਹੀ ਨੰਦ ਲਾਲ ਗੋਯਾ ਅੱਜ ਸਮੁੱਚੇ ਸਿੱਖ ਜਗਤ ਵਿਚ ਭਾਈ ਨੰਦ ਲਾਲ ਗੋਯਾ ਜੀ ਦੇ ਨਾਂ ਨਾਲ ਸਤਿਕਾਰੇ ਜਾਂਦੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 52 ਕਵੀਆਂ ਵਿਚ ਭਾਈ ਸਾਹਿਬ ਨੂੰ ਅਹਿਮ ਸਥਾਨ ਦਿੱਤਾ। •

## ਸਵਾਮੀ ਰਾਮ ਕ੍ਰਿਸ਼ਨ



ਸਵਾਮੀ ਰਾਮ ਕ੍ਰਿਸ਼ਨ ਲਈ ਮਨ ਦੀ ਦੈਵੀ ਅਵਸਥਾ ਕਠਿਨ ਯੋਗ ਆਸਣਾਂ ਦੀ ਪ੍ਰਾਪਤੀ ਨਹੀਂ ਸੀ। ਉਹ ਉਨ੍ਹਾਂ ਦੀ ਸਹਿਜ ਅਵਸਥਾ ਸੀ। ਸ਼ਾਇਦ ਇਹੀ ਕਾਰਨ ਸੀ ਕਿ ਉਹ ਹਰ ਆਡੰਬਰ ਉੱਤੇ ਭਰੀਆਂ ਮਹਿਫ਼ਲਾਂ ਵਿਚ ਹੱਸ ਸਕਦੇ ਸਨ।

ਉਨ੍ਹਾਂ ਦੇ ਜੀਵਨੀਕਾਰ ਲਿਖਦੇ ਹਨ ਕਿ ਇਕ ਵਾਰ ਵਕਤ ਦੇ ਇਕ ਵਿਦਵਾਨ ਕੇਸ਼ਬ ਸਾਹਿਬ ਤਕਰੀਰ ਕਰ ਰਹੇ ਸਨ, ਜਿਹਦੇ ਵਿਚ ਉਨ੍ਹਾਂ ਨੇ ਪ੍ਰਾਰਥਨਾ ਕੀਤੀ, "ਹੇ ਈਸ਼ਵਰ! ਸਾਨੂੰ ਤਾਕਤ ਦੇ ਕਿ ਅਸੀਂ ਭਗਤੀ ਦੇ ਦਰਿਆ ਵਿੱਚ ਡੁੱਬ ਕੇ ਸਚਿਦਾਨੰਦ ਦੇ ਸਮੁੰਦਰ ਤਕ ਪਹੁੰਚ ਸਕੀਏ।"

ਉਸ ਵੇਲੇ ਇਕ ਪਰਦੇ ਦੇ ਪਿੱਛੇ ਕਈ ਔਰਤਾਂ ਬੈਠੀਆਂ ਸਨ। ਸਵਾਮੀ ਰਾਮ ਕ੍ਰਿਸ਼ਨ ਨੇ ਉਹ ਪਰਦਾ ਚੁੱਕ ਕੇ ਉਨ੍ਹਾਂ ਵੱਲ ਹੱਥ ਕੀਤਾ ਤੇ ਕਹਿਣ ਲੱਗੇ, "ਕੇਸ਼ਬ! ਜੇ ਤੁਸੀਂ ਸਾਰੇ ਜਣੇ ਇੱਕੋ ਵਾਰੀ ਭਗਤੀ ਦੇ ਦਰਿਆ ਵਿਚ ਛਾਲਾਂ ਮਾਰ ਗਏ ਤਾਂ ਇਨ੍ਹਾਂ ਦਾ ਕੀ ਬਣੇਗਾ? ਇਸ ਲਈ ਦਰਿਆ ਦਾ ਇਕ ਗੋਤਾ ਖਾ ਕੇ ਵਾਰੋ-ਵਾਰੀ ਬਾਹਰ ਵੀ ਨਿਕਲਿਆ ਕਰਨਾ।"

ਸਵਾਮੀ ਰਾਮ ਕ੍ਰਿਸ਼ਨ ਦੇ ਇਕ ਅਰਾਧਕ ਮਨੀ ਲਾਲ ਦੀ ਇਕ ਬੇਟੀ ਸੀ, ਜੋ ਸਮਾਧੀ ਵਿਚ ਧਿਆਨ ਜੋੜਨਾ ਚਾਹੁੰਦੀ ਸੀ ਪਰ ਜੋੜ ਨਹੀਂ ਸੀ ਸਕਦੀ। ਮਨ ਕਿਸ ਤਰ੍ਹਾਂ ਟਿਕੇ? ਇਹ ਪੁੱਛਣ ਲਈ ਉਹ ਸਵਾਮੀ ਰਾਮ ਕ੍ਰਿਸ਼ਨ ਕੋਲ ਆਈ। ਉਹ ਸਹਿਜ ਭਾਵ ਪੁੱਛਣ ਲੱਗੇ, "ਤੈਨੂੰ ਦੁਨੀਆ ਵਿੱਚ ਸਭ ਤੋਂ ਪਿਆਰੀ ਚੀਜ਼ ਕਿਹੜੀ ਲਗਦੀ ਹੈ?" ਉਹ ਲੜਕੀ ਕਹਿਣ ਲੱਗੀ, "ਮੇਰੇ ਭਰਾ ਦਾ ਛੋਟਾ ਜਿਹਾ ਬੇਟਾ ਮੈਨੂੰ ਸਭ ਤੋਂ ਪਿਆਰਾ ਲਗਦਾ ਹੈ।" ਸਵਾਮੀ ਰਾਮ ਕ੍ਰਿਸ਼ਨ ਕਹਿਣ ਲੱਗੇ, "ਫਿਰ ਕੋਈ ਮੁਸ਼ਕਿਲ ਨਹੀ, ਤੂੰ ਉਸੇ ਦਾ ਧਿਆਨ ਕਰਿਆ ਕਰ।"

...ਤੇ ਉਹ ਲੜਕੀ ਉਸੇ ਨਿੱਕੇ ਜਿਹੇ ਭਤੀਜੇ ਦਾ ਧਿਆਨ ਧਰਨ ਲੱਗੀ...ਤੇ ਫਿਰ ਉਸ ਬੱਚੇ ਦਾ ਉਹੀ ਪਿਆਰੀ ਜਿਹਾ ਮੂੰਹ ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਬਾਲ-ਕ੍ਰਿਸ਼ਨ ਦਾ ਰੂਪ ਧਾਰ ਗਿਆ।

• ਫੀਚਰ ਡੈਸਕ

## ਸੂਫ਼ੀ ਦਰਵੇਸ਼ ਅਬਦੁਲ ਵਹਾਬ

ਅਬਦੁਲ ਵਹਾਬ ਬੇਹਦ ਹਰਮਨ-ਪਿਆਰੇ ਸੂਫ਼ੀ ਦਰਵੇਸ਼ ਹਨ। ਭਾਰਤ ਅਤੇ ਪਾਕਿਸਤਾਨ ਦੇ ਕੱਵਾਲ ਉਨ੍ਹਾਂ ਨੂੰ ਪਿਆਰ ਨਾਲ 'ਸੱਚਲ ਸਰਮਸਤ', ਭਾਵ ਸੱਚੇ ਰਸਤੇ ਦਾ ਮਤਵਾਲਾ ਵੀ ਆਖਦੇ ਹਨ। ਪਾਕਿਸਤਾਨ ਦੇ ਸਿੰਧ ਇਲਾਕੇ ਵਿਚ ਉਨ੍ਹਾਂ ਦੀ ਕਾਫ਼ੀ ਮਾਨਤਾ ਹੈ। 'ਸੱਚਲ' ਅਤੇ 'ਸਰਮਸਤ' ਉਨ੍ਹਾਂ ਦੇ ਅਧਿਆਤਮਿਕ ਲਕਬ ਹਨ।। 'ਸੱਚਲ' ਤਖ਼ੱਲਸ ਉਨ੍ਹਾਂ ਦੇ ਘੁੰਮੱਕੜ ਸੂਫ਼ੀ ਦਰਵੇਸ਼ ਹੋਣੀ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ 'ਸਰਮਸਤ' ਲਕਬ ਉਨ੍ਹਾਂ ਦੇ ਅੱਲ੍ਹਾ ਦੇ ਇਸ਼ਕ ਵਿਚ ਮਤਵਾਲੇ ਹੋਣ ਦਾ ਸੂਚਕ ਹੈ।

ਵਿਦਵਾਨਾਂ ਵੱਲੋਂ ਅਬਦੁਲ ਵਹਾਬ ਦੇ ਖ਼ਾਨਦਾਨ ਦਾ ਪਿਛੋਕੜ ਸ਼ੇਖ ਸ਼ਿਹਾਬੂਦੀਨ ਅਲ-ਸੁਹਰਵਰਦੀ ਨਾਲ ਸਬੰਧਤ ਦੱਸਦੇ ਹਨ। ਅਬਦੁਲ ਵਹਾਬ ਦੇ ਚਾਚਾ ਮੀਆਂ ਅਬਦੁਲ ਹੱਕ ਫ਼ਾਰੂਕੀ ਦਾ ਸਬੰਧ ਸੂਫ਼ੀਆਂ ਦੇ ਕਾਦਰੀ ਸਿਲਸਿਲੇ ਨਾਲ ਸੀ। ਉਨ੍ਹਾਂ ਦੇ ਚਾਚਾ ਅਬਦੁਲ ਹੱਕ ਫ਼ਾਰੂਕੀ ਹੀ ਉਨ੍ਹਾਂ ਦੇ ਮੁਰਸ਼ਦ ਸਨ। ਅਬਦੁਲ ਵਹਾਬ ਦੀ ਰਚਨਾ ਪੰਜਾਬੀ ਤੋਂ ਇਲਾਵਾ ਸਿੰਧੀ, ਫ਼ਾਰਸੀ ਅਤੇ ਹਿੰਦੀ ਵਿਚ ਵੀ ਮਿਲਦੀ ਹੈ। ਅਬਦੁਲ ਵਹਾਬ ਦਾ ਜਨਮ 1740 ਵਿਚ ਹੋਇਆ ਅਤੇ ਉਨ੍ਹਾਂ ਨੇ 1826 ਵਿਚ ਵਫ਼ਾਤ ਪਾਈ।

ਸੱਚਲ ਸਰਮਸਤ ਅਬਦੁਲ ਵਹਾਬ ਦੀ ਬਹੁਤੀ ਰਚਨਾ ਕਾਫ਼ੀਆਂ ਦੇ ਰੂਪ ਵਿਚ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚੋਂ ਉਨ੍ਹਾਂ ਉੱਪਰ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦਾ ਪ੍ਰਭਾਵ ਸਪਸ਼ਟ ਝਲਕਦਾ ਹੈ। ਆਪਣੀਆਂ ਕਾਫ਼ੀਆਂ ਵਿਚ ਉਹ ਹੀਰ-ਰਾਂਝੇ ਨੂੰ ਇਸ਼ਕ-ਹਕੀਕ ਅਤੇ ਮੁਰਸ਼ਦ ਦੇ ਪ੍ਰੇਮ ਵਜੋਂ ਰੂਪਮਾਨ ਕਰਦੇ ਹਨ। ਬਿਰਹਾ ਦਾ ਰੰਗ ਉਨ੍ਹਾਂ ਦੀਆਂ ਕਾਫ਼ੀਆਂ ਵਿਚ ਜ਼ਿਆਦਾ ਪ੍ਰਭਾਵਿਤ ਰਿਹਾ ਹੈ :

ਨਾ ਮੈਂ ਸੁੰਨੀ, ਨਾ ਮੈਂ ਸ਼ੀਆ, ਨਾ ਮੈਂ ਡੂਹ ਸਵਾਬ।
ਨਾ ਮੈਂ ਸ਼ਰੱਈ, ਨਾ ਮੈਂ ਵਰੱਈ, ਨਾ ਮੈਂ ਰੰਗ ਰਵਾਬ।
ਨਾ ਮੈਂ ਮੁੱਲਾਂ, ਨਾ ਮੈਂ ਕਾਜ਼ੀ, ਨਾ ਮੈਂ ਸ਼ੋਰ-ਸ਼ਰਾਬ।



# ਮੁੱਖ ਮੰਤਰੀ ਨੇ ਹੋਰ 523 ਨੌਜਵਾਨਾਂ ਨੂੰ ਸੌਂਪੇ ਨਿਯੁਕਤੀ ਪੱਤਰ; ਕਿਹਾ, 'ਆਪ' ਸਰਕਾਰ ਨੇ ਪਾਰਦਰਸ਼ੀ ਅਤੇ ਯੋਗਤਾ-ਆਧਾਰਤ ਭਰਤੀਆਂ ਰਾਹੀਂ 67,563 ਸਰਕਾਰੀ ਨੌਕਰੀਆਂ ਦਿੱਤੀਆਂ

## ਪਿਛਲੀਆਂ ਸਰਕਾਰਾਂ ਦੌਰਾਨ ਮੈਰਿਟ ਦੀ ਥਾਂ ਪੈਸੇ ਬਦਲੇ ਦਿੱਤੀਆਂ ਜਾਂਦੀਆਂ ਸਨ ਸਰਕਾਰੀ ਨੌਕਰੀਆਂ: ਭਗਵੰਤ ਸਿੰਘ ਮਾਨ

ਮੁਹਾਲੀ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਿਹਤ ਵਿਭਾਗ ਵਿੱਚ ਹੋਰ 523 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਉਸ ਯੁੱਗ ਦਾ ਅੰਤ ਕਰ ਦਿੱਤਾ ਹੈ, ਜਦੋਂ ਸਰਕਾਰੀ ਨੌਕਰੀਆਂ ਪੈਸੇ ਬਦਲੇ ਵੇਚੀਆਂ ਅਤੇ ਰਾਜਨੀਤਿਕ ਪ੍ਰਭਾਵ ਰਾਹੀਂ ਦਿੱਤੀਆਂ ਜਾਂਦੀਆਂ ਸਨ, ਜਿਸ ਨਾਲ ਯੋਗ ਉਮੀਦਵਾਰ ਮੌਕਿਆਂ ਤੋਂ ਵਾਂਝੇ ਰਹਿ ਜਾਂਦੇ ਸਨ। ਨੌਜਵਾਨਾਂ ਨੂੰ ਪਾਰਦਰਸ਼ੀ ਅਤੇ ਯੋਗਤਾ-ਅਧਾਰਤ ਪ੍ਰਕਿਰਿਆ ਰਾਹੀਂ ਚਾਰ ਸਾਲਾਂ ਵਿੱਚ 67,563 ਸਰਕਾਰੀ ਨੌਕਰੀਆਂ ਦੇਣ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਸਰਕਾਰੀ ਭਰਤੀ ਪ੍ਰਕਿਰਿਆ ਵਿੱਚ ਨੌਜਵਾਨਾਂ ਦੇ ਵਿਸ਼ਵਾਸ ਨੂੰ ਬਹਾਲ ਕੀਤਾ ਹੈ, ਜਿਸ ਨਾਲ ਰੋਜ਼ਗਾਰ ਦੀ ਭਾਲ ਵਿੱਚ ਨੌਜਵਾਨਾਂ ਵੱਲੋਂ ਪੰਜਾਬ ਛੱਡ ਕੇ ਵਿਦੇਸ਼ਾਂ ਨੂੰ ਜਾਣ ਦੇ ਰੁਝਾਨ ਨੂੰ ਪੁੱਠਾ ਗੇੜ ਪਿਆ ਹੈ।

ਦੇਸ਼ ਦੇ ਕਈ ਹਿੱਸਿਆਂ ਵਿੱਚ ਵਾਰ-ਵਾਰ ਸਾਹਮਣੇ ਆ ਰਹੇ ਪ੍ਰੀਖਿਆ ਵਿਵਾਦਾਂ ਨਾਲ ਪੰਜਾਬ ਦੇ ਭਰਤੀ ਰਿਕਾਰਡ ਦੀ ਤੁਲਨਾ ਕਰਦਿਆਂ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਨਿਰਪੱਖਤਾ ਅਤੇ ਪਾਰਦਰਸ਼ਤਾ ਰਾਹੀਂ ਸਾਰਿਆਂ ਲਈ ਬਰਾਬਰ ਮੌਕੇ ਯਕੀਨੀ ਬਣਾਏ ਹਨ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸੂਬੇ ਭਰ ਵਿੱਚ ਸਿਹਤ ਸੰਭਾਲ ਅਤੇ ਲੋਕ ਭਲਾਈ ਪਹਿਲਕਦਮੀਆਂ ਦਾ ਵੱਡੇ ਪੱਧਰ 'ਤੇ ਵਿਸਥਾਰ ਕੀਤਾ ਗਿਆ ਹੈ।

ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਣ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਸੂਬੇ ਭਰ ਵਿੱਚ ਨੌਜਵਾਨਾਂ ਨੂੰ 67,500 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਭਰਤੀਆਂ ਵਿੱਚ ਪੈਸੇ ਦੇ ਲੈਣ-ਦੇਣ ਅਤੇ ਪੱਖਪਾਤ ਦਾ ਯੁੱਗ ਖ਼ਤਮ ਹੋ ਗਿਆ ਹੈ ਅਤੇ ਹੁਣ ਨਿਯੁਕਤੀਆਂ ਸਿਰਫ਼ ਯੋਗਤਾ ਦੇ ਆਧਾਰ 'ਤੇ ਕੀਤੀਆਂ ਜਾਂਦੀਆਂ ਹਨ।



ਪਾਰਦਰਸ਼ੀ ਸ਼ਾਸਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦਹਾਕਿਆਂ ਤੋਂ ਯੋਗ ਨੌਜਵਾਨਾਂ ਨੂੰ ਮੌਕਿਆਂ ਤੋਂ ਵਾਂਝਾ ਰੱਖਿਆ ਗਿਆ ਕਿਉਂਕਿ ਇਸ ਤੋਂ ਪਹਿਲਾਂ ਸਰਕਾਰੀ ਨੌਕਰੀਆਂ ਸਿਫਾਰਸ਼ਾਂ ਅਤੇ ਪੈਸੇ ਬਦਲੇ ਵੰਡੀਆਂ ਜਾਂਦੀਆਂ ਸਨ। ਅਸੀਂ ਇਸ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਅੱਜ ਸਰਕਾਰੀ ਨੌਕਰੀਆਂ ਸਿਰਫ਼ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਜਾ ਰਹੀਆਂ ਹਨ। ਇਹੀ ਕਾਰਨ ਹੈ ਕਿ ਸਾਡੀ ਸਰਕਾਰ ਦੁਆਰਾ ਕੀਤੀ ਗਈ ਇੱਕ ਵੀ ਨਿਯੁਕਤੀ ਨੂੰ ਅਦਾਲਤ ਵਿੱਚ ਚੁਣੌਤੀ ਨਹੀਂ ਦਿੱਤੀ ਗਈ ਹੈ। ਭਰਤੀ ਪ੍ਰਕਿਰਿਆ ਵਿੱਚ ਨੌਜਵਾਨਾਂ ਦਾ ਵਿਸ਼ਵਾਸ ਬਹਾਲ ਹੋ ਗਿਆ ਹੈ ਅਤੇ ਹਰ ਯੋਗ ਉਮੀਦਵਾਰ ਹੁਣ ਜਾਣਦਾ ਹੈ ਕਿ ਹੁਣ ਸਰਕਾਰੀ ਨੌਕਰੀ ਲੈਣ ਲਈ ਸਖ਼ਤ ਮਿਹਨਤ ਅਤੇ ਪ੍ਰਤਿਭਾ ਦਾ ਮੁੱਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਸਥਾਪਿਤ ਕੀਤੇ ਗਏ 990 ਆਮ ਆਦਮੀ ਕਲੀਨਿਕਾਂ ਰਾਹੀਂ ਮੁੱਢਲੀ ਸਿਹਤ ਸੰਭਾਲ ਸੇਵਾ ਪ੍ਰਣਾਲੀ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ। ਉਨ੍ਹਾਂ ਕਿਹਾ, ÷ਇਹ ਕਲੀਨਿਕ 107 ਜ਼ਰੂਰੀ ਦਵਾਈਆਂ ਅਤੇ 47 ਡਾਇਗਨੌਸਟਿਕ ਟੈਸਟ ਮੁਫ਼ਤ ਪ੍ਰਦਾਨ ਕਰਨ ਦੇ ਨਾਲ-ਨਾਲ ਕਿ ਆਈਟੀ-ਸਮਰਥਿਤ ਰੀਅਲ-ਟਾਈਮ ਰਿਪੋਰਟਿੰਗ ਅਤੇ ਕੁਸ਼ਲ ਢੰਗ ਨਾਲ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਨੂੰ ਯਕੀਨੀ ਬਣਾ ਰਹੇ ਹਨ। ਲੋਕਾਂ ਵੱਲੋਂ ਸਰਕਾਰ ਦੀ ਇਸ ਪਹਿਲਕਦਮੀ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ, ਜਿਸ ਤਹਿਤ ਹੁਣ ਤੱਕ 5.54 ਕਰੋੜ ਤੋਂ ਵੱਧ ਓਪੀਡੀ ਵਿਜ਼ਿਟਸ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਲੀਨਿਕਾਂ ਰਾਹੀਂ ਹਰ ਰੋਜ਼ ਲਗਪਗ 84,000 ਮਰੀਜ਼ ਸੇਵਾਵਾਂ ਪ੍ਰਾਪਤ ਕਰ ਰਹੇ ਹਨ, ਜਿਨ੍ਹਾਂ ਵਿੱਚੋਂ 90 ਫੀਸਦ ਤੋਂ ਵੱਧ ਨੂੰ ਮੁਫ਼ਤ ਦਵਾਈ ਕਲੀਨਿਕਾਂ 'ਤੇ ਹੀ ਮਿਲ ਜਾਂਦੀ ਹੈ।

ਸਿਹਤ ਸੰਭਾਲ ਮਾਡਲ ਦੀ ਸਫ਼ਲਤਾ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ÷ਆਮ ਆਦਮੀ ਕਲੀਨਿਕ ਸ਼ੁਰੂ ਕਰਨ ਦੀ ਇਤਿਹਾਸਕ ਪਹਿਲਕਦਮੀ ਬੇਹੱਦ ਪ੍ਰਭਾਵਸ਼ਾਲੀ ਰਹੀ ਹੈ. ਜਿਸ ਤਹਿਤ ਹੁਣ ਤੱਕ 5.54 ਕਰੋੜ ਤੋਂ ਵੱਧ ਓਪੀਡੀ ਵਿਜ਼ਿਟਸ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਲੀਨਿਕਾਂ ਰਾਹੀਂ ਹਰ ਰੋਜ਼ ਲਗਪਗ 84,000 ਮਰੀਜ਼ ਸੇਵਾਵਾਂ ਪ੍ਰਾਪਤ ਕਰ ਰਹੇ ਹਨ, ਜਿਨ੍ਹਾਂ ਵਿੱਚੋਂ 90 ਫੀਸਦ ਤੋਂ ਵੱਧ ਨੂੰ ਕਲੀਨਿਕਾਂ 'ਤੇ ਹੀ ਮੁਫ਼ਤ ਦਵਾਈ ਮਿਲ ਜਾਂਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਲਗਪਗ 97 ਫੀਸਦ ਮਰੀਜ਼ਾਂ ਨੇ ਇਨ੍ਹਾਂ ਕਲੀਨਿਕਾਂ 'ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਨਾਲ ਸੰਤੁਸ਼ਟੀ ਪ੍ਰਗਟ ਕੀਤੀ ਹੈ। ਇਹ ਇਸ ਪਹਿਲਕਦਮੀ ਵਿੱਚ ਲੋਕਾਂ ਦੇ ਅਥਾਹ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ 400 ਹੋਰ ਆਮ ਆਦਮੀ ਕਲੀਨਿਕ ਪ੍ਰਗਤੀ ਅਧੀਨ ਹਨ ਅਤੇ ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਹਰ ਨਾਗਰਿਕ ਮਾਣ-ਸਨਮਾਨ ਨਾਲ ਪਹੁੰਚਯੋਗ ਅਤੇ ਗੁਣਵੱਤਾ ਆਧਾਰਤ ਸਿਹਤ ਸੰਭਾਲ ਸੇਵਾਵਾਂ ਹਾਸਲ ਕਰ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਅਤੇ ਨਸ਼ਾ ਤਸਕਰੀ ਦੇ ਖ਼ਾਤਮੇ ਲਈ ਇੱਕ ਵਿਆਪਕ ਅਤੇ ਠੋਸ ਯਤਨ ਵਜੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵੀ ਸ਼ੁਰੂ ਕੀਤੀ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪੰਜਾਬ ਦੀ ਸਮੁੱਚੀ ਆਬਾਦੀ ਨੂੰ 100 ਫੀਸਦ ਸਿਹਤ ਕਵਰੇਜ ਪ੍ਰਦਾਨ ਕਰਕੇ ਯੂਨੀਵਰਸਲ ਹੈਲਥ ਕਵਰੇਜ ਵੱਲ ਇਤਿਹਾਸਕ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਤਹਿਤ ਹਰ ਪਰਿਵਾਰ ਪੰਜਾਬ ਭਰ ਅਤੇ ਚੰਡੀਗੜ੍ਹ ਵਿੱਚ ਲਗਪਗ 900 ਸਰਕਾਰੀ ਅਤੇ ਪੈਨਲ ਵਿੱਚ ਸ਼ਾਮਲ ਨਿੱਜੀ ਹਸਪਤਾਲਾਂ ਦੇ ਨੈੱਟਵਰਕ ਰਾਹੀਂ 2,356 ਮੈਡੀਕਲ ਅਤੇ ਸਰਜੀਕਲ ਪ੍ਰਕਿਰਿਆਵਾਂ ਲਈ ਸਾਲਾਨਾ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਸਿਹਤ ਕਵਰ ਦਾ ਹੱਕਦਾਰ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਨੀਟ ਵਰਗੀਆਂ ਪ੍ਰੀਖਿਆਵਾਂ ਕਰਵਾਉਣ ਲਈ ਸੁਰੱਖਿਆ ਬਲਾਂ ਨੂੰ ਤਾਇਨਾਤ ਕੀਤਾ ਜਾ ਰਿਹਾ ਹੈ। ਦੇਸ਼ ਭਰ ਵਿੱਚ ਦਰਜਨਾਂ ਪ੍ਰੀਖਿਆ ਪੱਤਰ ਲੀਕ ਹੋਣ ਦੀ ਰਿਪੋਰਟ ਮਿਲ ਰਹੀ ਹੈ, ਜਿਸ ਨਾਲ ਲੱਖਾਂ ਨੌਜਵਾਨਾਂ ਦੇ ਸੁਪਨੇ ਚਕਨਾਚੂਰ ਹੋ ਗਏ ਹਨ। ਹਾਲਾਂਕਿ, ਪੰਜਾਬ ਵਿੱਚ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਇੱਕ ਵੀ ਪ੍ਰੀਖਿਆ ਪੱਤਰ ਲੀਕ ਨਹੀਂ ਹੋਇਆ। ਅਸੀਂ ਪ੍ਰੀਖਿਆ ਪ੍ਰਣਾਲੀ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਨਿਰਪੱਖਤਾ ਯਕੀਨੀ ਬਣਾ ਕੇ ਆਪਣੇ ਨੌਜਵਾਨਾਂ ਦਾ ਭਰੋਸਾ ਬਹਾਲ ਕੀਤਾ ਹੈ।

ਬਿਜਲੀ ਖੇਤਰ ਵਿੱਚ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੱਜ, ਪੰਜਾਬ ਦੇ 90 ਫ਼ੀਸਦ ਤੋਂ ਵੱਧ ਘਰਾਂ ਨੂੰ ਮੁਫਤ ਬਿਜਲੀ ਮਿਲ ਰਹੀ ਹੈ। ਸਾਡੇ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜਿਸ ਨਾਲ ਖੇਤੀਬਾੜੀ ਨੂੰ ਕਾਫ਼ੀ ਲਾਭ ਹੋਇਆ ਹੈ। ਇਕ ਪਾਸੇ ਜਿੱਥੇ ਵੱਡਮੁੱਲੀਆਂ ਜਨਤਕ ਸੰਪਤੀਆਂ ਕੁਝ ਚੋਣਵੇਂ ਲੋਕਾਂ ਨੂੰ ਸੌਂਪੀਆਂ ਜਾ ਰਹੀਆਂ ਹਨ, ਪੰਜਾਬ ਨੇ ਇੱਕ ਪ੍ਰਾਈਵੇਟ ਥਰਮਲ ਪਾਵਰ ਪਲਾਂਟ ਖਰੀਦ ਕੇ ਇਤਿਹਾਸ ਰਚਿਆ ਹੈ। ਸਾਡੀ ਸਰਕਾਰ ਵੱਲੋਂ ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਲੋਕ ਭਲਾਈ ਲਈ ਪੂਰੀ ਸੂਝ ਨਾਲ ਵਰਤਿਆ ਜਾ ਰਿਹਾ ਹੈ। ਸਾਡੀ ਸਰਕਾਰ ਵੱਲੋਂ ਹਰ ਫੈਸਲਾ ਜਨਤਕ ਹਿੱਤਾਂ ਦੀ ਰਾਖੀ ਅਤੇ ਪੰਜਾਬ ਦੇ ਭਵਿੱਖ ਨੂੰ ਮਜ਼ਬੂਤ ਕਰਨ ਲਈ ਲਿਆ ਜਾ ਰਿਹਾ ਹੈ।

ਨਵ-ਨਿਯੁਕਤ ਨੌਜਵਾਨਾਂ ਨੂੰ ਪੂਰੇ ਤਨਦੇਹੀ ਅਤੇ ਵਚਨਬੱਧਤਾ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਅਹੁਦਿਆਂ ਦੀ ਵਰਤੋਂ ਸਮਾਜ ਦੇ ਲੋੜਵੰਦ ਅਤੇ ਪਛੜੇ ਵਰਗਾਂ ਦੀ ਭਲਾਈ ਲਈ ਕਰਨੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ, ਇਹ ਨਿਯੁਕਤੀਆਂ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਕੀਤੀਆਂ ਗਈਆਂ ਹਨ ਅਤੇ ਉਮੀਦਵਾਰਾਂ ਨੇ ਸਖ਼ਤ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਸਫਲਤਾਪੂਰਵਕ ਪਾਸ ਕੀਤੀਆਂ ਹਨ। ਮੁੱਖ ਮੰਤਰੀ ਨੇ ਨੀਟ, ਜੇਈਈ ਅਤੇ ਜੇਈਈ ਐਡਵਾਂਸਡ ਵਰਗੀਆਂ ਪ੍ਰੀਖਿਆਵਾਂ ਵਿੱਚ ਪੰਜਾਬ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਸਕੂਲ ਆਫ਼ ਐਮੀਨੈਂਸ ਵਰਗੀਆਂ ਕ੍ਰਾਂਤੀਕਾਰੀ ਪਹਿਲਕਦਮੀਆਂ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ, ਪੰਜਾਬ ਵਿੱਚ ਜੀਐਸਟੀ (ਵਸਤਾਂ ਅਤੇ ਸੇਵਾਵਾਂ ਟੈਕਸ) ਦੀ ਵਸੂਲੀ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ ਅਤੇ ਇਸ ਵਾਧੂ ਮਾਲੀਏ ਨਾਲ ਲੋਕ ਭਲਾਈ ਅਤੇ ਵਿਕਾਸ ਪ੍ਰੋਜੈਕਟਾਂ ਵਿੱਚ ਨਿਵੇਸ਼ ਕੀਤਾ ਜਾ ਰਿਹਾ ਹੈ।

ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਡੀ ਸਰਕਾਰ ਪੰਜਾਬ ਨੂੰ ਹਰ ਖੇਤਰ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਭਾਵੇਂ ਇਹ ਸਿੱਖਿਆ, ਸਿਹਤ ਸੰਭਾਲ, ਰੁਜ਼ਗਾਰ ਉੱਤਪਤੀ, ਖੇਤੀਬਾੜੀ, ਉਦਯੋਗ ਜਾਂ ਲੋਕ ਭਲਾਈ ਹੋਵੇ, ਅਸੀਂ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰ ਰਹੇ ਹਾਂ। ਪੰਜਾਬ ਅਤੇ ਇਸ ਦੇ ਲੋਕਾਂ ਦੀ ਤਰੱਕੀ, ਖੁਸ਼ਹਾਲੀ ਅਤੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।

ਪਾਰਦਰਸ਼ੀ ਭਰਤੀ ਮੁਹਿੰਮ ਨੇ ਪੰਜਾਬ ਦੇ ਨੌਜਵਾਨਾਂ ਲਈ ਪੈਦਾ ਕੀਤੇ ਨਵੇਂ ਮੌਕੇ ਭਗਵੰਤ ਮਾਨ ਸਰਕਾਰ ਨੇ 2022 ਵਿੱਚ ਸੱਤਾ ਸੰਭਾਲਣ ਤੋਂ ਲੈ ਕੇ ਹੁਣ ਤੱਕ ਇੱਕ ਪਾਰਦਰਸ਼ੀ ਅਤੇ ਯੋਗਤਾ ਅਧਾਰਤ ਭਰਤੀ ਪ੍ਰਕਿਰਿਆ ਰਾਹੀਂ ਸੂਬੇ ਦੇ ਨੌਜਵਾਨਾਂ ਨੂੰ 67,563 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ, ਜਿਸ ਨਾਲ ਸਰਕਾਰੀ ਨੌਕਰੀਆਂ ਲਈ ਸਿਫਾਰਸ਼ਾਂ ਅਤੇ ਪੈਸੇ ਦੀ ਤਾਕਤ ਦਾ ਕਲਚਰ ਖਤਮ ਹੋ ਗਿਆ ਹੈ। ਹਾਲ ਹੀ ਵਿੱਚ ਚਲਾਈ ਗਈ ਭਰਤੀ ਮੁਹਿੰਮ ਦੌਰਾਨ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ 523 ਨਿਯੁਕਤੀ ਪੱਤਰ ਵੰਡੇ ਗਏ, ਜਿਨ੍ਹਾਂ ਵਿੱਚ 178 ਮੈਡੀਕਲ ਅਫਸਰ, 99 ਸਟਾਫ ਨਰਸਾਂ, 124 ਮਲਟੀ-ਪਰਪਜ਼ ਹੈਲਥ ਵਰਕਰ (ਪੁਰਸ਼), 64 ਮਲਟੀ-ਪਰਪਜ਼ ਹੈਲਥ ਵਰਕਰ (ਔਰਤਾਂ), 24 ਡੈਂਟਲ ਟੀਚਿੰਗ ਫੈਕਲਟੀ ਮੈਂਬਰ, 23 ਆਯੁਰਵੈਦਿਕ ਟੀਚਿੰਗ ਫੈਕਲਟੀ ਮੈਂਬਰ ਸਮੇਤ ਕਲੈਰੀਕਲ ਅਤੇ ਸਹਾਇਕ ਸਟਾਫ ਸ਼ਾਮਲ ਹਨ। ਇਸ ਦੇ ਨਾਲ ਹੀ ਸਕੂਲ ਸਿੱਖਿਆ (16,316), ਗ੍ਰਹਿ ਮਾਮਲੇ (14,723), ਬਿਜਲੀ (8,306), ਸਥਾਨਕ ਸਰਕਾਰਾਂ (5,681), ਸਿਹਤ ਅਤੇ ਪਰਿਵਾਰ ਭਲਾਈ (4,235), ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ (2,355), ਮੈਡੀਕਲ ਸਿੱਖਿਆ ਅਤੇ ਖੋਜ (2,143) ਅਤੇ ਜਲ ਸਰੋਤ (2,168) ਸਮੇਤ ਵਿਭਾਗਾਂ ਵਿੱਚ ਵੀ ਵੱਡੀ ਭਰਤੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਹਰੇਕ ਭਰਤੀ ਪੂਰੀ ਤਰ੍ਹਾਂ ਯੋਗਤਾ ਅਤੇ ਪਾਰਦਰਸ਼ਤਾ ਦੇ ਆਧਾਰ 'ਤੇ ਕੀਤੀ ਗਈ ਹੈ, ਜਿਸ ਨਾਲ ਭਰਤੀ ਪ੍ਰਕਿਰਿਆ ਵਿੱਚ ਨੌਜਵਾਨਾਂ ਦਾ ਭਰੋਸਾ ਬਹਾਲ ਹੋਇਆ ਹੈ ਅਤੇ ਸੂਬੇ ਭਰ ਵਿੱਚ ਯੋਗ ਉਮੀਦਵਾਰਾਂ ਲਈ ਬਰਾਬਰ ਮੌਕੇ ਯਕੀਨੀ ਬਣਾਏ ਗਏ ਹਨ।

# ਕੁੱਲ ਹਿੰਦ ਕਿਸਾਨ ਸਭਾ ਵੱਲੋਂ ਤੇਲ ਅਤੇ ਗੈਸ ਦੀਆਂ ਕੀਮਤਾਂ ਵਧਾਉਣ ਤੇ ਕੇਂਦਰ ਸਰਕਾਰ ਦੀ ਨਿੰਦਾ



ਮਾਛੀਵਾੜਾ ਸਾਹਿਬ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕੱਲ ਹਿੰਦ ਕਿਸਾਨ ਸਭਾ ਤਹਿਸੀਲ ਸਮਰਾਲਾ ਦੇ ਸੂਬਾਈ ਆਗੂ ਕਾਮਰੇਡ ਨਿੱਕਾ ਸਿੰਘ ਖੇੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਕਰ ਆਮ ਲੋਕਾਂ ਦਾ ਜਿਉਣਾ ਮੁਸ਼ਕਿਲ ਕਰ ਦਿੱਤਾ ਹੈ ।

ਹੁਣ ਕੇਂਦਰ ਸਰਕਾਰ ਵੱਲੋਂ ਜਾਰੀ ਨਾਦਰਸਾਹੀ ਫੁਰਮਾਨ ਜਾਰੀ ਕਰਦਿਆਂ ਕਿਹਾ ਕਿ ਕਿਸਾਨ ਰੋਜਾਨਾਂ ਸਿਰਫ 200 ਲੀਟਰ ਡੀਜ਼ਲ ਹੀ ਖਰੀਦ ਕਰ ਸਕਦੇ ਹਨ, ਇਸ, ਨਾਲ ਮੁੜ ਕੇਂਦਰ ਦਾ ਕਿਸਾਨ ਵਿਰੋਧੀ ਚਿਹਰਾ ਦੁਨੀਆਂ ਸਾਹਮਣੇ ਆ ਗਿਆ। ਸਮੁੱਚੇ ਪੰਜਾਬ ਅੰਦਰ ਇਸ ਮੌਕੇ ਝੋਨੇ ਦਾ ਸੀਜਨ ਚੱਲ ਰਿਹਾ ਹੈ, ਕਿਸਾਨਾਂ ਨੇ ਖੇਤਾਂ ਵਿਚ ਕੱਦੂ ਕਰਨਾ ਵੀ ਅਰੰਭ ਕਰ ਦਿੱਤਾ ਹੈ । ਟਿਊਬਵੈਲਾਂ ਤੇ ਲਾਈਟ ਜਾਣ ਉਪਰੰਤ ਕਿਸਾਨਾਂ ਨੂੰ ਜਰਨੇਟਰ ਚਲਾਉਣਾ ਪੈਂਦਾ ਹੈ । ਇਸ ਤੋਂ ਇਲਾਵਾ ਕੰਬਾਇਨਾਂ ਨਾਲ ਮੱਕੀ ਦੀ ਕਟਾਈ ਸ਼ੁਰੂ ਹੋ ਚੁੱਕੀ ਹੈ। ਕੁਝ ਕਿਸਾਨ ਟਹਿਲਾਂ ਤੇ ਇੰਜਨ ਰੱਖ ਕੇ ਫਸਲ ਪਾਲਦੇ ਹਨ ਕੇਂਦਰ ਦੇ ਇਸ ਫੈਸਲੇ ਨਾਲ ਇਹਨਾਂ ਸਭਨਾਂ ਨੂੰ ਕਠਿਨਾਈ ਆਵੇਗੀ । ਕੇਂਦਰ ਸਰਕਾਰ ਦੇ ਫੈਸਲੇ ਅਨੁਸਾਰ ਕਿਸਾਨਾਂ ਦਾ ਰੋਜਾਨਾਂ ਖੇਤਾਂ ਵਿੱਚ ਕੰਮ ਕਰਨ ਦਾ ਕੰਮ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਵੇਗਾ, ਅਤੇ ਕਿਸਾਨ ਮਹਿੰਗੇ ਭਾਅ ਡੀਜ਼ਲ ਖਰੀਦਣ ਲਈ ਮਜਬੂਰ ਹੋਵੇਗਾ।ਸਰਕਾਰ ਇਹ ਸਾਰਾ ਕੁਝ ਕਿਸਾਨੀ ਨੂੰ ਰੋਕਣ ਲਈ ਕਰ ਰਹੀ ਹੈ।

ਉਹਨਾਂ ਕਿਹਾ ਕਿ ਕੇਂਦਰ ਸਰਕਾਰ ਇਸ ਕਿਸਾਨ ਵਿਰੋਧੀ ਫੈਸਲੇ ਨੂੰ ਤੁਰੰਤ ਵਾਪਸ ਲਵੇ , ਜੇਕਰ ਕੇਂਦਰ ਸਰਕਾਰ ਨੇ ਆਪਣਾ ਇਹ ਨਾਦਰਸ਼ਾਹੀ ਫਰਮਾਨ ਵਾਪਸ ਨਾ ਲਿਆ ਤਾਂ ਕੁੱਲ ਹਿੰਦ ਕਿਸਾਨ ਸਭਾ ਇਸ ਫੈਸਲੇ ਦਾ ਤਿੱਖਾ ਵਿਰੋਧ ਕਰੇਗੀ।

# ਮਾਛੀਵਾੜਾ ਨਜ਼ਦੀਕੀ ਪਿੰਡ ਤੋਂ ਫੜੇ ਗਏ ਨਸ਼ੇੜੀਆਂ ਦੀ ਵੀਡੀਓ ਚਰਚਾ ਵਿੱਚ

ਮਾਛੀਵਾੜਾ ਸਾਹਿਬ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਨੇੜੇ ਬੀਤੀ ਦਿਨ ਦੁਪਹਿਰੇ ਦੋ ਨਸੇ ?ੜੀ ਨੌਜਵਾਨਾਂ ਵੱਲੋਂ ਇੱਕ ਪ੍ਰਵਾਸੀ ਮਜ਼ਦੂਰ ਦਾ ਮੋਬਾਇਲ ਖੋਹ ਕੇ ਭੱਜਣ ਦੀ ਕੋਸ਼ਿਸ਼ ਕੀਤੀ ਗਈ। ਇਹ ਦੋਨੋਂ ਨੌਜਵਾਨ ਮੋਬਾਈਲ ਖੋਹ ਕੇ ਨਾਲ ਦੇ ਖੇਤਾਂ ਵਿੱਚ ਲੱਗੀ ਹੋਈ ਮੱਕੀ ਦੇ ਵਿੱਚ ਜਾ ਵੜੇ ਸਨ। ਪਰਵਾਸੀ ਮਜ਼ਦੂਰ ਵੱਲੋਂ ਰੌਲਾ ਪਾਉਣ ਤੇ ਲੋਕਾਂ ਦਾ ਵੱਡਾ ਇਕੱਠ ਹੋ ਜਾਂਦਾ ਹੈ ਅਤੇ ਉਨਾਂ ਮੋਬਾਇਲ ਖੋ ਕੇ ਭੱਜਣ ਵਾਲੇ ਨੌਜਵਾਨਾਂ ਨੂੰ ਲੋਕਾਂ ਵੱਲੋਂ ਕਾਬੂ ਕਰਕੇ ਉਹਨਾਂ ਦੀ ਮੌਕੇ ਤੇ ਛਿੱਤਰ ਪਰੇਡ ਵੀ ਕੀਤੀ ਜਾਂਦੀ ਹੈ ਤੇ ਕੁਝ ਵਿਅਕਤੀਆਂ ਵੱਲੋਂ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਤੇ ਵੀ ਪਾ ਦਿੱਤੀ ਜਾਂਦੀ ਹੈ।

ਇਹ ਵੀਡੀਓ ਇਨੀ ਤੇਜ਼ੀ ਨਾਲ ਵਾਇਰਲ ਹੁੰਦੀ ਹੈ ਕਿ ਪੁਲਿਸ ਪ੍ਰਸ਼ਾਸਨ ਵੀ ਹਰਕਤ ਵਿੱਚ ਆਉਂਦਾ ਹੈ ਅਤੇ ਉਹਨਾਂ ਦੋਨਾਂ ਨੌਜਵਾਨਾਂ ਨੂੰ ਥਾਣੇ ਲਿਜਾ ਕੇ ਪੁੱਛਗਿਛ ਕੀਤੀ ਜਾਂਦੀ ਹੈ। ਵਾਇਰਲ ਵੀਡੀਓ ਵਿੱਚ ਉਹ ਨੌਜਵਾਨ ਦੱਸਦੇ ਹਨ ਕਿ ਉਹ ਨਸ਼ਾ ਕਰਨ ਦੇ ਆਦੀ ਹਨ। ਕੁਝ ਲੋਕਾਂ ਦੇ ਉਹ ਨਾਮ ਵੀ ਲੈਂਦੇ ਹਨ ਜਿੰਨਾਂ ਤੋਂ ਉਹ ਨਸ਼ਾ ਪ੍ਰਾਪਤ ਕਰਦੇ ਹਨ। ਨਸ਼ਾ ਕਰਨ ਤੋਂ ਬਾਅਦ ਇਹ ਨੌਜਵਾਨ ਲੋਕਾਂ ਨਾਲ ਲੁੱਟਾਂ ਖੋਹਾਂ ਕਰਦੇ ਹਨ। ਪਿਛਲੇ ਦਿਨੀ ਵੀ ਕੁਝ ਕਿਸਾਨਾਂ ਦੀਆਂ ਮੋਟਰਾਂ ਇਹਨਾਂ ਨਸ਼ੇੜੀਆਂ ਵੱਲੋਂ ਖੋਲੀਆਂ ਗਈਆਂ ਸਨ। ਪੁਲਿਸ ਵੱਲੋਂ ਉਹਨਾਂ ਨਸ਼ੇੜੀ ਨੌਜਵਾਨਾਂ ਨੂੰ ਕਾਬੂ ਕਰਕੇ ਜੇਲ੍ਹ ਵੀ ਭੇਜ ਦਿੱਤਾ ਸੀ। ਇਸ ਸਬੰਧੀ ਜਦੋਂ ਥਾਣਾ ਮੁਖੀ ਪਵਿੱਤਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਆਪਣੇ ਸਾਥੀ ਅਧਿਕਾਰੀਆਂ ਨਾਲ ਇਲਾਕੇ ਵਿੱਚ ਗਸ਼ਤ ਕਰ ਰਹੇ ਸਨ। ਗਸ਼ਤ ਦੌਰਾਨ ਉਨ੍ਹਾਂ ਦੇਖਿਆ ਕਿ ਪਿੰਡ ਬੁਰਜ ਪੱਕਾ ਰੋਪੜ ਰੋਡ ਨੇੜੇ ਮੱਕੀ ਦੇ ਖੇਤਾਂ ਕੋਲ ਕੁਝ ਲੋਕ ਇਕੱਠੇ ਹੋਏ ਸਨ, ਜਿੱਥੇ ਲੋਕਾਂ ਨੇ ਦੋ ਨੌਜਵਾਨਾਂ ਨੂੰ ਕਾਬੂ ਕਰ ਲਿਆ ਸੀ।

ਜਿਨ੍ਹਾਂ ਨੇ ਆਪਣੇ ਨਾਮ ਰਾਜੂ ਪੁੱਤਰ ਕਮਲ ਵਾਸੀ ਮਾਛੀਵਾੜਾ ਖਾਮ ਅਤੇ ਤਰਨਜੀਤ ਸਿੰਘ ਪੁੱਤਰ ਦਿਲਵਾਰਾ ਸਿੰਘ ਵਾਸੀ ਭੌਰਲਾ ਬੇਟ ਥਾਣਾ ਮਾਛੀਵਾੜਾ ਸਾਹਿਬ ਦੱਸੇ, ਉਨ੍ਹਾਂ ਤੋਂ ਕੋਈ ਵੀ ਨਸ਼ੀਲਾ ਪਦਾਰਥ ਬਰਾਮਦ ਨਹੀਂ ਹੋਇਆ ਹੈ। ਉਨ੍ਹਾਂ ਦੀ ਡਾਕਟਰੀ ਜਾਂਚ ਕੀਤੀ ਗਈ ਹੈ, ਅਤੇ ਉਨ੍ਹਾਂ ਵਿਰੁੱਧ ਬਣਦੀ ਧਾਰਾ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ।

ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਇਨੀਆਂ ਵੱਧ ਚੁੱਕੀਆਂ ਹਨ ਕਿ ਸ਼ਹਿਰ ਦੀ ਸੰਘਣੀ ਆਬਾਦੀ ਵਾਲੇ ਖੇਤਰ ਵਿੱਚ ਦੁਪਹਿਰ ਸਮੇਂ ਸ਼੍ਰੀ ਦੁਰਗਾ ਸ਼ਕਤੀ ਮੰਦਰ ਦੇ ਨੇੜੇ ਇੱਕ ਔਰਤ ਪੈਦਲ ਤੁਰੀ ਜਾ ਰਹੀ ਸੀ ਜਿਸ ਕੋਲੋਂ ਮੋਟਰਸਾਈਕਲ ਸਵਾਰ ਨੌਜਵਾਨ ਨੇ ਸ਼ਰੇਆਮ ਮੋਬਾਇਲ ਫ਼ੋਨ ਖੋਹ ਕੇ ਉਥੋਂ ਫਰਾਰ ਹੋ ਗਿਆ।

ਮੋਬਾਇਲ ਫੋਨ ਖੋਹੇ ਜਾਣ ਤੇ ਔਰਤ ਨੇ ਜਦੋਂ ਰੌਲਾ ਪਾਇਆ ਉਦੋਂ ਤੱਕ ਉਹ ਮੋਟਰ ਸਾਈਕਲ ਵਾਲਾ ਨੌਜਵਾਨ ਉਥੋਂ ਰਫੂ ਚੱਕਰ ਹੋ ਚੁੱਕਾ ਸੀ। ਥੋੜੀ ਦੂਰ ਤੱਕ ਉਸ ਦਾ ਪਿੱਛਾ ਵੀ ਕੀਤਾ ਗਿਆ ਪਰ ਉਹ ਹੱਥ ਨਹੀਂ ਆਇਆ। ਇਹ ਸਾਰੀ ਘਟਨਾ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ ਹੋ ਗਈ ਸੀ। ਉਸ ਔਰਤ ਨੇ ਦੱਸਿਆ ਕਿ ਉਹ ਬਾਜ਼ਾਰ ਵਿੱਚੋਂ ਕੁਝ ਸਮਾਨ ਖਰੀਦ ਕੇ ਘਰ ਵਾਪਸ ਜਾ ਰਹੀ ਸੀ ਤਾਂ ਅਚਾਨਕ ਇਹ ਪਿੱਛੋਂ ਆਏ ਨੌਜਵਾਨ ਨੇ ਉਸ ਦਾ ਮੋਬਾਇਲ ਹੱਥ ਵਿੱਚੋਂ ਹੀ ਫੋਨ ਖੋਹ ਲਿਆ।

# ਸਵੈਇੱਛਤ ਡਿਊਟੀਆਂ ਨੂੰ ਧੱਕੇ ਨਾਲ ਅਧਿਆਪਕਾਂ ਤੇ ਥੋਪਣ ਦਾ ਐੱਸ.ਡੀ.ਐੱਮ.ਸਮਰਾਲਾ ਨੂੰ ਮਿਲ ਕੇ ਜਤਾਇਆ ਰੋਸ

## ਸਰਕਾਰੀ ਅਧਿਆਪਕਾਂ ਦੀ ਬਾਂਹ ਮਰੋੜ ਕੇ ਰਾਜਨੀਤਿਕ ਏਜੰਡਿਆਂ ਦਾ ਗੁਣਗਾਨ ਨਹੀਂ ਕਰਵਾਇਆ ਜਾ ਸਕਦਾ ਪੂਰਾ : ਡੀ. ਟੀ. ਐਫ.

ਸਮਰਾਲਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਡਰੱਗ ਕਮ ਸਮਾਜਿਕ-ਆਰਥਿਕ ਸੈਂਸਸ ਦੇ ਨਾਮ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਧਿਆਪਕਾਂ ਤੋਂ ਜਬਰੀ ਗੈਰ-ਵਿੱਦਿਅਕ ਡਿਊਟੀਆਂ ਅਤੇ ਆਪਣੇ ਰਾਜਨੀਤਿਕ ਫਾਇਦਿਆਂ ਨੂੰ ਪੂਰਾ ਕਰਨ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਧੱਕੇ ਨਾਲ ਅਧਿਆਪਕਾਂ ਦੀਆਂ ਡਿਊਟੀਆਂ ਲਾਉਣ ਖਿਲਾਫ ਅੱਜ ਡੈਮੋਕਰੇਟਿਕ ਟੀਚਰਜ਼ ਫਰੰਟ ਸਮਰਾਲਾ ਦੀ ਅਗਵਾਈ ਹੇਠ ਸਮੂਹ ਅਧਿਆਪਕਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਡੀ.ਟੀ.ਐਫ. ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਸਮਰਾਲਾ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਵੱਲੋਂ ਅਖਬਾਰਾਂ ਰਾਹੀਂ ਅਤੇ ਹੋਰ ਸਾਧਨਾਂ ਰਾਹੀਂ ਇਹ ਸਰਵੇ ਲਈ ਸਵੈਇੱਛਤ ਮੁਲਾਜ਼ਮਾਂ ਦੀਆਂ ਡਿਊਟੀਆਂ ਲਗਾਉਣ ਸਬੰਧੀ ਇਸ਼ਤਿਹਾਰ ਦਿੱਤੇ ਗਏ ਹਨ ਪਰ ਦੂਜੇ ਪਾਸੇ ਅਧਿਕਾਰੀਆਂ ਵੱਲੋਂ ਅਧਿਆਪਕਾਂ ਦੀਆਂ ਬਾਹਾਂ ਮਰੋੜ ਕੇ ਜਬਰੀ ਡਿਊਟੀਆਂ ਲਗਾ ਕੇ ਅਧਿਆਪਕਾਂ ਨੂੰ ਡਿਊਟੀ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਪ੍ਰੈੱਸ ਸਕੱਤਰ ਹੁਸ਼ਿਆਰ ਸਿੰਘ ਅਤੇ ਮਨਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸਰਵੇ ਵਿੱਚ ਆਮ ਲੋਕਾਂ ਤੋਂ ਅਜਿਹੇ ਸਵਾਲ ਕੀਤੇ ਜਾਣੇ ਹਨ, ਜਿਸ ਵਿੱਚ ਸਰਕਾਰ ਦੀਆਂ ਸਕੀਮਾਂ ਸਬੰਧੀ ਹੀ ਲੋਕਾਂ ਦੀ ਰਾਏ ਲਈ ਜਾਣੀ ਹੈ ਅਤੇ ਉਹਨਾਂ ਤੋਂ ਇਹ ਵੀ ਪੁੱਛਿਆ ਜਾਵੇਗਾ ਕਿ ਸਰਕਾਰ ਨੂੰ ਹੋਰ ਕਿਹੜੇ ਕੰਮ ਕਰਨੇ ਚਾਹੀਦੇ ਹਨ। ਅਜਿਹੇ ਵਿੱਚ ਪਹਿਲੀ ਨਜ਼ਰ ਵਿੱਚ ਇਹ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਵੱਲੋਂ ਸਰਵੇ ਦੇ ਨਾਂ ਹੇਠ ਇੱਕ ਪਾਰਟੀ ਵਿਸ਼ੇਸ਼ ਲਈ ਕੋਈ ਸਰਵੇ ਜਾਂ ਭਵਿੱਖੀ ਨੀਤੀ ਕਰਨ ਲਈ ਏਜੰਡਾ ਤਿਆਰ ਕਰਵਾਇਆ ਜਾ ਰਿਹਾ ਹੈ। ਜਥੇਬੰਦੀਆਂ ਦੀ ਆਗੂਆਂ ਨੇ ਦੋਸ਼ ਲਗਾਇਆ ਕਿ ਇੱਕ ਪਾਸੇ ਸਰਕਾਰ ਵੱਲੋਂ ਜਨਤਕ ਤੌਰ ਤੇ ਐਲਾਨ ਕੀਤਾ ਗਿਆ ਸੀ ਕਿ ਕਿਸੇ ਵੀ ਅਧਿਆਪਕ ਤੋਂ ਗੈਰ-ਵਿੱਦਿਅਕ ਡਿਊਟੀ ਨਹੀਂ ਕਰਵਾਈ ਜਾਵੇਗੀ। ਅਧਿਆਪਕਾਂ ਨੂੰ ਪੜ੍ਹਾਈ ਲਈ ਸੁਖਾਵਾਂ ਮਾਹੌਲ ਬਣਾਇਆ ਜਾਵੇਗਾ, ਇਸ ਦੇ ਉਲਟ ਇਸ ਸਰਕਾਰ ਵੱਲੋਂ ਲਗਾਤਾਰ ਅਧਿਆਪਕਾਂ ਤੋਂ ਗੈਰ-ਵਿੱਦਿਅਕ ਡਿਊਟੀਆਂ ਕਰਵਾਈਆਂ ਜਾ ਰਹੀਆਂ ਹਨ। ਇੱਥੋਂ ਤੱਕ ਕਿ ਮਰਦਮਸ਼ੁਮਾਰੀ, ਬੀ.ਐਲ.ਓ.ਡਿਊਟੀਆਂ, ਇਲੈਕਸ਼ਨ ਡਿਊਟੀਆਂ ਤੋਂ ਇਲਾਵਾ ਡਰੱਗ ਸੈਂਸਸ, ਤੀਰਥ ਯਾਤਰਾ ਅਤੇ ਹੈਲਥ ਕਾਰਡ ਬਣਾਉਣ ਲਈ ਵੀ ਵੱਡੇ ਪੱਧਰ ਉੱਪਰ ਅਧਿਆਪਕਾਂ ਦੀ ਡਿਊਟੀ ਲਗਾਈ ਗਈ ਹੈ। ਅਧਿਆਪਕ ਲਗਾਤਾਰ ਸਕੂਲਾਂ ਤੋਂ ਬਾਹਰ ਡਿਊਟੀ ਕਰਨ ਲਈ ਮਜਬੂਰ ਕੀਤੇ ਜਾ ਰਹੇ ਹਨ, ਜਿਸਦਾ ਅਸਰ ਵੱਡੀ ਪੱਧਰ ਉੱਤੇ ਗਰੀਬ ਵਿਦਿਆਰਥੀਆਂ ਦੀ ਪੜ੍ਹਾਈ ਉੱਪਰ ਵੀ ਪਿਆ ਹੈ। ਇਨ੍ਹਾਂ ਗੈਰ-ਵਿੱਦਿਅਕ ਡਿਊਟੀਆਂ ਡਰੱਗ ਸੈਂਸਸ ਡਿਊਟੀਆਂ ਦੇ ਵਿਰੋਧ ਵਿੱਚ ਡੈਮੋਕ੍ਰੇਟਿਕ ਟੀਚਰਜ਼ ਫਰੰਟ ਸਮਰਾਲਾ ਦਾ ਵਫਦ ਐੱਸ.ਡੀ.ਐੱਮ.ਸਮਰਾਲਾ ਨੂੰ ਮਿਲਿਆ, ਜਿਸ ਵਿੱਚ ਅਧਿਆਪਕਾਂ ਨੂੰ ਐਸ. ਡੀ.ਐਮ ਦੇ ਮਾੜੇ ਰਵੱਈਏ ਦਾ ਸਾਹਮਣਾ ਕਰਨਾ ਪਿਆ। ਅਧਿਆਪਕ ਆਗੂਆਂ ਨੇ ਦੱਸਿਆ ਕਿ ਜਦੋਂ ਅਧਿਆਪਕਾਂ ਦੁਆਰਾ ਲਗਾਈਆਂ ਗੈਰ ਵਿੱਦਿਅਕ ਡਿਊਟੀਆਂ ਦੇ ਕੁਝ ਦਸਤਾਵੇਜ ਐਸ.ਡੀ.ਐਮ.ਸਮਰਾਲਾ ਨੂੰ ਦਿੱਤੇ ਗਏ ਤਾਂ ਉਹਨਾਂ ਨੇ ਬਿਨ੍ਹਾਂ ਪੜ੍ਹੇ ਅਤੇ ਗੱਲ ਸੁਣੇ ਹੀ ਉਹ ਕਾਗਜ਼ ਵਗਾ ਕੇ ਪਰੇ ਟੇਬਲ ਤੇ ਸੁੱਟ ਦਿੱਤੇ ਅਤੇ ਅਧਿਆਪਕ ਦੀ ਗੱਲ ਸੁਣਨ ਤੋਂ ਇਨਕਾਰ ਕੀਤਾ।



ਅਧਿਆਪਕਾਂ ਤੇ ਧੱਕੇ ਨਾਲ ਜਬਰੀ ਡਰੱਗ ਸੈਂਸਸ ਵਰਗੀ ਸਵੈਇੱਛਤ ਡਿਊਟੀ ਜੁਆਇੰਨ ਕਰਨ ਤੇ ਜ਼ੋਰ ਪਾਇਆ। ਐਸ.ਡੀ.ਐਮ.ਸਮਰਾਲਾ ਵੱਲੋਂ ਅਧਿਆਪਕਾਂ ਨੂੰ ਡਿਊਟੀ ਜੁਆਇਨ ਨਾ ਕਰਨ ਤੇ ਤਨਖਾਹਾਂ ਰੋਕਣ ਅਤੇ ਸਸਪੈਂਡ ਕਰਵਾਉਣ ਦੀ ਧਮਕੀ ਵੀ ਦਿੱਤੀ ਗਈ। ਉਸ ਤੋਂ ਬਾਅਦ ਰੋਹ ਵਿੱਚ ਆਏ ਅਧਿਆਪਕਾਂ ਨੇ ਐਸ.ਡੀ.ਐਮ. ਸਮਰਾਲਾ ਖਿਲਾਫ ਜੋਰਦਾਰ ਨਾਅਰੇਬਾਜ਼ੀ ਕੀਤੀ। ਅਧਿਆਪਕਾਂ ਵੱਲੋਂ ਬੱਚਿਆਂ ਦੀ ਪੜ੍ਹਾਈ ਦਾ ਹਵਾਲਾ ਵੀ ਦਿੱਤਾ ਗਿਆ ਕਿ ਅਧਿਆਪਕਾਂ ਦੀਆਂ ਥੋਕ ਵਿੱਚ ਲਾਈਆਂ ਗੈਰ-ਵਿੱਦਿਅਕ ਡਿਊਟੀਆਂ ਲਗਾਉਣ ਕਾਰਨ ਬੱਚਿਆਂ ਦੇ ਪੜ੍ਹਾਈ ਤੇ ਮਾੜਾ ਅਸਰ ਪੈਂਦਾ ਹੈ। ਪਰ ਉਹਨਾਂ ਨੇ ਇਸ ਗੱਲ ਵੱਲ ਕੋਈ ਗੌਰ ਨਹੀਂ ਕੀਤਾ।

ਅਧਿਆਪਕ ਆਗੂਆਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਭਵਿੱਖ ਵਿੱਚ ਐਸ.ਡੀ.ਐਮ.ਸਮਰਾਲਾ ਵੱਲੋਂ ਅਧਿਆਪਕਾਂ ਪ੍ਰਤੀ ਆਪਣੇ ਮਾੜੇ ਰਵੱਈਏ ਨੂੰ ਠੀਕ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਦੇ ਵਿੱਚ ਡੈਮੋਕ੍ਰੇਟਿਕ ਟੀਚਰਜ਼ ਫਰੰਟ ਸਮਰਾਲਾ ਬਾਕੀ ਭਾਰਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

ਇਸ ਮੌਕੇ ਬਲਜੀਤ ਸਿੰਘ, ਰਾਜਵੀਰ ਸਿੰਘ, ਕੁਲਵੀਰ ਸਿੰਘ, ਸੁਖਦੇਵਜੀਤ ਸਿੰਘ, ਹਰਦਮਨਦੀਪ ਸਿੰਘ, ਕਮਲ ਕ੍ਰਿਸ਼ਨ, ਸੁਰਪ੍ਰੀਤ ਸਿੰਘ, ਕਰਨਵੀਰ ਸਿੰਘ, ਜੈਦੀਪ, ਬਲਰਾਜ ਸਿੰਘ, ਮਨਜਿੰਦਰ ਸਿੰਘ, ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ, ਪਰਮਜੀਤ ਸਿੰਘ, ਟਹਿਲ ਸਿੰਘ ਆਦਿ ਤੋਂ ਇਲਵਾ ਵੱਡੀ ਗਿਣਤੀ ਵਿੱਚ ਅਧਿਆਪਕ ਸਾਥੀ ਹਾਜ਼ਰ ਸਨ।

# ਦਿਹਾੜੀਦਾਰ ਮਜ਼ਦੂਰ ਦੀ ਧੀ ਦਾ IIT ਗੁਵਾਹਾਟੀ ਵਿੱਚ ਦਾਖਲਾ, ਜ਼ਿਲ੍ਹਾ ਪ੍ਰਸ਼ਾਸਨ ਤੇ ਸਮਾਜ ਸੇਵੀਆਂ ਬਣੇ ਮਸੀਹਾ




ਲੁਧਿਆਣਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਾਹਨੇਵਾਲ ਦੀ ਹੋਣਹਾਰ ਵਿਦਿਆਰਥਣ ਹਰਪ੍ਰੀਤ ਕੌਰ ਨੇ 99" ਗੁਵਾਹਾਟੀ ਦੇ ਬੀ.ਐੱਸ.ਸੀ. (ਆਨਰਜ਼) ਡਾਟਾ ਸਾਇੰਸ ਅਤੇ ਆਰਟੀਫ਼ਿਸ਼ਲ ਇੰਟੈਲੀਜੈਂਸ ਕੋਰਸ ਵਿੱਚ ਦਾਖਲਾ ਹਾਸਲ ਕਰਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ।

ਆਰਥਿਕ ਤੰਗੀ ਕਾਰਨ ਦਾਖਲਾ ਫੀਸ ਜਮ੍ਹਾਂ ਕਰਵਾਉਣ ਵਿੱਚ ਮੁਸ਼ਕਲ ਆ ਰਹੀ ਸੀ, ਪਰ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ IAS ਨੇ ਇੱਕ ਲੱਖ ਰੁਪਏ ਦੀ ਸਹਾਇਤਾ ਦੇ ਕੇ ਉਸਦਾ ਸੁਪਨਾ ਸਾਕਾਰ ਕੀਤਾ। ਇਸਦੇ ਨਾਲ ਹੀ ਉਦਯੋਗਪਤੀ ਰਾਕੇਸ਼ ਭਾਰਤੀ ਮਿੱਤਲ ਦੀ ਨੇਹਰੂ ਸਿਧਾਂਤ ਕੇਂਦਰ ਟਰੱਸਟ ਨੇ ਹਰਪ੍ਰੀਤ ਦੀ ਪੂਰੀ ਪੜ੍ਹਾਈ ਦਾ ਖਰਚਾ ਚੁੱਕਣ ਦਾ ਐਲਾਨ ਕੀਤਾ ਹੈ।

ਹਰਪ੍ਰੀਤ ਦੀ ਇਸ ਕਾਮਯਾਬੀ ਅਤੇ ਸਮਾਜ ਵੱਲੋਂ ਮਿਲੇ ਸਹਿਯੋਗ ਨੇ ਇੱਕ ਪ੍ਰੇਰਨਾਦਾਇਕ ਮਿਸਾਲ ਕਾਇਮ ਕੀਤੀ ਹੈ।

## ਭਾਰਤੀ ਜਨਤਾ ਪਾਰਟੀ ਬੁੱਧੀਜੀਵੀ ਸੈੱਲ ਦੀ ਵਿਸ਼ੇਸ਼ ਮੀਟਿੰਗ ਹੋਈ

# 12 ਸਾਲਾਂ ਦੌਰਾਨ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਦੇਸ਼ ਤਰੱਕੀ ਵੱਲ ਵਧਿਆ:ਡਾ. ਪ੍ਰਵੀਨ ਗੋਇਲ




ਮਾਛੀਵਾੜਾ ਸਾਹਿਬ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਬੁੱਧੀਜੀਵੀ ਸੈਲ ਦੀ ਇੱਕ ਵਿਸ਼ੇਸ਼ ਮੀਟਿੰਗ ਮਾਛੀਵਾੜਾ ਸਾਹਿਬ ਦੇ ਬੀਜੇਪੀ ਦਫਤਰ ਵਿਖੇ ਲੋਕ ਸਭਾ ਹਲਕਾ ਫਤਿਹਗੜ੍ਹ ਦੇ ਕਨਵੀਨਰ ਡਾਕਟਰ ਪਰਵੀਨ ਗੋਇਲ ਦੀ ਅਗਵਾਈ ਅਤੇ ਪੀ. ਕੇ ਭਾਰਤਵਾਜ ਸਟੇਟ ਕਨਵੀਨਰ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੋਈ । ਪ੍ਰੈਸ ਨੂੰ ਜਾਣਕਾਰੀ ਦੱਸਿਆ ਡਾਕਟਰ ਪਰਵੀਨ ਗੋਇਲ ਨੇ ਦੱਸਿਆ ਕਿ ਦੇਸ਼ ਵਿੱਚ ਮੋਦੀ ਸਰਕਾਰ ਦੇ 12 ਸਾਲ ਪੂਰੇ ਹੋਣ ਤੇ ਭਾਜਪਾ ਦੇ ਆਗੂਆਂ ਅਤੇ ਵਰਕਰਾਂ ਨੇ ਲੱਡੂ ਵੰਡ ਕੇ ਖੁਸ਼ੀ ਮਨਾਈ ਅਤੇ 12 ਸਾਲਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਹੋਏ ਵਿਕਾਸ ਕਾਰਜਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਉਹਨਾਂ ਨੇ ਕਿਹਾ ਕਿ 4399 ਦਿਨਾਂ ਦੇ ਕਾਰਜ ਕਾਲ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੋਂ ਬਾਅਦ ਸਭ ਤੋਂ ਲੰਬੇ ਸਮੇਂ ਤੱਕ ਦੇਸ਼ ਦੀ ਸੇਵਾ ਕਰਨ ਵਾਲੇ ਪਹਿਲੇ ਪ੍ਰਧਾਨ ਮੰਤਰੀ ਬਣ ਗਏ ਹਨ। ਉਹਨਾਂ ਨੇ ਕਿਹਾ ਕਿ 2014 ਤੋਂ ਲੈ ਕੇ ਹੁਣ ਤੱਕ ਲਗਾਤਾਰ ਤਿੰਨ ਵਾਰ ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਬਣ ਚੁੱਕੇ ਹਨ। ਉਹਨਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਦੇਸ਼ ਬੁਲੰਦੀਆਂ ਨੂੰ ਛੂਹ ਰਿਹਾ ਹੈ। ਉਹਨਾਂ ਦੇ ਕਾਰਜ ਕਾਲ ਦੌਰਾਨ ਹੋਏ ਅਨੇਕਾਂ ਹੀ ਕੰਮਾਂ ਅਤੇ ਉਪਲਬਧੀਆਂ ਦੱਸਿਆ ਜਿਵੇਂ ਕਿ ਗਰੀਬ ਲੋਕਾਂ ਨੂੰ ਲਾਭ ਦੇਣ ਦੇ ਲਈ ਜਨ ਧਨ ਯੋਜਨਾ ਚਲਾਈ ਗਈ। ਸਵੱਛ ਭਾਰਤ ਮਿਸ਼ਨ, ਆਯੁਸ਼ਮਾਨ ਭਾਰਤ, ਰੇਲਵੇ ਦਾ ਆਧੁਨਿਕਕਰਨ, ਜਲ ਜੀਵਨ ਮਿਸ਼ਨ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਯੂ.ਪੀ.ਆਈ, ਮੇਕ ਇਨ ਇੰਡੀਆ, ਸਟਾਰਟ ਅਪ ਇੰਡੀਆ, ਮੁਫਤ ਰਾਸ਼ਨ ਸਕੀਮ, ਉਜਵਲ ਯੋਜਨਾ, ਨਵੇਂ ਅਪਰਾਧਿਤ ਕਾਨੂੰਨਾਂ ਵਿੱਚ ਸੁਧਾਰ, ਰੱਖਿਆ ਤੇ ਵਿਦੇਸ਼ ਨੀਤੀ, ਕਿਸਾਨ ਤੇ ਪੇਂਡੂ ਵਿਕਾਸ ਯੋਜਨਾ ਤੋਂ ਇਲਾਵਾ ਬੁਨਿਆਦੀ ਢਾਂਚੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਉਹਨਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਲਗਾਤਾਰ ਤਰੱਕੀ ਦੇ ਰਾਹ ਤੇ ਵੱਧ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕਪ੍ਰੀਅਤਾ ਆਪਣੇ ਦੇਸ਼ ਤੋਂ ਇਲਾਵਾ ਬਾਹਰਲੇ ਮੁਲਕਾਂ ਵਿੱਚ ਵੀ ਦਿਨੋ ਦਿਨ ਵਧਦੀ ਜਾ ਰਹੀ ਹੈ। 2027 ਵਿੱਚ ਹੋਣ ਜਾ ਰਹੀਆਂ ਚੋਣਾਂ ਵਿੱਚ ਭਾਜਪਾ ਪੰਜਾਬ ਅੰਦਰ ਆਪਣੀ ਸਰਕਾਰ ਬਣਾਵੇਗੀ ਅਤੇ ਪੰਜਾਬ ਦੇ ਰੁਕੇ ਹੋਏ ਵਿਕਾਸ ਨੂੰ ਲੀਹ ਤੇ ਲੈ ਕੇ ਜਾਵੇਗੀ।

# ਸੀਟੀ ਯੂਨੀਵਰਸਿਟੀ ਦੇ ਜ਼ਿੰਬਾਬਵੇ ਦੇ ਵਿਦਿਆਰਥੀ ਨੇ ਸ਼ੁਰੂ ਕੀਤਾ ਕਿਫਾਇਤੀ ਟੈਕਨਾਲੋਜੀ ਉੱਦਮ




ਲੁਧਿਆਣਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸੀਟੀ ਯੂਨੀਵਰਸਿਟੀ ਦੇ ਜ਼ਿੰਬਾਬਵੇ ਤੋਂ ਆਏ ਵਿਦਿਆਰਥੀ ਬ੍ਰਾਈਟ ਕੇ., ਜੋ ਸੋਸ਼ਲ ਵਰਕ ਵਿੱਚ ਆਨਰਜ਼ ਡਿਗਰੀ ਕਰ ਰਹੇ ਹਨ, ਨੇ ਦ ਗੀਡਿੰਗ ਕਲਚਰ ਟੈਕਨਾਲੋਜੀਜ਼ ਨਾਮਕ ਇੱਕ ਨਵਾਂ ਉੱਦਮ ਸ਼ੁਰੂ ਕੀਤਾ ਹੈ। ਇਸ ਉੱਦਮ ਦਾ ਮਕਸਦ ਵਿਦਿਆਰਥੀਆਂ, ਅਧਿਆਪਕਾਂ ਅਤੇ ਪੇਸ਼ੇਵਰਾਂ ਲਈ ਲੈਪਟਾਪ, ਮੈਕਬੁੱਕ, ਕ੍ਰੋਮਬੁੱਕ ਅਤੇ ਹੋਰ ਟੈਕਨਾਲੋਜੀ ਉਪਕਰਣ ਕਿਫਾਇਤੀ ਦਰਾਂ @ਤੇ ਉਪਲਬਧ ਕਰਵਾਉਣਾ ਹੈ।

ਇਸ ਸੇਵਾ ਤਹਿਤ ਖਰੀਦ, ਕਿਰਾਏ ਅਤੇ ਰੈਂਟ-ਟੂ-ਓਨ ਮਾਡਲ ਰਾਹੀਂ ਡਿਜੀਟਲ ਉਪਕਰਣ ਉਪਲਬਧ ਕਰਵਾਏ ਜਾਣਗੇ, ਤਾਂ ਜੋ ਆਰਥਿਕ ਪਾਬੰਦੀਆਂ ਸਿੱਖਿਆ ਅਤੇ ਕਰੀਅਰ ਵਿਕਾਸ ਵਿੱਚ ਰੁਕਾਵਟ ਨਾ ਬਣਨ।

ਉੱਦਮ ਦੇ ਉਦਘਾਟਨ ਮੌਕੇ ਸੀਟੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਨਿਤਿਨ ਟੰਡਨ ਅਤੇ ਡਾਇਰੈਕਟਰ ਸਟੂਡੈਂਟ ਵੈਲਫੇਅਰ ਇਰ. ਦਵਿੰਦਰ ਸਿੰਘ ਨੇ ਬ੍ਰਾਈਟ ਦੀ ਇਸ ਪਹਿਲ ਦੀ ਸ਼ਲਾਘਾ ਕੀਤੀ।

ਯੂਨੀਵਰਸਿਟੀ ਦੇ ਚਾਂਸਲਰ ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਪ੍ਰੋ-ਚਾਂਸਲਰ ਡਾ. ਮਨਬੀਰ ਸਿੰਘ ਨੇ ਵੀ ਇਸ ਉੱਦਮ ਨੂੰ ਵਿਦਿਆਰਥੀ ਉਦਯਮਤਾ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਸ਼ਾਨਦਾਰ ਮਿਸਾਲ ਦੱਸਿਆ।

ਬ੍ਰਾਈਟ ਕੇ. ਨੇ ਕਿਹਾ ਕਿ ਟੈਕਨਾਲੋਜੀ ਤੱਕ ਪਹੁੰਚ ਹਰ ਕਿਸੇ ਲਈ ਮੌਕਾ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਇੱਕ ਵਿਸ਼ੇਸ਼ ਅਧਿਕਾਰ। ਉਨ੍ਹਾਂ ਦਾ ਉੱਦਮ ਇਸੇ ਸੋਚ ਨੂੰ ਅੱਗੇ ਵਧਾਉਣ ਲਈ ਸਮਰਪਿਤ ਹੈ।

# ਜ਼ਿਲ੍ਹੇ ਦੇ ਸਿਨੇਮਾ ਘਰਾਂ ਵਿੱਚ ਦਿਵਿਆਂਗਾਂ ਲਈ ਖ਼ਾਸ ਸਹੂਲਤਾਂ ਲਾਜ਼ਮੀ: ਡੀ.ਐਸ.ਐਸ.ਓ

ਪਟਿਆਲਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਹੈ ਕਿ ਮਾਣਯੋਗ ਦਿੱਲੀ ਹਾਈ ਕੋਰਟ ਵੱਲੋਂ ਰਾਹੁਲ ਸੁਨੀਲ ਬਜਾਜ ਬਨਾਮ ਮਾਈਥਰੀ ਮੂਵੀ ਮੇਕਰਜ਼ ਕੇਸ ਵਿੱਚ ਦਿੱਤੇ ਗਏ ਫੈਸਲੇ ਮੁਤਾਬਕ ਹੁਣ ਸਾਰੇ ਸਿਨੇਮਾ ਘਰਾਂ ਵਿੱਚ ਦਿਵਿਆਂਗ ਲੋਕਾਂ ਲਈ ਖ਼ਾਸ ਪ੍ਰਬੰਧ ਕਰਨੇ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਅਦਾਲਤ ਦੇ ਹੁਕਮਾਂ ਅਤੇ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੀਆਂ ਨਵੀਆਂ ਹਦਾਇਤਾਂ ਤੋਂ ਬਾਅਦ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਇਸ ਕੰਮ ਲਈ ਪੂਰੀ ਤਰ੍ਹਾਂ ਸਰਗਰਮ ਹੋ ਗਿਆ ਹੈ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨੇ ਸਾਫ਼ ਕਿਹਾ ਕਿ ਦੇਸ਼ ਦੇ ਕਾਨੂੰਨ ਅਤੇ ਅਦਾਲਤ ਦੇ ਫੈਸਲੇ ਅਨੁਸਾਰ ਦਿਵਿਆਂਗ ਵਿਅਕਤੀਆਂ ਨੂੰ ਵੀ ਮਨੋਰੰਜਨ ਦੇ ਬਰਾਬਰ ਹੱਕ ਮਿਲਣੇ ਚਾਹੀਦੇ ਹਨ, ਤਾਂ ਜੋ ਉਹ ਵੀ ਬਿਨਾਂ ਕਿਸੇ ਪਰੇਸ਼ਾਨੀ ਦੇ ਫ਼ਿਲਮਾਂ ਦੇਖ ਸਕਣ। ਹਾਈ ਕੋਰਟ ਦੇ ਹੁਕਮਾਂ ਦਾ ਹਵਾਲਾ ਦਿੰਦੇ ਹੋਏ ਵਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿ ਹੁਣ ਸਿਨੇਮਾ ਘਰਾਂ ਵਿੱਚ ਸੁਣਨ ਤੋਂ ਅਸਮਰੱਥ ਲੋਕਾਂ ਲਈ ਸਕ੍ਰੀਨ @ਤੇ ਲਿਖੇ ਹੋਏ ਡਾਇਲਾਗ ਦਿਖਾਉਣੇ ਲਾਜ਼ਮੀ ਹੋਣਗੇ। ਇਸ ਦੇ ਨਾਲ ਹੀ, ਦੇਖਣ ਤੋਂ ਅਸਮਰੱਥ ਲੋਕਾਂ ਲਈ ਖ਼ਾਸ ਹੈੱਡਫ਼ੋਨਾਂ ਦਾ ਪ੍ਰਬੰਧ ਕਰਨਾ ਹੋਵੇਗਾ, ਜਿਸ ਰਾਹੀਂ ਉਹ ਫ਼ਿਲਮ ਦੀ ਕਹਾਣੀ ਬੋਲ ਕੇ ਸੁਣ ਅਤੇ ਸਮਝ ਸਕਣ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਹੁਕਮਾਂ @ਤੇ ਪਟਿਆਲਾ ਦੇ ਸਾਰੇ ਸਿਨੇਮਾ ਹਾਲਾਂ ਦੀ ਮੌਜੂਦਾ ਸਥਿਤੀ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਇੱਕ ਮੁਕੰਮਲ ਰਿਪੋਰਟ ਤਿਆਰ ਕਰਕੇ ਪੰਜਾਬ ਸਰਕਾਰ ਦੇ ਮੁੱਖ ਦਫ਼ਤਰ ਭੇਜੀ ਜਾਵੇਗੀ, ਜਿਸ ਨੂੰ ਅੱਗੇ ਕੇਂਦਰ ਸਰਕਾਰ ਨੂੰ ਸੌਂਪਿਆ ਜਾਣਾ ਹੈ।

# ਨੇਤਾਵਾਂ ਦਾ ਆਪਣੀ ਹੀ ਰਾਜਨੀਤਿਕ ਪਾਰਟੀ ਦੀ ਵਿਚਾਰਧਾਰਾ ਤੋਂ ਮੋਹਭੰਗ ਹੋ ਕੇ ਰਾਜਨੀਤਿਕ ਕਨਵਰਜ਼ਨ: ਲੋਕਤੰਤਰ ਲਈ ਅਭਿਸ਼ਾਪ



**ਚੰਡੀਗੜ੍ਹ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਤੰਤਰ ਦੀ ਮਜ਼ਬੂਤੀ ਵਿਚਾਰਧਾਰਾਵਾਂ, ਸਿਧਾਂਤਾਂ ਅਤੇ ਲੋਕ-ਭਰੋਸੇ 'ਤੇ ਨਿਰਭਰ ਕਰਦੀ ਹੈ। ਰਾਜਨੀਤਿਕ ਦਲ ਕਿਸੇ ਨਾ ਕਿਸੇ ਵਿਚਾਰਧਾਰਾ, ਕਾਰਜਕ੍ਰਮ ਅਤੇ ਜਨਤਕ ਵਚਨਬੱਧਤਾਵਾਂ ਦੇ ਆਧਾਰ 'ਤੇ ਲੋਕਾਂ ਤੋਂ ਸਮਰਥਨ ਪ੍ਰਾਪਤ ਕਰਦੇ ਹਨ। ਪਰ ਹਾਲੀਆ ਵਰ੍ਹਿਆਂ ਵਿੱਚ ਨੇਤਾਵਾਂ ਦਾ ਆਪਣੀ ਹੀ ਪਾਰਟੀ ਦੀ ਵਿਚਾਰਧਾਰਾ ਤੋਂ ਮੋਹਭੰਗ ਹੋ ਕੇ ਵਾਰ-ਵਾਰ ਦਲ ਬਦਲਣਾ—ਜਿਸਨੂੰ ਆਮ ਤੌਰ 'ਤੇ ਰਾਜਨੀਤਿਕ ਕਨਵਰਜ਼ਨ ਕਿਹਾ ਜਾਂਦਾ ਹੈ—ਲੋਕਤੰਤਰਿਕ ਮੂਲਿਆਂ ਲਈ ਗੰਭੀਰ ਚੁਣੌਤੀ ਬਣਦਾ ਜਾ ਰਿਹਾ ਹੈ।

ਰਾਜਨੀਤਿਕ ਕਨਵਰਜ਼ਨ ਉਸ ਵੇਲੇ ਹੁੰਦਾ ਹੈ ਜਦੋਂ ਕੋਈ ਚੁਣਿਆ ਹੋਇਆ ਪ੍ਰਤੀਨਿਧੀ ਜਾਂ ਪ੍ਰਭਾਵਸ਼ਾਲੀ ਨੇਤਾ ਨਿੱਜੀ ਸਵਾਰਥ, ਸੱਤਾ ਦੇ ਸਮੀਕਰਨ, ਅਹੁਦੇ ਦੇ ਲਾਭ ਜਾਂ ਮੌਕਾਪਰਸਤੀ ਦੇ ਚਲਦਿਆਂ ਆਪਣੀ ਪਾਰਟੀ ਛੱਡ ਕੇ ਕਿਸੇ ਹੋਰ ਦਲ ਵਿੱਚ ਸ਼ਾਮਲ ਹੋ ਜਾਂਦਾ ਹੈ। ਇਹ ਪ੍ਰਕਿਰਿਆ ਵਿਚਾਰਧਾਰਾਤਮਕ ਅਸਹਿਮਤੀ ਨਾਲੋਂ ਵੱਧ, ਵਿਆਵਹਾਰਿਕ ਲਾਭ ਅਤੇ ਤੁਰੰਤ ਸੱਤਾ-ਸਾਂਝੇਦਾਰੀ ਤੋਂ ਪ੍ਰੇਰਿਤ ਦਿਖਾਈ ਦਿੰਦੀ ਹੈ। ਨਤੀਜੇ ਵਜੋਂ ਰਾਜਨੀਤੀ ਵਿੱਚ ਸਿਧਾਂਤ ਗੌਣ ਹੋ ਜਾਂਦੇ ਹਨ ਅਤੇ ਲਾਭ-ਹਾਨੀ ਮੁੱਖ ਬਣ ਜਾਂਦੀ ਹੈ।

ਇਸ ਪ੍ਰਵਿਰਤੀ ਦਾ ਸਭ ਤੋਂ ਵੱਡਾ ਨੁਕਸਾਨ ਲੋਕਾਂ ਦੇ ਭਰੋਸੇ 'ਤੇ ਪੈਂਦਾ ਹੈ। ਮਤਦਾਤਾ ਕਿਸੇ ਉਮੀਦਵਾਰ ਨੂੰ ਕੇਵਲ ਵਿਅਕਤੀ ਵਜੋਂ ਨਹੀਂ, ਸਗੋਂ ਉਸਦੀ ਪਾਰਟੀ ਅਤੇ ਵਿਚਾਰਧਾਰਾ ਦੇ ਪ੍ਰਤੀਨਿਧੀ ਵਜੋਂ ਚੁਣਦੇ ਹਨ। ਜਦੋਂ ਉਹੀ ਨੇਤਾ ਚੋਣਾਂ ਤੋਂ ਬਾਅਦ ਜਾਂ ਸੱਤਾ ਦੇ ਸਮੀਕਰਨ ਬਦਲਦੇ ਹੀ ਦਲ ਬਦਲ ਲੈਂਦਾ ਹੈ, ਤਾਂ ਮਤਦਾਤਾ ਨਾਲ ਕੀਤਾ ਗਿਆ ਨੈਤਿਕ ਸਮਝੌਤਾ ਟੁੱਟ ਜਾਂਦਾ ਹੈ। ਇਸ ਨਾਲ ਲੋਕਤੰਤਰ ਦੀ ਆਤਮਾ—ਜਨਤਾ ਦੀ ਆਸਥਾ—ਨੂੰ ਡੂੰਘੀ ਚੋਟ ਪੈਂਦੀ ਹੈ।ਰਾਜਨੀਤਿਕ ਕਨਵਰਜ਼ਨ ਵਿਧਾਨਕ ਅਸਥਿਰਤਾ ਵੀ ਪੈਦਾ ਕਰਦਾ ਹੈ।

ਸਰਕਾਰਾਂ ਗਿਣਤੀ-ਬਲ ਦੇ ਖੇਡ ਵਿੱਚ ਬਣਦੀਆਂ ਤੇ ਡਿੱਗਦੀਆਂ ਹਨ, ਨੀਤੀ-ਨਿਰਧਾਰਣ ਵਿੱਚ ਰੁਕਾਵਟ ਆਉਂਦੀ ਹੈ ਅਤੇ ਵਿਕਾਸਕਾਰੀ ਕੰਮ ਠੱਪ ਹੋ ਜਾਂਦੇ ਹਨ। ਪ੍ਰਸ਼ਾਸਨਕ ਊਰਜਾ ਜਨਹਿਤ ਦੀ ਬਜਾਏ ਰਾਜਨੀਤਿਕ ਜੋੜ-ਤੋੜ ਵਿੱਚ ਖਪ ਜਾਂਦੀ ਹੈ। ਇਸ ਨਾਲ ਸ਼ਾਸਨ ਦੀ ਲਗਾਤਾਰਤਾ ਅਤੇ ਜਵਾਬਦੇਹੀ—ਦੋਵੇਂ ਪ੍ਰਭਾਵਿਤ ਹੁੰਦੀਆਂ ਹਨ।

ਇਸ ਤੋਂ ਇਲਾਵਾ, ਇਹ ਪ੍ਰਵਿਰਤੀ ਰਾਜਨੀਤੀ ਦੇ ਨੈਤਿਕ ਪਤਨ ਨੂੰ ਵੀ ਬੇਨਕਾਬ ਕਰਦੀ ਹੈ। ਜਦੋਂ ਵਿਚਾਰਧਾਰਾ ਦੀ ਥਾਂ ਮੌਕਾਪਰਸਤੀ ਫੈਸਲਾਕੁਨ ਬਣ ਜਾਵੇ, ਤਾਂ ਰਾਜਨੀਤੀ ਸੇਵਾ ਨਹੀਂ ਰਹਿੰਦੀ, ਸੌਦੇਬਾਜ਼ੀ ਬਣ ਜਾਂਦੀ ਹੈ। ਨੌਜਵਾਨ ਪੀੜ੍ਹੀ ਵਿੱਚ ਰਾਜਨੀਤੀ ਪ੍ਰਤੀ ਨਕਾਰਾਤਮਕ ਧਾਰਣਾ ਬਣਦੀ ਹੈ ਅਤੇ ਯੋਗ ਤੇ ਇਮਾਨਦਾਰ ਲੋਕ ਜਨਤਕ ਜੀਵਨ ਤੋਂ ਦੂਰ ਹੁੰਦੇ ਜਾਂਦੇ ਹਨ—ਜੋ ਕਿਸੇ ਵੀ ਲੋਕਤੰਤਰ ਲਈ ਘਾਤਕ ਸੰਕੇਤ ਹੈ।

ਭਾਵੇਂ ਦਲ-ਬਦਲ ਨੂੰ ਰੋਕਣ ਲਈ ਕਾਨੂੰਨ ਮੌਜੂਦ ਹਨ, ਪਰ ਉਨ੍ਹਾਂ ਦੇ ਅਪਵਾਦਾਂ ਅਤੇ ਕਮਜ਼ੋਰ ਲਾਗੂਕਰਨ ਕਾਰਨ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਲੋੜ ਇਸ ਗੱਲ ਦੀ ਹੈ ਕਿ ਦਲ-ਬਦਲ ਵਿਰੋਧੀ ਪ੍ਰਾਵਧਾਨਾਂ ਨੂੰ ਹੋਰ ਸਖ਼ਤ ਕੀਤਾ ਜਾਵੇ, ਨੈਤਿਕ ਆਚਾਰ-ਸੰਹਿਤਾ ਨੂੰ ਪ੍ਰਭਾਵਸ਼ਾਲੀ ਬਣਾਇਆ ਜਾਵੇ, ਅਤੇ ਰਾਜਨੀਤਿਕ ਦਲ ਆਪਣੇ ਅੰਦਰੂਨੀ ਲੋਕਤੰਤਰ ਅਤੇ ਵਿਚਾਰਧਾਰਾਤਮਕ ਤਾਲੀਮ ਨੂੰ ਮਜ਼ਬੂਤ ਕਰਨ। ਨਾਲ ਹੀ, ਮਤਦਾਤਾਵਾਂ ਨੂੰ ਵੀ ਸਚੇਤ ਹੋ ਕੇ ਅਜਿਹੇ ਮੌਕਾਪਰਸਤ ਵਿਹਾਰ ਦਾ ਲੋਕਤੰਤਰਿਕ ਢੰਗ ਨਾਲ ਜਵਾਬ ਦੇਣਾ ਚਾਹੀਦਾ ਹੈ।

ਅੰਤ ਵਿੱਚ, ਰਾਜਨੀਤਿਕ ਕਨਵਰਜ਼ਨ ਲੋਕਤੰਤਰ ਲਈ ਅਭਿਸ਼ਾਪ ਇਸ ਲਈ ਹੈ ਕਿਉਂਕਿ ਇਹ ਵਿਚਾਰਧਾਰਾ, ਭਰੋਸੇ ਅਤੇ ਜਵਾਬਦੇਹੀ—ਤਿੰਨਾਂ ਨੂੰ ਕਮਜ਼ੋਰ ਕਰਦਾ ਹੈ।
ਲੋਕਤੰਤਰ ਤਦੋਂ ਹੀ ਮਜ਼ਬੂਤ ਹੋਵੇਗਾ ਜਦੋਂ ਨੇਤਾ ਸਿਧਾਂਤਾਂ ਪ੍ਰਤੀ ਵਚਨਬੱਧ ਰਹਿਣਗੇ, ਸੱਤਾ ਨੂੰ ਸਾਧਨ ਨਹੀਂ ਸਗੋਂ ਸੇਵਾ ਮੰਨਣਗੇ, ਅਤੇ ਜਨਤਾ ਦੇ ਭਰੋਸੇ ਨੂੰ ਸਰਵੋਪਰੀ ਰੱਖਣਗੇ

# ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਰਾਜਸਥਾਨ ਵਿਧਾਨ ਸਭਾ ਦੀ ਲੋਕ ਲੇਖਾ ਕਮੇਟੀ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ



**ਚੰਡੀਗੜ੍ਹ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਪੰਜਾਬ ਲੋਕ ਭਵਨ, ਚੰਡੀਗੜ੍ਹ ਵਿਖੇ ਰਾਜਸਥਾਨ ਵਿਧਾਨ ਸਭਾ ਦੀ ਲੋਕ ਲੇਖਾ ਕਮੇਟੀ (ਪੀਏਸੀ) ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕੀਤੀ।

ਆਉਣ ਵਾਲੇ ਵਫ਼ਦ ਦਾ ਸੁਆਗਤ ਕਰਦੇ ਹੋਏ, ਸ਼੍ਰੀ ਕਟਾਰੀਆ ਨੇ ਗੁੱਡ ਗਵਰਨੈਂਸ, ਵਿੱਤੀ ਜਵਾਬਦੇਹੀ, ਪਾਰਦਰਸ਼ਤਾ ਅਤੇ ਜਨਤਕ ਮਹੱਤਵ ਦੇ ਵੱਖ-ਵੱਖ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਕਿਹਾ ਕਿ ਲੋਕ ਲੇਖਾ ਕਮੇਟੀਆਂ ਜਨਤਕ ਸੰਸਾਧਨਾਂ ਦੇ ਵਿਵੇਕਪੂਰਨ ਉਪਯੋਗ ਨੂੰ ਸੁਨਿਸ਼ਚਿਤ ਕਰਨ ਦੇ ਨਾਲ-ਨਾਲ ਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਰਾਜਪਾਲ ਨੇ ਕਿਹਾ ਕਿ ਵਿਭਿੰਨ ਰਾਜਾਂ ਦੀਆਂ ਵਿਧਾਨਕ ਸੰਸਥਾਵਾਂ ਦੇ ਦਰਮਿਆਨ ਸੰਵਾਦ ਅਤੇ ਅਨੁਭਵਾਂ ਦਾ ਅਦਾਨ-ਪ੍ਰਦਾਨ ਲੋਕਤੰਤਰੀ ਸ਼ਾਸਨ ਵਿਵਸਥਾ ਨੂੰ ਹੋਰ ਅਧਿਕ ਮਜ਼ਬੂਤ ਬਣਾਉਣ ਅਤੇ ਪ੍ਰਸ਼ਾਸਨਿਕ ਦਕਸ਼ਤਾ ਵਧਾਉਣ ਵਿੱਚ ਮਹੱਤਵਪੂਰਨ ਯੋਗਦਾਨ ਦਿੰਦਾ ਹੈ। ਉਨ੍ਹਾਂ ਨੇ ਸੈਲਾਨੀਆਂ ਨੂੰ ਪੰਜਾਬ ਅਤੇ ਚੰਡੀਗੜ੍ਹ ਦੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਤੋਂ ਵੀ ਜਾਣੂ ਕਰਵਾਇਆ ਅਤੇ ਖੇਤਰ ਵਿੱਚ ਚਲ ਰਹੀਆਂ ਵਿਭਿੰਨ ਵਿਕਾਸਾਤਮਕ ਪਹਿਲਾਂ ਅਤੇ ਪ੍ਰਸ਼ਾਸਨਿਕ ਇਨੋਵੇਸ਼ਨਸ ਦੀ ਜਾਣਕਾਰੀ ਦਿੱਤੀ।ਇਹ ਸੰਵਾਦ ਅਤਿਅੰਤ ਸਦਭਾਵਪੂਰਨ ਅਤੇ ਸੁਹਿਰਦ ਵਾਤਾਵਰਣ ਵਿੱਚ ਸੰਪੰਨ ਹੋਇਆ। ਕਮੇਟੀ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਰਾਜਪਾਲ ਨਾਲ ਗ਼ੈਰ-ਰਸਮੀ ਚਰਚਾ ਕੀਤੀ ਅਤੇ ਪੰਜਾਬ ਲੋਕ ਭਵਨ ਵਿਖੇ ਉਨ੍ਹਾਂ ਨੂੰ ਦਿੱਤੀ ਗਈ ਪ੍ਰਾਹੁਣਾਚਾਰੀ ਦੀ ਸ਼ਲਾਘਾ ਕੀਤੀ।

# ਯੂਟੀ ਚੰਡੀਗੜ੍ਹ ਵਿੱਚ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ) ਜਾਗਰੂਕਤਾ ਮੁਹਿੰਮ ਤੇਜ਼ ਹੋਈ




**ਚੰਡੀਗੜ੍ਹ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਟੀ ਚੰਡੀਗੜ੍ਹ ਵਿੱਚ ਇਲੈਕਟੋਰਲ ਰੋਲਸ ਦੀ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ) ਦੇ ਤਹਿਤ ਗਣਨਾ ਪੜਾਅ ਅੱਜ, 15 ਜੂਨ, 2026 ਨੂੰ ਸ਼ੁਰੂ ਹੋ ਗਿਆ ਹੈ, ਜੋ 14 ਜੁਲਾਈ, 2026 ਤੱਕ ਚਲੇਗਾ। ਰਿਵਿਜ਼ਨ ਪ੍ਰਕਿਰਿਆ ਦੇ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਨਾਗਰਿਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਸੁਨਿਸ਼ਚਿਤ ਕਰਨ ਦੇ ਉਦੇਸ਼ ਨਾਲ ਸ਼ਹਿਰ ਭਰ ਵਿੱਚ ਵਿਭਿੰਨ ਵੋਟਰ ਜਾਗਰੂਕਤਾ ਗਤੀਵਿਧੀਆਂ ਦੀ ਇੱਕ ਸੀਰੀਜ਼ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਸੇ ਕ੍ਰਮ ਵਿੱਚ ਅੱਜ ਸੁਖਨਾ ਲੇਕ 'ਤੇ ਇੱਕ ਵਾਕਾਥੌਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 200 ਤੋਂ ਅਧਿਕ ਆਂਗਣਵਾੜੀ ਵਰਕਰਾਂ ਅਤੇ ਸਿਵਲ ਡਿਫੈਂਸ ਵਲੰਟੀਅਰਾਂ (ਸੀਡੀਵੀਜ਼) ਨੇ ਉਤਸ਼ਾਹਪੂਰਵਕ ਹਿੱਸਾ ਲਿਆ। ਪ੍ਰਤੀਭਾਗੀਆਂ ਨੇ SIR, ਚੰਡੀਗੜ੍ਹ ਹੈ ਤਿਆਰ ਦਾ ਨਾਅਰਾ ਲਗਾਉਂਦੇ ਹੋਏ ਸ਼ੁੱਧ ਅਤੇ ਅਪਡੇਟ ਕੀਤੀਆਂ ਇਲੈਕਟੋਰਲ ਰੋਲਸ ਦੇ ਪ੍ਰਤੀ ਸ਼ਹਿਰ ਦੀ ਪ੍ਰਤੀਬੱਧਤਾ ਨੂੰ ਪ੍ਰਦਰਸ਼ਿਤ ਕੀਤਾ। ਵਲੰਟੀਅਰਾਂ ਨੇ ਆਮ ਨਾਗਰਿਕਾਂ ਨਾਲ ਸੰਵਾਦ ਕਰਕੇ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ/SIR) ਪ੍ਰੋਗਰਾਮ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ।

ਇਸ ਤੋਂ ਪਹਿਲਾਂ ਵੀ ਸ਼ਹਿਰ ਵਿੱਚ ਵਿਭਿੰਨ ਜਾਗਰੂਕਤਾ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਵਿੱਚ 11 ਜੂਨ, 2026 ਨੂੰ ਡੀਏਵੀ ਕਾਲਜ, ਸੈਕਟਰ 10 ਵਿਖੇ ਐੱਨਐੱਸਐੱਸ ਯੂਨਿਟ ਅਤੇ ਇਲੈਕਟੋਰਲ ਲਿਟਰੇਸੀ ਕਲੱਬ (ਈਐੱਲਸੀ/5*3) ਦੇ ਸਹਿਯੋਗ ਨਾਲ ਇੱਕ ਜਾਗਰੂਕਤਾ ਸੈਸ਼ਨ ਆਯੋਜਿਤ ਕੀਤਾ ਗਿਆ।

ਇਸ ਤੋਂ ਇਲਾਵਾ 12 ਜੂਨ, 2026 ਨੂੰ ਜ਼ਾਕਿਰ ਹੁਸੈਨ ਰੋਜ਼ ਗਾਰਡਨ ਵਿਖੇ ਜਾਗਰੂਕਤਾ ਵਾਕ ਅਤੇ 13 ਜੂਨ, 2026 ਨੂੰ ਸੈਕਟਰ 17 ਪਲਾਜ਼ਾ ਵਿਖੇ ਇੱਕ ਹਸਤਾਖਰ ਮੁਹਿੰਮ ਆਯੋਜਿਤ ਕੀਤੇ ਗਏ। ਇਨ੍ਹਾਂ ਗਤੀਵਿਧੀਆਂ ਵਿੱਚ ਲੋਕਾਂ ਨੇ ਸਰਗਰਮ ਭਾਗੀਦਾਰੀ ਕੀਤੀ ਅਤੇ ਇਲੈਕਟੋਰਲ ਰੋਲਸ ਰਿਵਿਜ਼ਨ ਅਤੇ ਵੋਟਰ ਭਾਗੀਦਾਰੀ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਈ ਗਈ।

ਇਹ ਸਾਰੀਆਂ ਗਤੀਵਿਧੀਆਂ ਵੋਟਰ ਜਾਗਰੂਕਤਾ ਨੂੰ ਹੁਲਾਰਾ ਦੇਣ ਅਤੇ ਨਾਗਰਿਕਾਂ ਨੂੰ ਸਪੈਸ਼ਲ ਇੰਟੈਂਸਿਵ ਰਿਵਿਜ਼ਨ ਦੇ ਦੌਰਾਨ ਆਪਣੇ ਚੋਣ ਸਬੰਧੀ ਵੇਰਵਿਆਂ ਦੀ ਪੁਸ਼ਟੀ ਅਤੇ ਅਪਡੇਟ ਕਰਨ ਲਈ ਪ੍ਰੇਰਿਤ ਕਰਨ ਦੇ ਨਿਰੰਤਰ ਪ੍ਰਯਾਸਾਂ ਦਾ ਹਿੱਸਾ ਹਨ। ਇਸ ਪਹਿਲ ਦਾ ਉਦੇਸ਼ ਇਲੈਕਟੋਰਲ ਰੋਲਸ ਨੂੰ ਸ਼ੁੱਧ, ਸਮਾਵੇਸ਼ੀ ਅਤੇ ਅਪ ਟੂ ਡੇਟ ਬਣਾਈ ਰੱਖਣਾ ਹੈ।

ਸਾਰੇ ਪਾਤਰ ਨਾਗਰਿਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸਪੈਸ਼ਲ ਇੰਟੈਂਸਿਵ ਰਿਵਿਜ਼ਨ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਇੱਕ ਪਾਰਦਰਸ਼ੀ, ਸਮਾਵੇਸ਼ੀ ਅਤੇ ਮਜ਼ਬੂਤ ਲੋਕਤੰਤਰੀ ਵਿਵਸਥਾ ਨੂੰ ਮਜ਼ਬੂਤ ਬਣਾਉਣ ਵਿੱਚ ਆਪਣਾ ਯੋਗਦਾਨ ਦੇਣ।

# ਟੈਕਸੀ ਸਟੈਂਡ ਸਾਈਂ ਅਲਾਉਦੀਨ ਜੀ ਦਾ ਸਲਾਨਾ ਭੰਡਾਰਾ ਕਰਵਾਇਆ ਗਿਆ



**ਮਾਛੀਵਾੜਾ ਸਾਹਿਬ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਗਨੀ ਖਾਂ ਨਬੀ ਖਾਂ ਗੇਟ ਨੇੜੇ ਸਥਿਤ ਟੈਕਸੀ ਸਟੈਂਡ ਵਿੱਚ ਸਾਈਂ ਅਲਾਉਦੀਨ ਜੀ ਦਾ ਸਲਾਨਾ ਮੇਲਾ ਤੇ ਭੰਡਾਰਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਅਤੇ ਸਵੇਰ ਤੋਂ ਲੈ ਕੇ ਸ਼ਾਮ ਤੱਕ ਸੈਂਕੜੇ ਸ਼ਰਧਾਲੂਆਂ ਨੇ ਦਰਗਾਹ ਤੇ ਸਿਜਦਾ ਕੀਤਾ।

ਇਸ ਮੌਕੇ ਸਵੇਰੇ ਦਰਗਾਹ ਤੇ ਚਾਦਰ ਚੜ੍ਹਾਉਣ ਦੀ ਰਸਮ ਬਾਬਾ ਦਰਸ਼ਨ ਸਿੰਘ ਬੁੱਲੇਵਾਲ, ਕਾਂਗਰਸ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਅਤੇ ਸਮੂਹ ਟੈਕਸੀ ਸਟੈਂਡ ਦੇ ਡਰਾਈਵਰਾਂ ਵੱਲੋਂ ਸਾਂਝੇ ਰੂਪ ਵਿੱਚ ਅਦਾ ਕੀਤੀ ਗਈ।ਸਵੇਰ ਸਮੇਂ ਤੋਂ ਦੁਪਿਹਰ ਤੱਕ ਚਾਹ ਤੇ ਬਰੈਡ ਪਕੌੜਿਆਂ ਦਾ ਲੰਗਰ ਵਰਤਾਇਆ ਗਿਆ ਤੇ ਦੁਪਹਿਰ 1 ਵਜੇ ਲੰਗਰ ਦੀ ਸ਼ੁਰੂਆਤ ਰੁਪਿੰਦਰ ਸਿੰਘ ਰਾਜਾ ਗਿੱਲ ਅਤੇ ਸਮੁੱਚੀ ਕਾਂਗਰਸ ਟੀਮ ਨੇ ਕਰਵਾਈ।

ਇਸ ਮੌਕੇ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਸਮੂਹ ਟੈਕਸੀ ਡਰਾਈਵਰਾਂ ਨੂੰ ਇਸ ਸਲਾਨਾ ਮੇਲੇ ਦੀ ਮੁਬਾਰਕਬਾਦ ਦਿੰਦਿਆਂ ਵਿਸ਼ਵਾਸ ਦਿਵਾਇਆ ਤੇ ਉਨ੍ਹਾਂ ਦੀ ਹਰ ਸੰਭਵ ਮੱਦਦ ਕਰਨ ਦਾ ਭਰੋਸਾ ਦਿੱਤਾ। ਸ਼ਾਮ ਨੂੰ ਬੈਂਸ ਕੱਵਾਲ ਹੰਬੋਵਾਲ ਤੇ ਸੋਨੂੰ ਸਾਬਰ ਕਵਾਲ ਲੁਧਿਆਣਾ ਨੇ ਦੇਰ ਰਾਤ ਤੱਕ ਸੂਫੀਆਨਾ ਮਹਿਫਲ ਸਜਾਈ। ਇਸ ਮੌਕੇ ਸਮੂਹ ਮਾਂਗਟ ਟੈਕਸੀ ਸਟੈਂਡ ਯੂਨੀਅਨ ਵੱਲੋਂ ਮੁੱਖ ਮਹਿਮਾਨ ਰੁਪਿੰਦਰ ਸਿੰਘ ਰਾਜਾ ਗਿੱਲ ਦਾ ਉਨਾਂ ਦੇ ਪਿਤਾ ਦੀ ਤਸਵੀਰ ਤੇ ਉਹਨਾਂ ਦੀ ਟੀਮ ਦਾ ਸਿਰੋਪਾਉ ਪਾ ਕੇ ਸਨਮਾਨ ਕੀਤਾ ਗਿਆ।

ਇਸ ਮੌਕੇ ਕਾਂਗਰਸ ਦੇ ਬਲਾਕ ਮੀਡੀਆ ਇੰਚਾਰਜ ਵਨੀਤ ਕੁਮਾਰ ਝੜੌਦੀ ਨੇ ਇਸ ਸਲਾਨਾ ਮੇਲੇ ਵਿੱਚ ਪੁੱਜਣ ਤੇ ਰੁਪਿੰਦਰ ਸਿੰਘ ਰਾਜਾ ਗਿੱਲ ਤੇ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ, ਕਾਂਗਰਸ ਦੇ ਬਲਾਕ ਮੀਡੀਆ ਇੰਚਾਰਜ ਵਨੀਤ ਕੁਮਾਰ ਝੜੌਦੀ, ਸ਼ਹਿਰੀ ਪ੍ਰਧਾਨ ਕਪਿਲ ਆਨੰਦ, ਕੌਂਸਲਰ ਸੁਰਿੰਦਰ ਕੁਮਾਰ ਸ਼ਿੰਦੀ, ਜਸਵੀਰ ਸਿੰਘ ਟ੍ਰੈਫਿਕ ਇੰਚਾਰਜ਼ ਮਾਛੀਵਾੜਾ, ਯੁਵਰਾਜਜੀਤ ਸਿੰਘ ਰਾਏ, ਰਣਜੋਧ ਸਿੰਘ ਰਤੀਪੁਰ, ਚੇਤਨ ਕੁਮਾਰ, ਪ੍ਰਧਾਨ ਨੰਦ ਕਿਸ਼ੋਰ, ਸੁਭਾਸ਼ ਬੀਟਨ, ਅਰੁਣ ਖੋਸਲਾ,,ਰਮਨਦੀਪ ਸਿੰਘ ਵੀ ਮੌਜੂਦ ਸਨ। ਟੈਕਸੀ ਸਟੈਂਡ ਦੇ ਡਰਾਈਵਰਾਂ ਵੱਲੋਂ ਸਾਰਾ ਦਿਨ ਸ਼ਰਧਾਲੂਆਂ ਨੂੰ ਲੰਗਰ ਛਕਾ ਕੇ ਸੇਵਾ ਕੀਤੀ।

# ਪਰਮਾਤਮਾ ਨੇ ਮੈਨੂੰ ਬੇਅਦਬੀ ਵਿਰੋਧੀ ਇਤਿਹਾਸਕ ਕਾਨੂੰਨ ਲਿਆਉਣ ਦੀ ਬਲ-ਬੁੱਧੀ ਅਤੇ ਤਾਕਤ ਬਖਸ਼ੀ : ਭਗਵੰਤ ਸਿੰਘ ਮਾਨ

**ਹੁਸ਼ਿਆਰਪੁਰ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਰਵਾਇਤੀ ਸਿਆਸੀ ਪਾਰਟੀਆਂ 'ਤੇ ਤਿੱਖਾ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਧਰਮ ਦੀ ਦੁਰਵਰਤੋਂ ਕਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਬਦਨਾਮ ਕਰਨ ਲਈ ਲਗਾਤਾਰ ਕੂੜ ਪ੍ਰਚਾਰ ਕਰ ਰਹੀਆਂ ਹਨ, ਕਿਉਂਕਿ ਉਹ ਨਾ ਤਾਂ ਇਤਿਹਾਸਕ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ-2026' ਦੇ ਪਾਸ ਹੋਣ ਨੂੰ ਹਜ਼ਮ ਕਰ ਪਾ ਰਹੀਆਂ ਹਨ ਅਤੇ ਨਾ ਹੀ ਇਸ ਗੱਲ ਨੂੰ ਕਿ ਇੱਕ ਆਮ ਘਰ ਦਾ ਪੁੱਤਰ ਪੰਜਾਬ ਵਿੱਚ ਸੁਚੱਜੇ ਢੰਗ ਨਾਲ ਸਰਕਾਰ ਚਲਾ ਰਿਹਾ ਹੈ।
ਚੱਬੇਵਾਲ ਵਿਧਾਨ ਸਭਾ ਹਲਕੇ ਦੇ ਪਿੰਡ ਬਿਹਾਲਾ ਵਿਖੇ 'ਲੋਕ ਮਿਲਣੀ' ਦੌਰਾਨ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਲੋਕਾਂ ਵੱਲੋਂ ਦਿੱਤੇ ਅਥਾਹ ਪਿਆਰ, ਸਤਿਕਾਰ ਅਤੇ ਅਸੀਸਾਂ ਲਈ ਧੰਨਵਾਦ ਕਰਦਿਆਂ ਕਿਹਾ ਕਿ ਜਨਤਾ ਦਾ ਇਹ ਵੱਡਾ ਹੁੰਗਾਰਾ ਸੂਬਾ ਸਰਕਾਰ ਦੀਆਂ ਨੀਤੀਆਂ ਅਤੇ ਨੀਅਤ ਵਿੱਚ ਉਨ੍ਹਾਂ ਦੇ ਅਟੁੱਟ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਇਸ ਲੋਕ ਮਿਲਣੀ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ, ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸੁਣਨ ਲਈ ਨਾ ਸਿਰਫ਼ ਪੰਡਾਲ ਵਿੱਚ ਬਲਕਿ ਆਲੇ-ਦੁਆਲੇ ਦੇ ਘਰਾਂ ਦੀਆਂ ਛੱਤਾਂ, ਬਾਲਕੋਨੀਆਂ ਅਤੇ ਬਨੇਰਿਆਂ 'ਤੇ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਹੋਏ। ਇਲਾਕੇ ਦੇ ਲੋਕਾਂ ਨੇ ਪੂਰੇ ਸਮਾਗਮ ਦੌਰਾਨ ਤਾੜੀਆਂ ਅਤੇ ਜੈਕਾਰਿਆਂ ਨਾਲ ਮੁੱਖ ਮੰਤਰੀ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਪਿੰਡ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਜਾ ਰਹੇ ਲੋਕ ਪੱਖੀ ਕਾਰਜਾਂ ਦੇ ਸਤਿਕਾਰ ਵਜੋਂ ਉਨ੍ਹਾਂ ਨੂੰ ਸਨਮਾਨਿਤ ਕਰਦਿਆਂ ਸ੍ਰੀ ਸਾਹਿਬ (ਤਲਵਾਰ) ਭੇਟ ਕੀਤੀ। ਲੋਕਾਂ ਦੇ ਇਸ ਪਿਆਰ ਅਤੇ ਸਹਿਯੋਗ ਲਈ ਧੰਨਵਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਵੱਲੋਂ ਮਿਲਿਆ ਅਜਿਹਾ ਅਥਾਹ ਪਿਆਰ ਉਨ੍ਹਾਂ ਨੂੰ ਪੰਜਾਬ ਅਤੇ ਇਸ ਦੇ ਲੋਕਾਂ ਦੀ ਭਲਾਈ, ਤਰੱਕੀ ਅਤੇ ਖੁਸ਼ਹਾਲੀ ਲਈ ਦਿਨ-ਰਾਤ ਮਿਹਨਤ ਕਰਨ ਦੇ ਸੰਕਲਪ ਨੂੰ ਹੋਰ ਮਜ਼ਬੂਤ ਕਰਦਾ ਹੈ।

ਲੋਕ ਮਿਲਣੀ ਦੌਰਾਨ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮੈਂ ਅਕਾਲ ਪੁਰਖ ਦਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਮੈਨੂੰ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ-2026' ਲਿਆਉਣ ਦਾ ਮੌਕਾ ਬਖਸ਼ਿਆ। ਜਦੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਤਾਂ ਕਰੋੜਾਂ ਲੋਕਾਂ ਦੇ ਹਿਰਦੇ ਵਲੂੰਧਰੇ ਗਏ। ਹਮੇਸ਼ਾ ਇਹ ਉਮੀਦ ਹੁੰਦੀ ਸੀ ਕਿ ਦੋਸ਼ੀ ਫੜੇ ਜਾਣਗੇ। ਕਈ ਵਾਰ ਉਹ ਗ੍ਰਿਫਤਾਰ ਵੀ ਹੋਏ, ਪਰ ਕਾਨੂੰਨ ਦੀਆਂ ਖਾਮੀਆਂ ਦਾ ਫਾਇਦਾ ਉਠਾ ਕੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਬਿਮਾਰ ਦੱਸ ਕੇ ਸਜ਼ਾ ਤੋਂ ਬਚਾ ਦਿੱਤਾ ਜਾਂਦਾ ਸੀ। ਪਰਮਾਤਮਾ ਨੇ ਮੈਨੂੰ ਕਾਨੂੰਨੀ ਮਾਹਿਰਾਂ ਨਾਲ ਵਿਸਥਾਰਤ ਸਲਾਹ-ਮਸ਼ਵਰਾ ਕਰਕੇ ਇਹ ਬਿੱਲ ਲਿਆਉਣ ਦੀ ਬਲ-ਬੁੱਧੀ ਅਤੇ ਤਾਕਤ ਬਖਸ਼ੀ ਹੈ।

ਮੁੱਖ ਮੰਤਰੀ ਨੇ ਕਿਹਾ, ਸੂਬਾ ਸਰਕਾਰ ਨੇ ਇਸ ਬਿੱਲ ਨੂੰ ਬਹੁਤ ਸਾਵਧਾਨੀ ਨਾਲ ਤਿਆਰ ਕੀਤਾ ਹੈ ਤਾਂ ਜੋ ਭਵਿੱਖ ਵਿੱਚ ਕੋਈ ਵੀ ਸੋਧ ਜਾਂ ਖਾਮੀ ਇਸ ਨੂੰ ਕਮਜ਼ੋਰ ਨਾ ਕਰ ਸਕੇ। ਇਹ ਸਮਾਜ ਵਿਰੋਧੀ ਅਨਸਰਾਂ ਲਈ ਇੱਕ ਸਬਕ ਹੋਵੇਗਾ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕੇਗਾ।
ਅਕਾਲੀਆਂ 'ਤੇ ਤਿੱਖਾ ਹਮਲਾ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, ਜਦੋਂ ਉਹ ਸੱਤਾ ਵਿੱਚ ਸਨ ਤਾਂ ਉਹ ਅਜਿਹਾ ਕਾਨੂੰਨ ਬਣਾਉਣ ਲਈ ਕਦੇ ਵੀ ਗੰਭੀਰ ਨਹੀਂ ਸਨ। ਸੱਚਾਈ ਇਹ ਹੈ ਕਿ ਉਨ੍ਹਾਂ ਦੀ ਨੀਅਤ ਵਿੱਚ ਖੋਟ ਸੀ। ਅਕਾਲੀਆਂ ਨੇ ਆਪਣੇ ਸਿਆਸੀ ਫਾਇਦੇ ਲਈ ਬੇਅਦਬੀ ਦੀਆਂ ਘਟਨਾਵਾਂ ਹੋਣ ਦਿੱਤੀਆਂ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਆਪਣੀਆਂ ਭੁੱਲਾਂ ਵੀ ਮੰਨੀਆਂ ਪਰ ਬਾਅਦ ਵਿੱਚ ਜਨਤਕ ਤੌਰ 'ਤੇ ਮੁੱਕਰ ਗਏ।

# ਐੱਸ.ਆਈ.ਆਰ.-2026: ਵੱਖ-ਵੱਖ ਟੀਮਾਂ ਦੇ ਨੋਡਲ ਅਫਸਰਾਂ ਦੀ ਟ੍ਰੇਨਿੰਗ



**ਸੰਗਰੂਰ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ ਆਈ ਆਰ -2026 ਦੀ ਪ੍ਰਕਿਰਿਆ ਨੂੰ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਸੰਗਰੂਰ ਵਿੱਚ ਗਠਿਤ ਕੀਤੀਆਂ ਗਈਆਂ ਵੱਖ-ਵੱਖ ਟੀਮਾਂ ਦੇ ਨੋਡਲ ਅਫਸਰਾਂ/ਸਹਾਇਕਾਂ ਦੀ ਵਧੀਕ ਡਿਪਟੀ ਕਮਿਸ਼ਨਰ(ਜ)-ਕਮ-ਵਧੀਕ ਜ਼ਿਲ੍ਹਾ ਚੋਣ ਅਫਸਰ, ਸੰਗਰੂਰ ਸ਼੍ਰੀ ਅੰਕੁਰ ਮਹਿੰਦਰੂ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੰਗਰੂਰ ਵਿਖੇ ਮੀਟਿੰਗ-ਕਮ-ਟ੍ਰੇਨਿੰਗ ਹੋਈ।
ਮੀਟਿੰਗ-ਕਮ-ਟ੍ਰੇਨਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਵੱਲੋਂ ਐੱਸ.ਆਈ.ਆਰ-2026 ਦੀ ਪ੍ਰਕਿਰਿਆ ਅਤੇ ਸ਼ਡਿਊਲ ਸਬੰਧੀ ਸਮੂਹ ਨੋਡਲ ਅਫਸਰਾਂ ਨੂੰ ਜਾਣੂ ਕਰਵਾਇਆ ਗਿਆ ਅਤੇ ਵੱਖ-ਵੱਖ ਟੀਮਾਂ ਦੇ ਰੋਲ ਅਤੇ ਜ਼ਿੰਮੇਵਾਰੀਆਂ ਸਬੰਧੀ ਸਮੂਹ ਨੋਡਲ ਅਫਸਰਾਂ ਨੂੰ ਸੁਚੇਤ ਕਰਦੇ ਹੋਏ ਇਸ ਅਹਿਮ ਮਿਤੀਬੱਧ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨ ਲਈ ਕਿਹਾ ਗਿਆ ਤਾਂ ਜੋ ਕਿਸੇ ਵੀ ਵੋਟਰ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਦਰਪੇਸ਼ ਨਾ ਆਵੇ।

ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਤਹਿਤ ਵੋਟਰ ਸੂਚੀ ਦੀ ਮੁਢਲੀ ਪ੍ਰਕਾਸ਼ਨਾ ਮਿਤੀ 03-08-2026 ਨੂੰ ਕੀਤੀ ਜਾਵੇਗੀ। ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਦਾ ਸਮਾਂ ਹੁਣ ਮਿਤੀ 03-08-2026 ਤੋਂ ਮਿਤੀ 02-09-2026 ਤਕ ਹੋਵੇਗਾ। ਦਾਅਵੇ ਅਤੇ ਇਤਰਾਜ਼ਾਂ ਦਾ ਨਿਪਟਾਰਾ ਅਤੇ ਨੋਟਿਸ ਜਾਰੀ ਕਰਨ ਦਾ ਸਮਾਂ ਮਿਤੀ 03-08-2026 ਤੋਂ ਮਿਤੀ 28-09-2026 ਤਕ ਹੈ।

ਇਸ ਮੀਟਿੰਗ ਵਿੱਚ ਚੋਣ ਤਹਿਸੀਲਦਾਰ ਸ਼੍ਰੀਮਤੀ ਪਰਮਜੀਤ ਕੌਰ ਸਮੇਤ ਵੱਖ-ਵੱਖ ਨੋਡਲ ਅਫਸਰ ਹਾਜ਼ਰ ਸਨ।

# ਪੰਜਾਬ ਦੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਸਿਰ.ਫ ਜਾਗਰੂਕਤਾ ਦੀ ਨਹੀਂ, ਸਗੋਂ ਸਮੇਂ ਸਿਰ ਪ੍ਰੇਰਣਾ ਅਤੇ ਮਾਰਗਦਰਸ਼ਨ ਦੀ ਲੋੜ ਹੈ : ਸੀਈਈਡਬਲਿਊ

**ਅੰਮ੍ਰਿਤਸਰ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**


ਪੰਜਾਬ ਵਿੱਚ ਫਸਲਾਂ ਦੀ ਰਹਿੰਦ-ਖੂੰਹਦ (ਪਰਾਲੀ) ਪ੍ਰਬੰਧਨ ਬਾਰੇ ਸੰਚਾਰ ਇੱਕ-ਆਕਾਰ-ਫਿੱਟ-ਸਾਰੇ ਹੱਲ ਤੋਂ ਅੱਗੇ ਵਧਣਾ ਹੋਵੇਗਾ। ਜਾਗਰੂਕਤਾ ਨੂੰ ਪਰਾਲੀ ਨਾ ਜਲਾਉਣ ਦਾ ਇੱਕ ਸਥਾਈ ਵਿਵਹਾਰ ਬਣਾਉਣ ਲਈ, ਕਿਸਾਨਾਂ ਦੇ ਵਿਵਹਾਰ 'ਤੇ ਅਧਾਰਤ ਸੰਚਾਰ ਰਣਨੀਤੀਆਂ ਅਪਣਾਉਣਾ ਜ਼ਰੂਰੀ ਹੈ। ਇਹ ਜਾਣਕਾਰੀ "ਕਾਊਂਸਿਲ ਔਨ ਐਨਆਰਜੀ, ਐਨਵਾਇਰਮੈਂਟ ਐਂਡ ਵਾਟਰ' ਦੇ ਇੱਕ ਨਵੇਂ ਆਜ਼ਾਦ ਅਧਿਐਨ ਵਿੱਚ ਸਾਹਮਣੇ ਆਈ ਹੈ।

ਪ੍ਰਾਰਥਨਾ ਬੋਰਾਹ, ਫੈਲੋ, ਸੀਈਈਡਬਲਯੂ, ਨੇ ਕਿਹਾ, ਪੰਜਾਬ ਨੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਘਟਾਉਣ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ, ਪਰ ਇਸ ਸੁਧਾਰ ਨੂੰ ਕਾਇਮ ਰੱਖਣ ਲਈ ਵਿਆਪਕ ਜਾਗਰੂਕਤਾ ਮੁਹਿੰਮਾਂ ਰਾਹੀਂ ਨਿਸ਼ਾਨਾਬੱਧ ਵਿਵਹਾਰ ਵਿੱਚ ਤਬਦੀਲੀ ਦੀ ਲੋੜ ਹੈ। ਸਾਡਾ ਅਧਿਐਨ ਦਰਸਾਉਂਦਾ ਹੈ ਕਿ ਕਿਸਾਨਾਂ ਵਿੱਚ ਇਰਾਦਿਆਂ ਦੀ ਘਾਟ ਨਹੀਂ ਹੈ; ਬਹੁਤ ਸਾਰੇ ਪਹਿਲਾਂ ਹੀ ਪਰਾਲੀ ਸਾੜਨ ਨੂੰ ਗਲਤ ਮੰਨਦੇ ਹਨ ਅਤੇ ਵਿਕਲਪਾਂ ਦੀ ਖੋਜ ਕਰ ਰਹੇ ਹਨ। ਅਸਲ ਚੁਣੌਤੀ ਕਿਸਾਨਾਂ ਨੂੰ ਸਮੇਂ ਸਿਰ ਅਤੇ ਭਰੋਸੇਮੰਦ, ਵਿਹਾਰਕ ਮਾਰਗਦਰਸ਼ਨ ਪ੍ਰਦਾਨ ਕਰਨਾ ਹੈ, ਜੋ ਉਨ੍ਹਾਂ ਦੀਆਂ ਅਸਲ ਚਿੰਤਾਵਾਂ, ਜਿਵੇਂ ਕਿ ਕੀੜਿਆਂ ਦਾ ਹਮਲਾ, ਮਸ਼ੀਨ ਦੀ ਵਰਤੋਂ, ਲਾਗਤਾਂ ਅਤੇ ਸੀਮਤ ਵਾਢੀ ਦੇ ਸਮਾਂ, ਨੂੰ ਸੰਬੋਧਿਤ ਕਰੇ। ਸੀਈਡਬਲਯੂ ਦਾ ਅਧਿਐਨ, 'ਬਿਹੇਵੀਅਰ ਚੇਂਜ ਏਪਰੋਚਸ ਟੂ ਟੈਕਲ ਸਟੇਬਲ ਬਰਨਿੰਗ ਏਟ ਸਕੇਲ' ਦੱਸਦਾ ਹੈ ਕਿ ਭਲੇ ਹੀ ਸਾਲ 2022 ਤੋਂ ਪਰਾਲੀ ਸਾੜਣ ਦੀਆਂ ਦਰਜ ਘਟਨਾਵਾਂ ਵਿੱਚ ਆਈ ਕਮੀ ਹੈ, ਪਰ ਇਸ ਨੂੰ ਜਲਾਉਣ ਦੀ ਵਿਧੀ ਵਿੱਚ ਸੁਧਾਰ ਅਤੇ ਸੈਟਲਾਈਟ ਤੋਂ ਪਤਾ ਲਗਾਉਣ ਦੀ ਸੀਮਾਵਾਂ ਦੇ ਕਾਰਨ ਹੁਣ ਇਹ ਅੰਕੜੇ ਹਨ। ਇਸਦੇ ਵਿਸ਼ਲੇਸ਼ਣ ਵਿੱਚ ਕਿਸਾਨਾਂ ਦਾ ਵਿਹਾਰ, ਇਸ ਨੂੰ ਜਲਾਉਣ ਦੇ ਸਮੇਂ ਅਤੇ ਉਪਲਬਧ ਵਿਕਲਪਾਂ ਦੀ ਵਰਤੋਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਪੰਜਾਬ ਦੇ ਚਾਰ ਜ਼ਿਲ੍ਹਿਆਂ ਵਿੱਚ 102 ਕਿਸਾਨਾਂ ਦੇ ਵਿਚਕਾਰ ਕੀਤੇ ਗਏ ਇੱਕ ਪ੍ਰਾਇਮਰੀ ਅਤੇ ਗੈਰ-ਪ੍ਰਤੀਨਿਧਿਕ ਸਰਵੇਖਣ, ਫੋਕਸ ਸਮੂਹ ਵਿਚਾਰ-ਵਟਾਂਦਰੇ ਅਤੇ ਸਰਕਾਰੀ ਅਧਿਕਾਰੀਆਂ ਨਾਲ ਗੱਲਬਾਤ ਦੇ ਆਧਾਰ 'ਤੇ ਸੀਈਡਬਲਯੂ ਨੇ ਪਾਇਆ ਹੈ ਕਿ ਜਾਣਕਾਰੀ ਦੀ ਘਾਟ, ਅਵਿਸ਼ਵਾਸ, ਸਮਾਜਿਕ ਮਾਨਤਾਵਾਂ ਅਤੇ ਵਿੱਤੀ ਰੁਕਾਵਟਾਂ ਅਜੇ ਵੀ ਕਿਸਾਨਾਂ ਨੂੰ ਟਿਕਾਊ ਵਿਕਲਪ ਅਪਣਾਉਣ ਤੋਂ ਰੋਕ ਰਹੀਆਂ ਹਨ। ਇਹਨਾਂ ਵਿੱਚੋਂ ਬਹੁਤ ਸਾਰੀਆਂ ਰੁਕਾਵਟਾਂ ਨੂੰ ਪ੍ਰਭਾਵਸ਼ਾਲੀ ਅਤੇ ਸਥਾਨਕ ਤੌਰ 'ਤੇ ਢੁਕਵੇਂ ਸੰਚਾਰ ਦੁਆਰਾ ਹੱਲ ਕੀਤਾ ਜਾ ਸਕਦਾ ਹੈ।

ਅਧਿਐਨ ਨੇ ਮੌਜੂਦਾ 'ਸੂਚਨਾ, ਸਿੱਖਿਆ ਅਤੇ ਸੰਚਾਰ' (953) ਦੀਆਂ ਗਤੀਵਿਧੀਆਂ ਦੇ ਪ੍ਰਭਾਵ ਅਤੇ ਪਹੁੰਚ ਦਾ ਵਿਸ਼ਲੇਸ਼ਣ ਕੀਤਾ ਹੈ। ਇਹ ਸੂਚਨਾ ਦੇਣ ਅਤੇ ਵਿਵਹਾਰ ਵਿੱਚ ਪਰਿਵਰਤਨ ਦੇ ਅੰਤਰ ਨੂੰ ਦੂਰ ਕਰਨ ਲਈ ਇੱਕ ਕੋਸ਼ਿਸ਼ਾਂ ਦਾ ਸੁਝਾਅ ਦੇ ਸਕਦਾ ਹੈ। ਇਸਦੇ ਨਤੀਜੇ '43 ਫ੍ਰੇਮਵਰਕ' - ਕਵਰੇਜ (ਪਹੁੰਚ), ਕਲੇਰਟੀ (ਸਪਸ਼ਟਤਾ), ਕ੍ਰੇਡਿਬਿਲਿਟੀ (ਵਿਸ਼ਵਸਨੀਯਤਾ), ਅਤੇ ਕਨਵਰਜ਼ਨ (ਪਰਿਵਰਤਨ) ਲਈ ਵਰਗੀਕਰਨ ਕੀਤਾ ਗਿਆ ਹੈ। ਸਰਵੇਖਣ ਵਿੱਚ ਸ਼ਾਮਲ 78% ਕਿਸਾਨ ਸਿਖਲਾਈ ਪ੍ਰੋਗਰਾਮਾਂ ਤੋਂ ਅਨਜਾਣ ਸਨ ਅਤੇ 63% ਨੇ ਕਿਹਾ ਕਿ ਉਹਨਾਂ ਨੂੰ ਇਸਦੀ ਕੋਈ ਜਾਣਕਾਰੀ ਨਹੀਂ ਮਿਲਦੀ, ਜਦੋਂ ਕਿ ਉਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਹਾਲਾਂਕਿ, ਸਾਰਿਆਂ ਵਿੱਚ ਸ਼ਾਮਲ ਹੈ 63% ਕਿਸਾਨ, ਜਿਨੰ ਨੇ ਪਰਾਲੀ ਸਾੜਨ ਦੀ ਗੱਲ ਪੂਰੀ ਤਰ੍ਹਾਂ ਛੱਡ ਦਿੱਤੀ ਹੈ, ਪਰ 31% ਕਿਸਾਨ ਹੁਣ ਵੀ ਭਾਗ ਰੂਪ ਤੋਂ ਪਰਾਲੀ ਸਾੜ ਰਹੇ ਹਨ। ਇਹ ਦੱਸਦਾ ਹੈ ਕਿ ਸਿਰਫ਼ ਤੁਹਾਡੀ ਜਾਣਕਾਰੀ ਅਤੇ ਮਸ਼ੀਨਾਂ ਦੀ ਉਪਲਬਧਤਾ ਇਸ ਸਮੱਸਿਆ ਦਾ ਪੂਰੀ ਤਰ੍ਹਾਂ ਹੱਲ ਕਰਨ ਲਈ ਕਾਫ਼ੀ ਨਹੀਂ ਹੈ।

ਕਿਸਾਨ ਪਰਚਿਆਂ ਅਤੇ ਪੈਂਫਲੇਟਾਂ ਨਾਲੋਂ ਲੋਕਾਂ 'ਤੇ ਜ਼ਿਆਦਾ ਭਰੋਸਾ ਕਰਦੇ ਹਨ: ਸੀਈਈਡਬਲਯੂ, ਦੇ ਇੱਕ ਅਧਿਐਨ ਅਨੁਸਾਰ, ਕਿਸਾਨ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਬਾਰੇ ਸਭ ਤੋਂ ਵੱਧ ਜਾਣਕਾਰੀ ਸਾਥੀ ਕਿਸਾਨਾਂ ਤੋਂ ਜਾਂ ਮੂੰਹ-ਜ਼ਬਾਨੀ ਪ੍ਰਾਪਤ ਕਰਦੇ ਹਨ, ਇਸ ਤੋਂ ਬਾਅਦ ਸੋਸ਼ਲ ਮੀਡੀਆ, ਵਟਸਐਪ ਜਾਂ ਆਉਂਦੇ ਹਨ। ਇਸ ਦੇ ਉਲਟ, ਪਰਚੇ, ਪੈਂਫਲੇਟ, ਸਰਕਾਰੀ ਵੈੱਬਸਾਈਟਾਂ ਅਤੇ ਮੋਬਾਈਲ ਐਪਸ ਵਰਗੇ ਰਵਾਇਤੀ ਚੈਨਲਾਂ ਦੀ ਪਹੁੰਚ ਕਾਫ਼ੀ ਘੱਟ ਹੈ। ਸਿੱਧਾ ਸੰਚਾਰ ਸਭ ਤੋਂ ਭਰੋਸੇਮੰਦ ਮਾਧਿਅਮ ਬਣਿਆ ਹੋਇਆ ਹੈ। ਸਰਵੇਖਣ ਕੀਤੇ ਗਏ 62% ਕਿਸਾਨਾਂ ਨੇ ਖੇਤੀਬਾੜੀ ਵਿਸਥਾਰ ਅਧਿਕਾਰੀਆਂ ਵਿੱਚ ਵਿਸ਼ਵਾਸ ਪ੍ਰਗਟ ਕੀਤਾ, ਉਸ ਤੋਂ ਬਾਅਦ ਉਹ ਆਪਣੇ ਸਾਥੀ ਕਿਸਾਨਾਂ ਤੇ ਭਰੋਸਾ ਕਰਦੇ ਹਨ। ਇਹ ਦਰਸਾਉਂਦਾ ਹੈ ਕਿ ਡਿਜੀਟਲ ਮੀਡੀਆ ਕਵਰੇਜ ਵਧਾ ਸਕਦਾ ਹੈ, ਪ੍ਰੰਤੂ ਆਹਮੋ-ਸਾਹਮਣੇ ਗੱਲਬਾਤ ਭਰੋਸੇਯੋਗਤਾ ਬਣਾਉਣ ਲਈ ਮਹੱਤਵਪੂਰਨ ਹੈ।ਸਿਖਲਾਈ ਨੂੰ ਹੋਰ ਵਿਹਾਰਕ ਬਣਾਉਣ ਦੀ ਲੋੜ ਹੈ: ਸਿਖਲਾਈ ਸੈਸ਼ਨਾਂ ਵਿੱਚ ਹਿੱਸਾ ਲੈਣ ਵਾਲੇ ਕਿਸਾਨਾਂ ਨੇ ਦੱਸਿਆ ਕਿ ਇਹ ਸੈਸ਼ਨ ਮੁੱਖ ਤੌਰ 'ਤੇ ਭਾਸ਼ਣ-ਆਧਾਰਤ ਸਨ ਅਤੇ ਖੇਤਾਂ ਵਿੱਚ ਵਿਹਾਰਕ ਪ੍ਰਦਰਸ਼ਨਾਂ ਦੀ ਘਾਟ ਸੀ। ਅਧਿਐਨ ਦਰਸਾਉਂਦਾ ਹੈ ਕਿ 2024-25 ਵਿੱਚ ਪੰਜਾਬ ਵਿੱਚ ਕੁੱਲ 953 ਬਜਟ ਦਾ ਸਿਰਫ਼ 6.59% ਖੇਤਾਂ 'ਤੇ ਵਿਹਾਰਕ ਪ੍ਰਦਰਸ਼ਨਾਂ 'ਤੇ ਖਰਚ ਕੀਤਾ ਗਿਆ ਸੀ, ਜਦੋਂ ਕਿ ਕਿਸਾਨਾਂ ਨੂੰ ਵਿਹਾਰਕ ਤਜਰਬਾ ਪ੍ਰਦਾਨ ਕਰਨਾ ਨਵੀਆਂ ਮਸ਼ੀਨਾਂ ਦੀ ਵਰਤੋਂ ਵਿੱਚ ਵਿਸ਼ਵਾਸ ਪ੍ਰਾਪਤ ਕਰਨ ਲਈ ਬਹੁਤ ਮਹੱਤਵਪੂਰਨ ਹੈ। ਇਸ ਤੋਂ ਇਲਾਵਾ, ਮਸ਼ੀਨਾਂ ਨੂੰ ਅਪਣਾਉਣ ਵਿੱਚ ਗੈਰ-ਰਸਮੀ ਕਿਰਾਏ ਦੇ ਪ੍ਰਬੰਧ ਇੱਕ ਵੱਡੀ ਭੂਮਿਕਾ ਨਿਭਾ ਰਹੇ ਹਨ।

# ਕੇ.ਐਮ.ਪੀ. ਐਕਸਪ੍ਰੈਸਵੇਅ ਵਿਕਸਿਤ ਭਾਰਤ-2047 ਦੀ ਬਣੇਗਾ ਸ਼ਾਨ: ਰਾਓ ਨਰਬੀਰ ਸਿੰਘ



**ਚੰਡੀਗੜ੍ਹ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਨੇ ਕਹਾ ਕਿ ਲਗਭਗ 135 ਕਿਲੋਮੀਟਰ ਲੰਬਾ ਕੁੰਡਲੀ-ਮਾਨੇਸਰ-ਪਲਵਲ (ਕੇ.ਐਮ.ਪੀ.) ਐਕਸਪ੍ਰੈਸ-ਵੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਵਿਕਸਿਤ ਭਾਰਤ-2047' ਦੇ ਵਿਜ਼ਨ ਨੂੰ ਸਾਕਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਰਾਸ਼ਟਰੀ ਰਾਜਧਾਨੀ ਖੇਤਰ ਦੀ ਪਛਾਣ ਅਤੇ ਗੌਰਵ ਦਾ ਪ੍ਰਤੀਕ ਬਣੇਗਾ।

ਉਨ੍ਹਾਂ ਕਿਹਾ ਕਿ ਸਾਲ 2041 ਦੀ ਸੰਭਾਵਿਤ ਆਬਾਦੀ ਅਤੇ ਭਵਿੱਖ ਦੀਆਂ ਵਿਕਾਸ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹਰਿਆਣਾ ਸਰਕਾਰ ਕੇ.ਐਮ.ਪੀ. ਐਕਸਪ੍ਰੈਸ-ਵੇ ਦੇ ਦੋਵੇਂ ਪਾਸੇ ਪੰਜ ਨਵੇਂ ਸ਼ਹਿਰ ਵਿਕਸਿਤ ਕਰਨ ਦੇ ਉਦੇਸ਼ ਨਾਲ 'ਪੰਚਗ੍ਰਾਮ ਵਿਕਾਸ ਅਥਾਰਟੀ' ਦਾ ਗਠਨ ਕਰ ਰਹੀ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀ ਰਾਸ਼ਟਰੀ ਰਾਜਧਾਨੀ ਖੇਤਰ ਯੋਜਨਾ ਬੋਰਡ ਦੀ ਮੀਟਿੰਗ ਵਿੱਚ ਇਸ ਮਹੱਤਵਪੂਰਨ ਪ੍ਰੋਜੈਕਟ ਦਾ ਮੁੱਦਾ ਚੁੱਕਿਆ ਹੈ।

ਰਾਓ ਨਰਬੀਰ ਸਿੰਘ ਨੇ ਕਿਹਾ ਕਿ ਕੇ.ਐਮ.ਪ. ਐਕਸਪ੍ਰੈਸ-ਵੇ ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਦੀ ਇੱਕ ਅਨਮੋਲ ਸੰਪਤੀ ਹੈ। ਰਾਜ ਸਰਕਾਰ ਨੇ ਨਿਵੇਸ਼, ਰੁਜ਼ਗਾਰ ਅਤੇ ਬੁਨਿਆਦੀ ਢਾਂਚੇ ਨੂੰ ਨਵੀਂ ਗਤੀ ਦੇਣ ਲਈ ਉਦਯੋਗਿਕ ਨੀਤੀ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਸਾਲ 2030 ਤੱਕ 10 ਨਵੀਆਂ ਆਈ.ਐਮ.ਟੀ. ਸਥਾਪਿਤ ਕਰਨ ਦਾ ਐਲਾਨ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਪੰਜ ਆਈ.ਐਮ.ਟੀ. ਨੂੰ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਉਨ੍ਹਾਂ ਦੇ ਵਿਕਾਸ ਦੀ ਪ੍ਰਕਿਰਿਆ ਜਾਰੀ ਹੈ। ਪ੍ਰਸਤਾਵਿਤ 10 ਆਈ.ਐਮ.ਟੀ. ਵਿੱਚੋਂ ਤਿੰਨ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਕੇ.ਐਮ.ਪੀ. ਐਕਸਪ੍ਰੈਸ-ਵੇ ਦੇ ਨਾਲ ਵਿਕਸਿਤ ਕੀਤੀਆਂ ਜਾਣਗੀਆਂ।

ਉਦਯੋਗ ਮੰਤਰੀ ਨੇ ਦੱਸਿਆ ਕਿ ਸਾਲ 2026-27 ਦੇ ਲਈ ਉਦਯੋਗ ਵਿਭਾਗ ਦਾ ਬਜਟ 1327.76 ਕਰੋੜ ਰੁਪਏ ਤੋਂ ਵਧਾ ਕੇ 1950.92 ਕਰੋੜ ਰੁਪਏ ਕੀਤਾ ਗਿਆ ਹੈ, ਜੋ ਰਾਜ ਸਰਕਾਰ ਦੀ ਉਦਯੋਗਿਕ ਵਿਕਾਸ ਨੂੰ ਨਵੀਆਂ ਉਚਾਈਆਂ ਤੱਕ ਲੈ ਕੇ ਜਾਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ ਕਿ ਕੇ.ਐਮ.ਪੀ. ਐਕਸਪ੍ਰੈਸ-ਵੇ ਦੇ ਨਾਲ ਵਿਕਸਿਤ ਹੋਣ ਵਾਲੇ ਪੰਜ ਨਵੇਂ ਸ਼ਹਿਰ 'ਵਿਕਸਿਤ ਭਾਰਤ' ਦੇ ਖਿੱਚ ਦਾ ਕੇਂਦਰ ਬਣਨਗੇ ਅਤੇ ਦਿੱਲੀ 'ਤੇ ਵਧ ਰਹੇ ਆਬਾਦੀ ਤੇ ਟ੍ਰੈਫਿਕ ਦੇ ਦਬਾਅ ਨੂੰ ਘੱਟ ਕਰਨ ਵਿੱਚ ਵੀ ਸਹਾਈ ਸਾਬਤ ਹੋਣਗੇ।

ਉਦਯੋਗ ਮੰਤਰੀ ਨੇ ਕਿਹਾ ਕਿ ਹਰਿਤ ਕ੍ਰਾਂਤੀ ਦਾ ਮੋਹਰੀ ਰਿਹਾ ਖੇਤੀ ਪ੍ਰਧਾਨ ਹਰਿਆਣਾ ਦੇ ਗੁਰੂਗ੍ਰਾਮ ਨੇ ਆਈ.ਟੀ. ਹੱਬ ਵਜੋਂ ਸਥਾਪਿਤ ਬੈਂਗਲੁਰੂ ਅਤੇ ਹੈਦਰਾਬਾਦ ਨੂੰ ਪਿੱਛੇ ਛੱਡ ਕੇ ਆਪਣੀ ਗਲੋਬਲ ਪਛਾਣ ਬਣਾਈ ਹੈ। ਆਉਣ ਵਾਲੇ ਸਮੇਂ ਵਿੱਚ ਜਦੋਂ 10 ਨਵੀਆਂ ਆਈ.ਐਮ.ਟੀ. ਵਿਕਸਿਤ ਹੋਣਗੀਆਂ, ਤਾਂ ਹਰਿਆਣਾ ਯਕੀਨੀ ਹੀ ਦੇਸ਼ ਦੀ ਉਦਯੋਗਿਕ ਕ੍ਰਾਂਤੀ ਦਾ ਸਿਰਮੌਰ ਬਣ ਕੇ ਉਭਰੇਗਾ।

# ਖ਼ਰੀਫ਼ ਫ਼ਸਲਾਂ ਲਈ ਰਸਾਇਣਕ ਖਾਦਾਂ ਦੀ ਸਹੀ ਵੰਡ ਕਰੋ ਤਾਂ ਜੋ ਕਿਸਾਨਾਂ ਲਈ ਖਾਦ ਦੀ ਕਮੀ ਨਾ ਰਹੇ : ਸ਼ਿਆਮ ਸਿੰਘ ਰਾਣਾ



**ਚੰਡੀਗੜ੍ਹ, 19 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਸਾਰੇ ਖੇਤੀਬਾੜੀ ਵਿਕਾਸ ਅਧਿਕਾਰੀਆਂ ਨੂੰ ਆਪਣੇ-ਆਪਣੇ ਅਧੀਨ ਖੇਤਰਾਂ ਵਿੱਚ ਖ਼ਰੀਫ਼ ਫ਼ਸਲਾਂ ਲਈ ਰਸਾਇਣਕ ਖਾਦਾਂ ਦੀ ਸਹੀ ਵੰਡ ਯਕੀਨੀ ਬਣਾਉਣ ਦੇ ਸਖ਼ਤ ਨਿਰਦੇਸ਼ ਦਿੱਤੇ ਹਨ, ਤਾਂ ਜੋ ਰਾਜ ਦੇ ਕਿਸਾਨਾਂ ਨੂੰ ਖਾਦ ਦੀ ਕਿਸੇ ਵੀ ਤਰ੍ਹਾਂ ਦੀ ਕਿੱਲਤ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਕਿਹਾ ਕਿ 60 ਫ਼ੀਸਦੀ ਖਾਦ ਹੈਫੇਡ ਰਾਹੀਂ ਪੈਕਸ ਨੂੰ ਭੇਜੀ ਜਾਵੇਗੀ, ਇਸ ਵਿੱਚ ਕੋਤਾਹੀ ਵਰਤਣ ਵਾਲੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਖਾਦ ਦੀ ਜਮ੍ਹਾਖੋਰੀ ਅਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਖ਼ਿਲਾਫ਼ ਪ੍ਰਸ਼ਾਸਨ ਵੱਲੋਂ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ੍ਰੀ ਰਾਣਾ ਅੱਜ ਚੰਡੀਗੜ੍ਹ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਰਾਜ ਦੇ ਸਾਰੇ ਜ਼ਿਲ੍ਹਿਆਂ ਦੇ ਖੇਤੀਬਾੜੀ ਅਧਿਕਾਰੀਆਂ ਨਾਲ ਖ਼ਰੀਫ਼ ਫ਼ਸਲ ਲਈ ਖਾਦ ਵੰਡ, 'ਖੇਤ ਬਚਾਓ' ਮੁਹਿੰਮ ਅਤੇ ਕੁਦਰਤੀ ਖੇਤੀ ਨਾਲ ਜੁੜੇ ਅਹਿਮ ਮੁੱਦਿਆਂ 'ਤੇ ਸੰਵਾਦ ਕਰ ਰਹੇ ਸਨ।

ਇਸ ਉੱਚ ਪੱਧਰੀ ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਜੇਂਦਰ ਕੁਮਾਰ ਅਤੇ ਡਾਇਰੈਕਟਰ ਜਨਰਲ ਸ੍ਰੀ ਰਾਜਨਾਰਾਇਣ ਕੌਸ਼ਿਕ ਸਮੇਤ ਕਈ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਮੀਟਿੰਗ ਦੌਰਾਨ ਖੇਤੀਬਾੜੀ ਮੰਤਰੀ ਨੇ ਜ਼ਿਲ੍ਹੇਵਾਰ ਯੂਰੀਆ, ਡੀ.ਏ.ਪੀ. ਅਤੇ ਹੋਰ ਰਸਾਇਣਕ ਖਾਦਾਂ ਦੀ ਉਪਲਬਧਤਾ ਦੀ ਡੂੰਘੀ ਸਮੀਖਿਆ ਕੀਤੀ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਸਰਗਰਮ ਪ੍ਰਾਈਵੇਟ ਡੀਲਰਾਂ 'ਤੇ ਤਿੱਖੀ ਨਜ਼ਰ ਰੱਖਣ ਅਤੇ ਇਹ ਯਕੀਨੀ ਬਣਾਉਣ ਕਿ ਕਿਧਰੇ ਵੀ ਖਾਦ ਦੀ ਦੁਰਵਰਤੋਂ ਨਾ ਹੋਵੇ। ਇਸ ਦੇ ਨਾਲ ਹੀ, ਕੁਝ ਜ਼ਿਲ੍ਹਿਆਂ ਵਿੱਚ ਖਾਦ ਦੀ ਨਿਰਧਾਰਿਤ ਗਿਣਤੀ ਤੋਂ ਵੱਧ ਖਪਤ ਪਾਏ ਜਾਣ 'ਤੇ ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਤੋਂ ਜਵਾਬ-ਤਲਬੀ ਵੀ ਕੀਤੀ।

ਕਿਸਾਨਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨਿਰਦੇਸ਼ ਦਿੱਤੇ ਕਿ ਪਿੰਡਾਂ ਵਿੱਚ ਸਥਿਤ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਕਮੇਟੀਆਂ (ਪੈਕਸ) ਵਿੱਚ ਖਾਦ ਦੀ ਸਮੇਂ ਸਿਰ ਸਪਲਾਈ ਕੀਤੀ ਜਾਵੇ, ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਹੀ ਆਸਾਨੀ ਨਾਲ ਖਾਦ ਮਿਲ ਸਕੇ।

ਕਾਲਾਬਾਜ਼ਾਰੀ 'ਤੇ ਪੂਰੀ ਤਰ੍ਹਾਂ ਲਗਾਮ ਲਗਾਉਣ ਦੇ ਉਦੇਸ਼ ਨਾਲ ਸ੍ਰੀ ਰਾਣਾ ਨੇ ਕਿਹਾ ਕਿ 'ਮੇਰੀ ਫਸਲ ਮੇਰਾ ਬਿਓਰਾ' ਪੋਰਟਲ 'ਤੇ ਦਰਜ ਜ਼ਮੀਨ ਦੇ ਅਧਿਕਾਰਤ ਅੰਕੜਿਆਂ ਦੇ ਅਧਾਰ 'ਤੇ ਹੀ ਖਾਦ ਦੀ ਵੰਡ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਕੋਈ ਵੀ ਗ਼ੈਰ-ਕਿਸਾਨ ਇਸ ਵਿਵਸਥਾ ਦਾ ਨਾਜਾਇਜ਼ ਫ਼ਾਇਦਾ ਨਾ ਚੁੱਕ ਸਕਣ।

ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਕੋਈ ਵੀ ਪ੍ਰਾਈਵੇਟ ਡੀਲਰ ਕਿਸਾਨਾਂ ਨੂੰ ਖਾਦ ਦੇ ਨਾਲ ਹੋਰ ਗ਼ੈਰ-ਜ਼ਰੂਰੀ ਸਾਮਾਨ ਜ਼ਬਰਦਸਤੀ ਟੈਗ ਕਰਕੇ ਵੇਚਣ ਦੀ ਕੋਸ਼ਿਸ਼ ਨਾ ਕਰੇ। ਇਸ ਤਰ੍ਹਾਂ ਦੀ ਮਨਮਾਨੀ ਨੂੰ ਰੋਕਣ ਲਈ ਉਨ੍ਹਾਂ ਨੇ ਖੇਤੀਬਾੜੀ ਵਿਕਾਸ ਅਧਿਕਾਰੀਆਂ ਨੂੰ ਸਮੇਂ-ਸਮੇਂ 'ਤੇ ਅਚਾਨਕ ਚੈਕਿੰਗ ਅਤੇ ਜਾਂਚ ਕਰਨ ਦੇ ਆਦੇਸ਼ ਦਿੱਤੇ।

ਇਸ ਤੋਂ ਇਲਾਵਾ, ਸ੍ਰੀ ਸ਼ਿਆਮ ਸਿੰਘ ਰਾਣਾ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਵਿਜ਼ਨ ਦੇ ਅਨੁਕੂਲ ਚਲਾਈਆਂ ਜਾ ਰਹੀਆਂ 'ਖੇਤ ਬਚਾਓ' ਅਤੇ 'ਕੁਦਰਤੀ ਖੇਤੀ' ਮੁਹਿੰਮਾਂ ਦੀ ਪ੍ਰਗਤੀ ਦੀ ਵੀ ਸਮੀਖਿਆ ਕੀਤੀ।

ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਧਰਾਤਲ 'ਤੇ ਉਤਰ ਕੇ ਕਿਸਾਨਾਂ ਨੂੰ ਦੇਸੀ ਗਾਂ ਦੇ ਗੋਬਰ ਤੋਂ ਤਿਆਰ ਖਾਦ ਅਤੇ ਜੀਵਾਮ੍ਰਿਤ ਦੇ ਫ਼ਾਇਦਿਆਂ ਪ੍ਰਤੀ ਜਾਗਰੂਕ ਕਰਨ। ਇਸ ਮੁਹਿੰਮ ਤਹਿਤ ਆਯੋਜਿਤ ਕੀਤੇ ਜਾ ਰਹੇ ਕਿਸਾਨ-ਕੈਂਪਾਂ ਦੀ ਚਰਚਾ ਕਰਦੇ ਹੋਏ ਉਨ੍ਹਾਂ ਨੇ ਅਧਿਕਾਰੀਆਂ ਨੂੰ ਆਗਾਮੀ 30 ਜੂਨ ਤੱਕ ਨਿਰਧਾਰਿਤ ਟੀਚਿਆਂ ਨੂੰ ਹਰ ਹਾਲ ਵਿੱਚ ਪੂਰਾ ਕਰਨ ਦੀ ਸਮਾਂ-ਸੀਮਾ ਤੈਅ ਕੀਤੀ।

ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅਧਿਕਾਰੀਆਂ ਨੂੰ ਸਲਾਹ ਦਿੱਤੀ ਕਿ ਉਹ ਕਿਸਾਨਾਂ ਨੂੰ ਲਗਾਤਾਰ ਕੁਦਰਤੀ ਖੇਤੀ ਵੱਲ ਪ੍ਰੇਰਿਤ ਕਰਨ, ਜਿਸ ਨਾਲ ਰਸਾਇਣਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਨੂੰ ਘੱਟ ਕੀਤਾ ਜਾ ਸਕੇ; ਕਿਉਂਕਿ ਇਸ ਨਾਲ ਨਾ ਸਿਰਫ ਖੁਰਾਕ ਪਦਾਰਥਾਂ ਦੀ ਗੁਣਵੱਤਾ ਸ਼ੁੱਧ ਹੋਵੇਗੀ, ਸਗੋ ਆਮ ਜਨਤਾ ਨੂੰ ਵੀ ਗੰਭੀਰ ਬੀਮਾਰੀਆਂ ਤੋਂ ਬਚਾਇਆ ਜਾ ਸਕੇਗਾ।

# ਹੈਂ ! ਪੜ੍ਹਾਈ ਛੱਡ ਹੁਣ ਤੂੜੀ ਦਾ ਪ੍ਰਬੰਧ ਕਰਨਗੇ 'ਮਾਸਟਰ ਜੀ', ਬਰੇਲੀ ਦੇ ਬੇਸਿਕ ਸਿੱਖਿਆ ਵਿਭਾਗ ਦਾ ਹੁਕਮ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 19 ਜੂਨ। ਉੱਤਰ ਪ੍ਰਦੇਸ਼ ਦੇ ਬਰੇਲੀ ਜ਼ਿਲ੍ਹੇ 'ਚ ਬੇਸਿਕ ਸਿੱਖਿਆ ਵਿਭਾਗ ਦਾ ਇੱਕ ਫਰਮਾਨ ਚਰਚਾ ਤੇ ਵਿਵਾਦ ਦਾ ਵਿਸ਼ਾ ਬਣ ਗਿਆ ਹੈ। ਵਿਭਾਗ ਨੇ ਇੱਕ ਹੁਕਮ ਜਾਰੀ ਕਰਕੇ ਸਕੂਲਾਂ ਨੂੰ ਬੇਸਹਾਰਾ ਗਊਆਂ ਲਈ 46 ਕਿੱਲੋ ਤੂੜੀ ਦਾਨ ਕਰਨ ਲਈ ਕਿਹਾ ਹੈ। ਸਭ ਤੋਂ ਹੈਰਾਨੀਜਨਕ ਗੱਲ ਇਹ ਹੈ ਕਿ ਇਸ ਹੁਕਮ ਦੀ ਪਾਲਣਾ ਨਾ ਕਰਨ ਵਾਲੇ ਅਧਿਆਪਕਾਂ ਵਿਰੁੱਧ ਸਖ਼ਤ ਵਿਭਾਗੀ ਕਾਰਵਾਈ ਕਰਨ ਦੀ ਚਿਤਾਵਨੀ ਵੀ ਦਿੱਤੀ ਗਈ ਹੈ, ਜਿਸ ਕਾਰਨ ਜ਼ਿਲ੍ਹੇ ਦੇ ਅਧਿਆਪਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਨਵਾਬਗੰਜ ਦੇ ਬਲਾਕ ਸਿੱਖਿਆ ਅਧਿਕਾਰੀ ਸਤਿਆਦੇਵ ਵੱਲੋਂ ਜਾਰੀ ਕੀਤੇ ਗਏ ਇੱਕ ਪੱਤਰ ਵਿੱਚ ਹਰੇਕ ਸਕੂਲ ਨੂੰ 46 ਕਿੱਲੋ ਤੂੜੀ ਦਾਨ ਕਰਨ ਦਾ ਟੀਚਾ ਦਿੱਤਾ ਗਿਆ ਸੀ। ਇਸ ਪੱਤਰ ਵਿੱਚ ਸਾਫ਼ ਲਿਖਿਆ ਗਿਆ ਸੀ ਕਿ ਜੇਕਰ ਕੋਈ ਅਧਿਆਪਕ ਇਸ ਹੁਕਮ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ, ਤਾਂ ਉਸ ਵਿਰੁੱਧ ਐਕਸ਼ਨ ਲਿਆ ਜਾਵੇਗਾ। ਹਾਲਾਂਕਿ, ਜਦੋਂ ਵਿਵਾਦ ਵਧਿਆ ਤਾਂ ਬਲਾਕ ਸਿੱਖਿਆ ਅਧਿਕਾਰੀ ਨੇ ਸਫ਼ਾਈ ਦਿੰਦਿਆਂ ਕਿਹਾ ਕਿ ਕਾਰਵਾਈ ਵਾਲੀ ਗੱਲ ਗਲਤੀ ਨਾਲ ਲਿਖੀ ਗਈ ਸੀ ਤੇ ਹੁਣ ਸੋਧਿਆ ਹੋਇਆ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਸਿੱਖਿਆ ਵਿਭਾਗ ਦੇ ਇਸ ਹੁਕਮ ਨੂੰ ਅਧਿਆਪਕਾਂ ਨੇ ਆਪਣੀ ਮਰਿਆਦਾ ਅਤੇ ਸਨਮਾਨ ਦੇ ਖ਼?ਲਾਫ਼ ਦੱਸਿਆ ਹੈ। ਅਧਿਆਪਕ ਸੰਗਠਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮੁੱਖ ਕੰਮ ਬੱਚਿਆਂ ਨੂੰ ਪੜ੍ਹਾਉਣਾ ਹੈ, ਨਾ ਕਿ ਤੂੜੀ ਇਕੱਠਾ ਕਰਨਾ। ਅਧਿਆਪਕਾਂ ਨੇ ਸਵਾਲ ਉਠਾਇਆ ਕਿ



ਕੀ ਹੁਣ ਉਨ੍ਹਾਂ ਨੂੰ ਗਲੇ ਵਿੱਚ ਬੋਰੀ ਪਾ ਕੇ ਘਰ-ਘਰ ਤੂੜੀ ਮੰਗਣ ਜਾਣਾ ਪਵੇਗਾ? ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਹੁਕਮ ਵਾਪਸ ਨਾ ਲਿਆ ਗਿਆ ਤਾਂ ਉਹ ਸੜਕਾਂ 'ਤੇ ਉਤਰ ਕੇ ਅੰਦੋਲਨ ਕਰਨਗੇ। ਬਰੇਲੀ ਦੇ ਜ਼ਿਲ੍ਹਾ ਮੈਜਿਸਟ?ਰੇਟ (4$) ਅਵਿਨਾਸ਼ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਗਊਸ਼ਾਲਾਵਾਂ ਲਈ 'ਤੂੜੀ ਬੈਂਕ' ਬਣਾਇਆ ਗਿਆ ਹੈ ਅਤੇ ਲੋਕਾਂ ਨੂੰ ਆਪਣੀ ਸ਼ਰਧਾ ਅਨੁਸਾਰ ਦਾਨ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗਊਆਂ ਭਾਰਤੀ ਸੰਸਕਰਤੀ ਦਾ ਹਿੱਸਾ ਹਨ ਅਤੇ ਉਨ੍ਹਾਂ ਲਈ ਚਾਰੇ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ। ਹਾਲਾਂਕਿ, ਜਦੋਂ ਉਨ੍ਹਾਂ ਨੂੰ 46 ਕਿੱਲੋ ਤੂੜੀ ਅਤੇ ਕਾਰਵਾਈ ਦੀ ਧਮਕੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ। ਦੂਜੇ ਪਾਸੇ, ਮੀਰਗੰਜ ਦੇ ਬਲਾਕ ਸਿੱਖਿਆ ਅਧਿਕਾਰੀ ਅਵਨੀਸ਼ ਕੁਮਾਰ ਨੇ ਇੱਕ ਵੱਖਰਾ ਪੱਤਰ ਜਾਰੀ ਕੀਤਾ ਹੈ, ਜਿਸ ਵਿੱਚ ਲਿਖਿਆ ਹੈ ਕਿ ਅਧਿਆਪਕ ਸਿਰਫ਼ ਆਪਣੀ ਇੱਛਾ ਅਨੁਸਾਰ ਹੀ ਦਾਨ ਕਰ ਸਕਦੇ ਹਨ ਅਤੇ ਕਿਸੇ 'ਤੇ ਕੋਈ ਦਬਾਅ ਨਹੀਂ ਹੈ। ਫਿਲਹਾਲ ਦੋ ਵੱਖ-ਵੱਖ ਤਰ੍ਹਾਂ ਦੇ ਹੁਕਮਾਂ ਨੇ ਅਧਿਆਪਕਾਂ ਵਿੱਚ ਭੰਬਲਭੂਸਾ ਅਤੇ ਗੁੱਸਾ ਪੈਦਾ ਕਰ ਦਿੱਤਾ ਹੈ।

### ਪਿੰਡ ਤਿਊੜ 'ਚ ਨੂੰਹ ਨੇ ਸਹੁਰੇ ਦੀ ਕੀਤੀ ਕੁੱਟਮਾਰ, ਹਸਪਤਾਲ 'ਚ ਦਾਖ਼ਲ

ਖਰੜ 31 ਮਈ। ਖਰੜ ਨਗਰ ਕੌਂਸਲ ਅਧੀਨ ਪੈਂਦੇ ਪਿੰਡ ਤਿਊੜ 'ਚ ਇੱਕ ਨੂੰਹ ਵੱਲੋਂ ਆਪਣੇ ਸਹੁਰੇ ਦੀ ਝਾੜੂ ਨਾਲ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਖ਼ਮੀ ਹਾਲਤ 'ਚ ਸਿਵਲ ਹਸਪਤਾਲ ਖਰੜ 'ਚ ਇਲਾਜ ਅਧੀਨ ਜਰਨੈਲ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਉਹ ਡਿਪੂ ਤੋਂ ਘਰ ਦਾ ਰਾਸ਼ਨ ਲੈਣ ਲਈ ਜਾ ਰਿਹਾ ਸੀ। ਇਸ ਦੌਰਾਨ ਉਸ ਦੀ ਨੂੰਹ ਨੇ ਕਿਹਾ ਕਿ ਨਾਲ ਦੀ ਇੱਕ ਗੁਆਂਢਣ ਨੇ ਵੀ ਰਾਸ਼ਨ ਲੈਣ ਜਾਣਾ ਹੈ, ਉਸ ਨੂੰ ਵੀ ਨਾਲ ਲੈ ਜਾਣਾ। ਜਰਨੈਲ ਸਿੰਘ ਅਨੁਸਾਰ ਜਦੋਂ ਉਸ ਨੇ ਗੁਆਂਢਣ ਨੂੰ ਨਾਲ ਲਿਜਾਣ ਤੋਂ ਮਨ੍ਹਾਂ ਕੀਤਾ ਤਾਂ ਉਸ ਦੀ ਨੂੰਹ ਗੁੱਸੇ 'ਚ ਆ ਗਈ ਅਤੇ ਗਾਲੀ-ਗਲੌਚ ਕਰਨ ਲੱਗ ਪਈ। ਉਨ੍ਹਾਂ ਦੋਸ਼ ਲਗਾਇਆ ਕਿ ਨੂੰਹ ਨੇ ਹੱਥ ਵਿੱਚ ਫੜ੍ਹੇ ਝਾੜੂ ਦੇ ਪਿਛਲੇ ਪਾਸੇ ਤੋਂ ਉਸ ਦੀ ਪਿੱਠ 'ਤੇ ਵਾਰ ਕੀਤੇ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਉਸਨੇ ਦੱਸਿਆ ਕਿ ਉਸਦੇ ਸਿਰ ਦੇ ਵਾਲ ਅਤੇ ਦਾੜ੍ਹੀ ਵੀ ਪੁੱਟੀ। ਪੀੜਤ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਸ ਨਾਲ ਕਈ ਵਾਰ ਕੁੱਟਮਾਰ ਹੋ ਚੁੱਕੀ ਹੈ। ਉਸ ਨੇ ਪੁਲਸ ਪ੍ਰਸ਼ਾਸਨ ਕੋਲ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ।

## ਬਿਨਾਂ ਮਨਜ਼ੂਰੀ ਚੱਲ ਰਹੇ ਨਾਜਾਇਜ਼ ਨਸ਼ਾ ਛੁਡਾਊ ਕੇਂਦਰ ਦਾ ਪਰਦਾਫ਼ਾਸ਼: ਤਿੰਨ ਸ਼ਾਤਿਰ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ

ਲੁਧਿਆਣਾ 19 ਜੂਨ। ਲੁਧਿਆਣਾ ਵਿਚ ਨਸ਼ਾ ਛੁਡਾਉਣ ਅਤੇ ਸਮਾਜ ਸੁਧਾਰ ਦੀ ਆੜ ਵਿਚ ਭੋਲੇ-ਭਾਲੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨ ਵਾਲੇ ਇਕ ਬਹੁਤ ਵੱਡੇ ਫਰਜ਼ੀਵਾੜੇ ਦਾ ਭਾਂਡਾ ਭੱਜਿਆ ਹੈ। ਕੁਝ ਸ਼ਾਤਿਰ ਦਿਮਾਗ ਲੋਕਾਂ ਨੇ ਬਿਨਾਂ ਕਿਸੇ ਸਰਕਾਰੀ ਮਨਜ਼ੂਰੀ ਅਤੇ ਕਾਨੂੰਨੀ ਇਜਾਜ਼ਤ ਦੇ ਨਾਜਾਇਜ਼ ਤੌਰ 'ਤੇ ਨਸ਼ਾ ਛੁਡਾਊ ਕੇਂਦਰ ਖੋਲ੍ਹਿਆ ਹੋਇਆ ਸੀ। ਇੱਥੇ ਇਲਾਜ ਦੇ ਨਾਂ 'ਤੇ ਲੋਕਾਂ ਨੂੰ ਬੰਧਕ ਬਣਾ ਕੇ ਉਨ੍ਹਾਂ




ਕੋਲੋਂ ਮੋਟੀ ਠੱਗੀ ਮਾਰੀ ਜਾ ਰਹੀ ਸੀ। ਪੁਲਸ ਨੇ ਮੁਸਤੈਦੀ ਦਿਖਾਉਂਦੇ ਹੋਏ ਇਸ ਕਾਲੇ ਧੰਦੇ ਦਾ ਪਰਦਾਫ਼ਾਸ਼ ਕੀਤਾ ਹੈ ਅਤੇ ਤਿੰਨ ਮੁੱਖ ਮੁਲਜ਼ਮਾਂ ਖ਼?ਲਾਫ਼ ਸੰਗੀਨ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਪਾਰਟੀ ਦੀ ਅਗਵਾਈ ਕਰ ਰਹੇ ਏ.ਐੱਸ.ਆਈ. ਮਨਜੀਤ ਸਿੰਘ ਨੇ ਦੱਸਿਆ ਕਿ 26 ਮਈ ਨੂੰ ਜਦੋਂ ਉਹ ਆਪਣੀ ਟੀਮ ਨਾਲ ਲਾਡੋਵਾਲ ਦੇ ਮੇਨ ਚੌਂਕ ਨੇੜੇ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੇ ਸਨ, ਤਾਂ ਉਨ੍ਹਾਂ ਨੂੰ ਇਕ ਖ਼ਾਸ ਮੁਖ਼ਬਰ ਨੇ ਪੁਖ਼ਤਾ ਸੂਚਨਾ ਦਿੱਤੀ। ਮੁਖ਼ਬਰ ਨੇ ਦੱਸਿਆ ਕਿ ਇਲਾਕੇ ਵਿਚ ਕੁਝ ਲੋਕ ਨਾਜਾਇਜ਼ ਤੌਰ 'ਤੇ ਨਸ਼ਾ ਮੁਕਤੀ ਕੇਂਦਰ ਚਲਾ ਰਹੇ ਹਨ ਅਤੇ ਬੇਕਸੂਰ ਲੋਕਾਂ ਨੂੰ ਆਪਣੀ ਠੱਗੀ ਦਾ ਸ਼ਿਕਾਰ ਬਣਾ ਰਹੇ ਹਨ। ਜਾਂਚ ਦੌਰਾਨ ਪਤਾ ਲੱਗਾ ਕਿ ਮੁਲਜ਼ਮ ਹਰਵਿੰਦਰ ਸਿੰਘ, ਅਮਨਦੀਪ ਸਿੰਘ ਅਤੇ ਦਮਨਪ੍ਰੀਤ ਸਿੰਘ ਨੇ ਆਪਸ ਵਿਚ ਮਿਲੀਭੁਗਤ ਕਰਕੇ ਇਕ ਵੱਡਾ ਨੈੱਟਵਰਕ ਤਿਆਰ ਕੀਤਾ ਹੋਇਆ ਸੀ। ਇਨ੍ਹਾਂ ਤਿੰਨਾਂ ਮੁਲਜ਼ਮਾਂ ਨੇ ਲੁਧਿਆਣਾ ਦੇ ਹੰਬੜਾ ਰੋਡ 'ਤੇ ਸਥਿਤ ਤਨੇਜਾ ਪੈਲੇਸ ਅਤੇ ਪਿੰਡ ਕੁਤਬੇਵਾਲ ਗੁੱਜਰਾਂ ਦੇ ਨੇੜੇ ਇਕ ਸੁੰਨਸਾਨ ਸ਼ੈੱਡ ਵਾਲੇ ਹਾਲ ਨੂੰ ਆਪਣਾ ਟਿਕਾਣਾ ਬਣਾਇਆ ਹੋਇਆ ਸੀ। ਇਸੇ ਸ਼ੈੱਡ ਦੇ ਅੰਦਰ ਉਹ ਗੈਰ-ਕਾਨੂੰਨੀ ਤਰੀਕੇ ਨਾਲ ਨਸ਼ਾ ਛੁਡਾਊ ਕੇਂਦਰ ਚਲਾ ਰਹੇ ਸਨ। ਮੁਲਜ਼ਮ ਇਲਾਜ ਕਰਵਾਉਣ ਆਉਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਝਾਂਸੇ ਵਿਚ ਲੈ ਕੇ ਉਨ੍ਹਾਂ ਕੋਲੋਂ ਭਾਰੀ-ਭਰਕਮ ਰਕਮ ਵਸੂਲਦੇ ਸਨ। ਪੁਲਸ ਨੇ ਤਿੰਨਾਂ ਨਾਮਜ਼ਦ ਮੁਲਜ਼ਮਾਂ ਖ਼?ਲਾਫ਼ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਇਸ ਰੈਕੇਟ ਦੇ ਪਿੱਛੇ ਛਿਪੇ ਹੋਰ ਚਿਹਰਿਆਂ ਨੂੰ ਬੇਨਕਾਬ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

## ਭਾਰਤ 'ਚ ਆ ਗਈ ਅਲੂਮੀਨੀਅਮ ਕੈਨਸ ਦੀ ਕਮੀ, 5 ਗੁਣਾ ਮਹਿੰਗੀਆਂ ਹੋਈਆਂ ਤੁਹਾਡੀਆਂ ਪਸੰਦੀਦਾ ਕੋਲਡ ਡ੍ਰਿੰਕਸ

ਬਿਜ਼ਨੈੱਸ ਡੈਸਕ 19 ਜੂਨ। ਜੇਕਰ ਤੁਸੀਂ ਡਾਈਟ ਕੋਕ ਜਾਂ ਹੋਰ ਕੈਨ ਵਾਲੇ ਕੋਲਡ ਡ੍ਰਿੰਕਸ ਪੀਣ ਦੇ ਸ਼ੌਕੀਨ ਹੋ, ਤਾਂ ਇਹ ਖ਼ਬਰ ਤੁਹਾਡੇ ਹੋਸ਼ ਉਡਾ ਸਕਦੀ ਹੈ। ਭਾਰਤ ਵਿੱਚ ਕੈਨ ਵਾਲੇ ਪੀਣ ਵਾਲੇ ਪਦਾਰਥਾਂ ਦੀ ਭਾਰੀ ਕਿੱਲਤ ਕਾਰਨ, ਆਨਲਾਈਨ ਡਿਲੀਵਰੀ ਐਪਸ 'ਤੇ ਵਿਦੇਸ਼ੀ ਕੇਨਾਂ ਦੀ ਹੜ੍ਹ ਆ ਗਈ ਹੈ, ਜੋ ਕਿ ਅਸਲ ਕੀਮਤ ਤੋਂ 5 ਗੁਣਾ ਮਹਿੰਗੇ ਵੇਚੇ ਜਾ ਰਹੇ ਹਨ। ਬਲਿੰਕਿਟ ਅਤੇ ਜ਼ੈਪਟੋ ਵਰਗੇ ਪਲੇਟਫਾਰਮਾਂ 'ਤੇ ਜਿੱਥੇ ਭਾਰਤ ਵਿੱਚ ਬਣੇ 330 ਮਿਲੀਲੀਟਰ ਡਾਈਟ ਕੋਕ ਦੇ ਕੇਨ ਦੀ ਕੀਮਤ ਲਗਭਗ 40 ਰੁਪਏ ਹੁੰਦੀ ਹੈ, ਉੱਥੇ ਹੀ ਹੁਣ ਵਿਦੇਸ਼ਾਂ ਤੋਂ ਮੰਗਵਾਏ ਗਏ ਕੇਨ 199 ਰੁਪਏ ਤੋਂ ਲੈ ਕੇ 209 ਰੁਪਏ ਤੱਕ ਵੇਚੇ ਜਾ ਰਹੇ ਹਨ। ਇਸੇ ਤਰ੍ਹਾਂ G Up ਜ਼ੀਰੋ ਸ਼ੂਗਰ ਅਤੇ ਪੈਪਸੀ ਜ਼ੀਰੋ ਸ਼ੂਗਰ ਦੇ ਕੇਨ ਵੀ 200 ਰੁਪਏ ਦੇ ਆਸ-ਪਾਸ ਮਿਲ ਰਹੇ ਹਨ। ਸੂਤਰਾਂ ਮੁਤਾਬਕ, ਭਾਰਤ ਵਿੱਚ ਐਲੂਮੀਨੀਅਮ ਦੇ ਕੇਨਾਂ ਦੀ ਕਿੱਲਤ ਕਾਰਨ ਸਪਲਾਈ ਚੇਨ ਪ੍ਰਭਾਵਿਤ ਹੋਈ ਹੈ। ਖਾਸ ਕਰਕੇ ਡਾਈਟ ਕੋਕ, ਜੋ ਕਿ ਜ਼ਿਆਦਾਤਰ ਕੇਨਾਂ ਵਿੱਚ ਹੀ ਉਪਲਬਧ ਹੁੰਦੀ ਹੈ, ਦੀ ਸਪਲਾਈ ਅਪ੍ਰੈਲ ਦੇ ਅੱਧ ਤੋਂ ਬੰਦ ਪਈ ਹੈ। ਹਾਲਾਂਕਿ ਦਿੱਲੀ, ਮੁੰਬਈ, ਪੁਣੇ ਅਤੇ ਬੈਂਗਲੁਰੂ ਵਰਗੇ ਸ਼ਹਿਰਾਂ ਵਿੱਚ ਪਿਛਲੇ 10 ਦਿਨਾਂ ਤੋਂ ਕੁਝ ਸਪਲਾਈ ਬਹਾਲ ਹੋਈ ਹੈ, ਪਰ ਫਿਰ ਵੀ ਕਮੀ ਬਰਕਰਾਰ ਹੈ। ਇਹ ਵਿਦੇਸ਼ੀ ਕੇਨ ਸਿੱਧੇ ਤੌਰ 'ਤੇ ਕੋਕਾ-ਕੋਲਾ ਜਾਂ ਪੈਪਸੀ ਵਰਗੀਆਂ ਕੰਪਨੀਆਂ ਦੇ ਭਾਰਤੀ ਯੂਨਿਟਾਂ ਰਾਹੀਂ ਨਹੀਂ, ਸਗੋਂ ਸੁਤੰਤਰ ਇੰਪੋਰਟਰਾਂ ਵੱਲੋਂ ਮੰਗਵਾਏ ਜਾ ਰਹੇ ਹਨ। ਭਾਵੇਂ ਇਨ੍ਹਾਂ 'ਤੇ FSSAI ਦੀ ਮੋਹਰ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਪਰ ਮਾਹਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਦੀ ਕੁਆਲਿਟੀ ਕੰਟਰੋਲ ਅਤੇ 'ਬੈਸਟ ਬਿਫੋਰ' (ਐਕਸਪਾਇਰੀ) ਤਰੀਕਾਂ ਦੀ ਜ਼ਿੰਮੇਵਾਰੀ ਸਿਰਫ਼ ਇੰਪੋਰਟਰਾਂ ਦੀ ਹੁੰਦੀ ਹੈ, ਜਿਸ ਕਾਰਨ ਗਾਹਕਾਂ ਲਈ ਖਤਰਾ ਹੋ ਸਕਦਾ ਹੈ। ਕੇਨਾਂ ਦੀ ਕਮੀ ਕਾਰਨ ਕੁਝ ਥਾਵਾਂ 'ਤੇ ਇਸ ਨੂੰ ਕੱਚ ਦੀਆਂ ਬੋਤਲਾਂ ਵਿੱਚ ਵੀ ਵੇਚਿਆ ਜਾ ਰਿਹਾ ਹੈ, ਜਿੱਥੇ 6 ਬੋਤਲਾਂ ਦਾ ਪੈਕ 480 ਤੋਂ 600 ਰੁਪਏ ਤੱਕ ਮਿਲ ਰਿਹਾ ਹੈ। ਦਿੱਲੀ, ਮੁੰਬਈ, ਪੁਣੇ ਅਤੇ ਬੈਂਗਲੁਰੂ ਵਰਗੇ ਮਹਾਨਗਰ ਸਭ ਤੋਂ ਵੱਧ ਪ੍ਰਭਾਵਿਤ ਹਨ। ਹਾਲਾਂਕਿ ਹੁਣ ਕੁਇੱਕ ਕਾਮਰਸ ਚੈਨਲਾਂ 'ਤੇ ਵਿਦੇਸ਼ੀ ਖਾਣ-ਪੀਣ ਦੀਆਂ ਵਸਤੂਆਂ ਤੇਜ਼ੀ ਨਾਲ ਉਪਲਬਧ ਹੋ ਰਹੀਆਂ ਹਨ। ਗਾਹਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਅਜਿਹੇ ਮਹਿੰਗੇ ਉਤਪਾਦ ਖਰੀਦਣ ਵੇਲੇ ਉਨ੍ਹਾਂ ਦੀ ਮਿਆਦ ਅਤੇ ਗੁਣਵੱਤਾ ਦੀ ਚੰਗੀ ਤਰ੍ਹਾਂ ਜਾਂਚ ਕਰ ਲੈਣ।

### ਮੁੰਡੇ ਨੇ ਫਲਾਈਓਵਰ 'ਤੇ ਚੜ੍ਹ ਵਰ੍ਹਾ'ਤਾ ਨੋਟਾਂ ਦਾ ਮੀਂਹ, ਗੱਡੀਆਂ-ਬਾਈਕਾਂ ਰੋਕ ਪੈਸੇ ਚੁੱਕਣ ਲੱਗੇ ਲੋਕ

ਪਾਨੀਪਤ 19 ਜੂਨ। ਹਰਿਆਣਾ ਦੇ ਪਾਨੀਪਤ 'ਚ ਇਕ ਨੌਜਵਾਨ ਨੇ ਰੀਲ ਬਣਾਉਣ ਦੇ ਚੱਕਰ 'ਚ ਨੈਸ਼ਨਲ ਹਾਈਵੇਅ ਐਲੀਵੇਟਡ ਓਵਰਬ੍ਰਿਜ 'ਤੇ ਖੜ੍ਹੇ ਹੋ ਕੇ ਨੋਟ ਦਾ ਮੀਂਹ ਪਾ ਦਿੱਤਾ। ਨੌਜਵਾਨ ਨਾਲ ਕੁਝ ਛੋਟੇ ਬੱਚੇ ਵੀ ਦਿਖਾਈ ਦੇ ਰਹੇ ਹਨ। ਬੱਚੇ ਪੈਸੇ ਦੇਖ ਕੇ ਰੌਲਾ ਪਾਉਂਦੇ ਨਜ਼ਰ ਆਏ। ਉੱਥੇ ਹੀ ਇਨ੍ਹਾਂ ਕੋਲੋਂ ਹਾਈ ਸਪੀਡ ਗੱਡੀਆਂ ਵੀ ਲੰਘਦੀਆਂ ਦਿੱਸ ਰਹੀਆਂ ਹਨ। ਨੌਜਵਾਨ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਸ 'ਚ ਓਵਰਬ੍ਰਿਜ ਦੇ ਹੇਠਾਂ ਕੁਝ ਪੁਲਸ ਮੁਲਾਜ਼ਮ ਵੀ ਖੜ੍ਹੇ ਹਨ। ਓਵਰਬ੍ਰਿਜ ਦੇ ਹੇਠਾਂ ਕੁਝ ਔਰਤਾਂ ਨੋਟ ਚੁੱਕਣ ਲੱਗੀਆਂ, ਇਸ ਦੌਰਾਨ ਕੁਝ ਦੇਰ ਲਈ ਟਰੈਫਿਕ ਵੀ ਪ੍ਰਭਾਵਿਤ ਹੋ ਗਿਆ। ਬੰਟੀ ਦੀ ਇਕ ਹੋਰ ਰੀਲ ਵੀ ਸਾਹਮਣੇ ਆਈ ਹੈ, ਜਿਸ 'ਚ ਉਸ ਨੇ ਇਕ ਦਿਨ ਪਹਿਲਾਂ ਕਿਹਾ ਸੀ- ਕੱਲ੍ਹ ਜੀਟੀ ਰੋਡ ਜਾਮ ਕਰਾਂਗਾ। ਇਕ ਨਵਾਂ ਟਰੈਂਡ ਸ਼ੁਰੂ ਹੋਵੇਗਾ। ਪਾਨੀਪਤ 'ਚ ਇਕ ਵੱਡਾ ਤੋਹਫਾ ਦੇਵਾਂਗਾ।" ਦੂਜੇ ਪਾਸੇ ਇਸ ਬਾਰੇ ਸਿਟੀ ਥਾਣਾ ਇੰਚਾਰਜ ਇੰਸਪੈਕਟਰ ਦੇਵੇਂਦਰ ਕੁਮਾਰ ਨੇ ਦੱਸਿਆ

## ਸਕੂਲਾਂ ਦੀਆਂ ਅਣ-ਸੁਰੱਖਿਅਤ ਇਮਾਰਤਾਂ 'ਚ ਨਹੀਂ ਬੈਠਣਗੇ ਵਿਦਿਆਰਥੀ

ਲੁਧਿਆਣਾ 19 ਜੂਨ। ਪੰਜਾਬ ਦੇ ਸਕੂਲਾਂ ਵਿਚ ਨੈਸ਼ਨਲ ਹਿਊਮਨ ਰਾਈਟ ਕਮਿਸ਼ਨ ਵੱਲੋਂ ਵਿਦਿਆਰਥੀਆਂ ਤੇ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲ ਇਮਾਰਤਾਂ ਦੀ ਸੇਫਟੀ ਆਡਿਟ ਕਰਵਾਉਣ ਦੇ ਹੁਕਮ ਦਿੱਤੇ ਗਏ ਹਨ। ਇਨ੍ਹਾਂ ਹੁਕਮਾਂ ਤਹਿਤ ਡਾਇਰੈਕਟਰ ਸਕੂਲ ਸਿੱਖਿਆ (ਸੈ.ਸੀ.) , ਪੰਜਾਬ ਵੱਲੋਂ ਰਾਜ ਦੇ ਸਾਰੇ ਜ਼ਿਲਾ ਸਿੱਖਿਆ ਅਫਸਰਾਂ ਨੂੰ ਸਖਤ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਜਾਰੀ ਨਿਰਦੇਸ਼ਾਂ ਦੇ ਮੁਤਾਬਕ ਪੰਜਾਬ ਦੇ ਸਾਰੇ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਤੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਤੇ ਸਟਾਫ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਸਕੂਲ ਦੀ ਇਮਾਰਤਾਂ ਦੀ ਅਸੈੱਸਮੈਂਟ ਕਰਵਾਈ ਜਾਵੇਗੀ। ਸਕੂਲ ਦਾ ਜੋ ਹਿੱਸਾ ਖਸਤਾ ਹਾਲਤ ਵਿਚ ਹੋਵੇਗਾ ਜਾਂ ਵਰਤੋਂਯੋਗ ਨਹੀਂ ਹੋਵੇਗਾ, ਦਾ ਸੇਫਟੀ ਆਡਿਟ 'ਨੈਸ਼ਨਲ ਸੇਫਟੀ ਕੋਡ' ਤੇ 'ਡਿਜ਼ਾਸਟਰ ਮੈਨੇਜਮੈਂਟ ਗਾਈਡਲਾਈਨਜ਼ ' ਮੁਤਾਬਕ ਕਰਵਾਇਆ ਜਾਣਾ ਲਾਜ਼ਮੀ ਹੈ। ਵਿਭਾਗ ਨੇ ਸਾਫ ਕੀਤਾ ਕਿ ਜੇਕਰ ਸਕੂਲ ਦੀ ਇਮਾਰਤ ਦਾ ਕੋਈ ਹਿੱਸਾ ਅਣਸੁਰੱਖਿਅਤ ਪਾਇਆ ਜਾਂਦਾ ਹੈ ਤਾਂ ਉਸ ਨੂੰ ਡੈਮੋਲਿਸ਼ ਕਰਨ ਲਈ ਵਿਭਾਗੀ ਨਿਯਮਾਂ ਤਹਿਤ ਤੁਰੰਤ ਕਾਰਵਾਈ ਕੀਤੀ ਜਾਵੇ। ਸਾਰੇ ਸਕੂਲ ਮੁਖੀ ਇਹ ਪੂਰੀ ਤਰ੍ਹਾਂ ਯਕੀਨੀ ਬਣਾਉਣਗੇ ਕਿ ਕੋਈ ਵੀ ਵਿਦਿਆਰਥੀ ਜਾਂ ਸਟਾਫ ਮੈਂਬਰ ਅਜਿਹੇ ਅਣਸੁਰੱਖਿਅਤ ਕਮਰਿਆਂ ਵਿਚ ਬਿਲਕੁਲ ਨਾ ਬੈਠੇ। ਇਸ ਦੇ ਨਾਲ ਹੀ ਜ਼ਿਲਾ ਸਿੱਖਿਆ ਅਫਸਰਾਂ ਤੇ ਲੋਕਲ ਅਥਾਰਟੀ ਵੱਲੋਂ ਸਮੇਂ ਸਮੇਂ 'ਤੇ ਸਕੂਲਾਂ ਦਾ ਨਿਰੀਖਣ ਕੀਤਾ ਜਾਵੇਗਾ ਤੇ ਅਣਸੁਰੱਖਿਅਤ ਇਮਾਰਤਾਂ ਦੀ ਰਿਪੋਰਟ ਤੁਰੰਤ ਉੱਚ ਅਧਿਕਾਰੀਆਂ ਨੂੰ ਭੇਜੀ ਜਾਵੇਗੀ। ਐਮਰਜੈਂਸੀ ਹਾਲਾਤ ਨਾਲ ਨਜਿੱਠਣ ਲਈ ਸਕੂਲ ਸਟਾਫ ਤੇ ਵਿਦਿਆਰਥੀਆਂ ਨੂੰ ਇਵੈਕਿਊਏਸ਼ਨ ਡ੍ਰਿਲਸ, ਫਸਟਏਡ ਤੇ ਸੇਫਟੀ ਪ੍ਰੋਟੋਕੋਲਸ ਸਬੰਧੀ ਟਰੇਂਡ ਕੀਤਾ ਜਾਵੇਗਾ। ਇਸ ਦੇ ਲਈ ਸਮੇਂ ਸਮੇਂ 'ਤੇ ਲੋਕਲ ਅਥਾਰਟੀਜ਼ ਜਿਵੇਂ ਐੱਨ.ਡੀ.ਐੱਮ.ਏ., ਫਾਇਰ ਸਰਵਿਸ, ਪੁਲਸ ਤੇ ਮੈਡੀਮਲ ਏਜੰਸੀਆਂ ਦੇ ਸਹਿਯੋਗ ਨਾਲ ਸਮੇਂ ਸਮੇਂ 'ਤੇ ਟ?ਰੇਨਿੰਗ ਤੇ ਮਾਕ ਡ੍ਰਿਲਸ ਕੀਤੀਆਂ ਜਾਣਗੀਆਂ। ਫਿਜ਼ੀਕਲ ਸੇਫਟੀ ਦੇ ਨਾਲ ਨਾਲ ਵਿਦਿਆਰਥੀਆਂ ਦੀ ਮੈਂਟਲ ਹੈਲਥ ਤੇ ਇਮੋਸ਼ਨਲ ਵੈੱਲ ਬੀਇੰਗ ਦੇ ਲਈ ਕਾਊਂਸਲਿੰਗ ਸਰਵੀਸਿਜ਼ ਤੇ ਪੀਅਰ ਸਪੋਰਟ ਨੂੰ ਵੀ ਸ਼ਾਮਲ ਕੀਤਾ ਜਾਵੇਗਾ।

## ਮੋਗਾ ਵਿਖੇ ਖਾਲੀ ਪਲਾਟ 'ਚੋਂ ਮਿਲੀ ਵਿਅਕਤੀ ਦੀ ਲਾਸ਼, ਹੱਥ ਵਿਚ ਮਿਲਿਆ ਜ਼ਹਿਰੀਲਾ ਟੀਕਾ

ਮੋਗਾ 19 ਜੂਨ। ਮੋਗਾ ਸ਼ਹਿਰ ਦੀ ਇਕ ਬਸਤੀ ਨੇੜੇ ਸਥਿਤ ਖਾਲੀ ਪਲਾਟ ਵਿੱਚੋਂ ਇਕ ਵਾਰ ਫਿਰ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ। ਇਹ ਘਟਨਾ ਨਾ ਸਿਰਫ਼ ਲੋਕਾਂ ਨੂੰ ਝੰਝੋੜ ਕੇ ਰੱਖ ਰਹੀ ਹੈ, ਸਗੋਂ ਨਸ਼ਿਆਂ ਦੇ ਵੱਧ ਰਹੇ ਪ੍ਰਭਾਵ ਅਤੇ ਲਗਾਤਾਰ ਹੋ ਰਹੀਆਂ ਅਜਿਹੀਆਂ ਮੌਤਾਂ ਬਾਰੇ ਵੀ ਕਈ ਸਵਾਲ ਖੜ੍ਹੇ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਗਿੱਲ ਰੋਡ ਤੋਂ ਸਾਧਾਂ ਵਾਲੀ ਬਸਤੀ ਨੂੰ ਜਾਂਦੇ ਰਸਤੇ 'ਚ ਪੈਂਦੇ ਇਕ ਖਾਲੀ ਪਲਾਟ ਵਿਚ ਵਿਅਕਤੀ ਦੀ ਲਾਸ਼ ਪਈ ਹੋਣ ਦੀ ਸੂਚਨਾ ਸਥਾਨਕ ਲੋਕਾਂ ਵੱਲੋਂ ਪੁਲਸ ਨੂੰ ਦਿੱਤੀ ਗਈ। ਜਦੋਂ ਲੋਕ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਨੇ ਇਕ ਵਿਅਕਤੀ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਪਿਆ ਵੇਖਿਆ, ਜਿਸ ਦੀ ਮੌਤ ਹੋ ਚੁੱਕੀ ਸੀ। ਇਸ ਦੀ ਇਕ ਵੀਡੀਓ ਵੀ ਸਾਹਮਣੇ ਆਈ ਹੈ। ਘਟਨਾ ਨਾਲ ਸੰਬੰਧਤ ਵੀਡੀਓ ਵਿੱਚ ਸਾਫ਼ ਤੌਰ 'ਤੇ ਵਿਖਾਈ ਦੇ ਰਿਹਾ ਹੈ ਕਿ ਮ੍ਰਿਤਕ ਦੇ ਹੱਥ 'ਚ ਇਕ ਟੀਕਾ ਫੜਿਆ ਹੋਇਆ ਹੈ। ਹਾਲਾਂਕਿ ਟੀਕੇ ਵਿੱਚ ਕੀ ਪਦਾਰਥ ਸੀ ਅਤੇ ਮੌਤ ਦਾ ਅਸਲ ਕਾਰਨ ਕੀ ਹੈ, ਇਸ ਬਾਰੇ ਅਜੇ ਤੱਕ ਕੋਈ ਅਧਿਕਾਰਕ ਪੁਸ਼ਟੀ ਨਹੀਂ ਹੋਈ। ਇਸ ਲਈ ਮੌਤ ਦੇ ਕਾਰਨਾਂ ਬਾਰੇ ਅੰਤਿਮ ਨਤੀਜਾ ਪੁਲਸ ਜਾਂ ਮੈਡੀਕਲ ਜਾਂਚ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਸਾਹਮਣੇ ਆ ਸਕੇਗਾ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਮ੍ਰਿਤਕ ਨਸ਼ੇ ਦਾ ਆਦੀ ਲੱਗਦਾ ਸੀ ਪਰ ਇਸ ਦੀ ਪੁਸ਼ਟੀ ਜਾਂਚ ਤੋਂ ਬਾਅਦ ਹੀ ਹੋਵੇਗੀ। ਸੂਚਨਾ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਜਾਇਜ਼ਾ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਸਮਾਜ ਸੇਵਾ ਸੁਸਾਇਟੀ ਦੇ ਸੇਵਾਦਾਰਾਂ ਨੂੰ ਬੁਲਾਇਆ ਗਿਆ, ਜਿਨ੍ਹਾਂ ਨੇ ਪੁਲਸ ਦੀ ਮੌਜੂਦਗੀ ਵਿੱਚ ਲਾਸ਼ ਨੂੰ ਖਾਲੀ ਪਲਾਟ ਵਿੱਚੋਂ ਬਾਹਰ ਕੱਢ ਕੇ ਆਪਣੀ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਮੋਗਾ ਪਹੁੰਚਾਇਆ। ਮ੍ਰਿਤਕ ਵਿਅਕਤੀ ਨੇ ਨੀਲੇ ਰੰਗ ਦੀ ਟੀ-ਸ਼ਰਟ ਅਤੇ ਲੋਅਰ ਪਹਿਨੀ ਹੋਈ ਹੈ। ਲਾਸ਼ ਨੂੰ ਸ਼ਨਾਖ਼ਤ ਲਈ 72 ਘੰਟਿਆਂ ਵਾਸਤੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ। ਪੁਲਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਪਰਿਵਾਰ ਦਾ ਕੋਈ ਮੈਂਬਰ ਲਾਪਤਾ ਹੈ ਜਾਂ ਮ੍ਰਿਤਕ ਦੇ ਹੂ-ਬ-ਹੂ ਵੇਰਵੇ ਨਾਲ ਮੇਲ ਖਾਂਦਾ ਹੈ ਤਾਂ ਉਹ ਥਾਣਾ ਸਿਟੀ-2 ਮੋਗਾ ਦੇ ਐੱਸ. ਐੱਚ. ਓ. ਗੁਰਵਿੰਦਰ ਸਿੰਘ ਭੁੱਲਰ ਨਾਲ ਸੰਪਰਕ ਕਰਨ ਜਾਂ ਸਮਾਜ ਸੇਵਾ ਸੁਸਾਇਟੀ ਤੋਂ ਜਾਣਕਾਰੀ ਪ੍ਰਾਪਤ ਕਰਨ। ਇਥੇ ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਮੋਗਾ ਦੇ ਵੱਖ-ਵੱਖ ਖਾਲੀ ਪਲਾਟਾਂ ਅਤੇ ਸੁੰਨਸਾਨ ਥਾਵਾਂ ਤੋਂ ਲਗਾਤਾਰ ਲਾਸ਼ਾਂ ਮਿਲਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ।

### ਬੰਬ ਨਾਲ ਉਡਾਉਣ ਦੀ ਧਮਕੀ ਤੋਂ ਬਾਅਦ ਬਾਬਾ ਮੁਕਤੇਸ਼ਵਰ ਮੰਦਰ ਦੀ ਸੁਰੱਖਿਆ ਸਖ਼ਤ

ਪਠਾਨਕੋਟ 19 ਜੂਨ। ਪਠਾਨਕੋਟ ਦੇ ਪ੍ਰਸਿੱਧ ਅਤੇ ਇਤਿਹਾਸਕ ਬਾਬਾ ਮੁਕਤੇਸ਼ਵਰ ਮੰਦਰ ਨੂੰ ਬੰਬ ਨਾਲ ਉਡਾਉਣ ਸਬੰਧੀ ਈ-ਮੇਲ ਰਾਹੀਂ ਮਿਲੀ ਧਮਕੀ ਤੋਂ ਬਾਅਦ ਜ਼ਿਲ੍ਹੇ ਭਰ ਵਿੱਚ ਹੜਕੰਪ ਮਚ ਗਿਆ ਹੈ। ਧਮਕੀ ਮਿਲਣ ਉਪਰੰਤ ਪੰਜਾਬ ਪੁਲਸ ਤੁਰੰਤ ਅਲਰਟ ਮੋਡ 'ਤੇ ਆ ਗਈ ਅਤੇ ਮੰਦਰ ਸਮੇਤ ਆਸ-ਪਾਸ ਦੇ ਇਲਾਕੇ ਵਿੱਚ ਸੁਰੱਖਿਆ ਪ੍ਰਬੰਧ ਹੋਰ ਸਖ਼ਤ ਕਰ ਦਿੱਤੇ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਮੰਦਰ ਦੇ ਮੁੱਖ ਪ੍ਰਵੇਸ਼ ਦੁਆਰਾਂ 'ਤੇ ਪੁਲਸ ਦੀਆਂ ਵਿਸ਼ੇਸ਼ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਮੰਦਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਹਰ ਸ਼ਰਧਾਲੂ ਦੇ ਬੈਗ ਅਤੇ ਹੋਰ ਸਾਮਾਨ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਮੰਦਰ ਵੱਲ ਆਉਣ-ਜਾਣ ਵਾਲੇ ਵਾਹਨਾਂ ਦੀ ਵੀ ਗਹਿਰਾਈ ਨਾਲ ਤਲਾਸ਼ੀ ਲਈ ਜਾ ਰਹੀ ਹੈ। ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਲਈ ਮੰਦਰ ਪ੍ਰਬੰਧਕ ਕਮੇਟੀ ਵੀ ਪ੍ਰਸ਼ਾਸਨ ਨਾਲ ਮਿਲ ਕੇ ਪੂਰੀ ਤਰ੍ਹਾਂ ਮੁਸਤੈਦ ਹੈ। ਕਮੇਟੀ ਵੱਲੋਂ ਮੰਦਰ ਵਿੱਚ ਆਉਣ ਵਾਲੇ ਹਰ ਸ਼ਰਧਾਲੂ ਦਾ ਨਾਮ, ਪਤਾ ਅਤੇ ਮੋਬਾਈਲ ਨੰਬਰ ਰਜਿਸਟਰ ਵਿੱਚ ਦਰਜ ਕੀਤਾ ਜਾ ਰਿਹਾ ਹੈ। ਬਿਨਾਂ ਪਛਾਣ ਅਤੇ ਐਂਟਰੀ ਦੇ ਕਿਸੇ ਵੀ ਵਿਅਕਤੀ ਨੂੰ ਮੰਦਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਇਸ ਤੋਂ ਇਲਾਵਾ ਮੰਦਰ ਪਰਿਸਰ ਅਤੇ ਆਸ-ਪਾਸ ਦੇ ਇਲਾਕੇ 'ਤੇ ਸੀਸੀਟੀਵੀ ਕੈਮਰਿਆਂ ਰਾਹੀਂ 24 ਘੰਟੇ ਨਿਗਰਾਨੀ ਰੱਖੀ ਜਾ ਰਹੀ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਥਿਤੀ 'ਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ। ਪੁਲਸ ਨੇ ਲੋਕਾਂ ਨੂੰ ਅਫਵਾਹਾਂ ਤੋਂ ਦੂਰ ਰਹਿਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਤੁਰੰਤ ਪ੍ਰਸ਼ਾਸਨ ਨਾਲ ਸਾਂਝੀ ਕਰਨ ਦੀ ਅਪੀਲ ਕੀਤੀ ਹੈ।

## ਲੁਧਿਆਣਾ 'ਚ ਮਨੀ ਟਰਾਂਸਫ਼ਰ ਦੀਆਂ ਦੁਕਾਨਾਂ ਨੂੰ ਨਿਸ਼ਾਨਾ ਬਣਾ ਰਿਹੈ ਠੱਗ !

ਕੌਮੀ ਪਤ੍ਰਿਕਾ

ਲੁਧਿਆਣਾ 19 ਜੂਨ। ਮਹਾਨਗਰ ਵਿਚ ਇਨ੍ਹੀਂ ਦਿਨੀਂ ਇਕ ਬੇਹੱਦ ਸ਼ਾਤਰ ਦਿਮਾਗ ਠੱਗ ਸਰਗਰਮ ਹੈ, ਜੋ ਮਨੀ ਟ?ਰਾਂਸਫਰ ਦੀਆਂ ਦੁਕਾਨਾਂ 'ਤੇ ਪਲਕ ਝਪਕਦੇ ਹੀ ਹੱਥ ਸਾਫ ਕਰ ਰਿਹਾ ਹੈ। ਸ਼ਿੰਗਾਰ ਸਿਨੇਮਾ ਰੋਡ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਇਸ ਐਕਟਿਵਾ ਸਵਾਰ ਠੱਗ ਨੇ ਦਹਿਸ਼ਤ ਮਚਾਈ ਹੋਈ ਹੈ। ਤਾਜ਼ਾ ਮਾਮਲੇ ਵਿਚ, ਇਸ ਠੱਗ ਨੇ ਇਕ ਮਨੀ ਟ?ਰਾਂਸਫਰ ਦੁਕਾਨਦਾਰ ਨੂੰ ਗੱਲਾਂ ਵਿਚ ਫਸਾ ਕੇ 10,000 ਰੁਪਏ ਦੀ ਠੱਗੀ ਮਾਰੀ ਅਤੇ ਬੜੀ ਆਸਾਨੀ ਨਾਲ ਫਰਾਰ ਹੋ ਗਿਆ। ਇਹ ਸਾਰੀ ਵਾਰਦਾਤ ਦੁਕਾਨ ਦੇ ਬਾਹਰ ਲੱਗੇ 33"੧ ਕੈਮਰੇ ਵਿਚ ਕੈਦ ਹੋ ਗਈ ਹੈ। ਪੀੜਤ ਦੁਕਾਨਦਾਰ ਅਮਨ ਸਭਰਵਾਲ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਦੇਰ ਸ਼ਾਮ ਇਕ ਅਣਪਛਾਤਾ ਵਿਅਕਤੀ ਐਕਟਿਵਾ 'ਤੇ ਸਵਾਰ ਹੋ ਕੇ ਉਸ ਦੀ ਦੁਕਾਨ 'ਤੇ ਆਇਆ। ਉਸ ਨੇ ਬੜੇ ਭਰੋਸੇ ਨਾਲ ਆਪਣੇ ਖਾਤੇ ਵਿਚ 10,000 ਰੁਪਏ ਆਨਲਾਈਨ ਟ?ਰਾਂਸਫਰ ਕਰਨ ਲਈ ਕਿਹਾ। ਜਦੋਂ ਅਮਨ ਨੇ ਸੁਰੱਖਿਆ ਵਜੋਂ ਪਹਿਲਾਂ ਨਕਦ ਪੈਸੇ ਮੰਗੇ, ਤਾਂ ਠੱਗ ਨੇ ਬੜੀ ਮਾਸੂਮੀਅਤ ਨਾਲ ਕਿਹਾ, ਭਾਈ




ਸਾਬ?ਹ, ਮੈਂ ਕਿਤੇ ਭੱਜਿਆ ਨਹੀਂ ਜਾ ਰਿਹਾ, ਤੁਸੀਂ ਪੈਸੇ ਪਾ ਦਿਓ, ਮੈਂ ਇੱਥੇ ਹੀ ਖੜ੍ਹਾ ਹਾਂ। ਦੁਕਾਨਦਾਰ ਉਸ ਦੀਆਂ ਗੱਲਾਂ ਵਿਚ ਆ ਗਿਆ ਅਤੇ ਜਿਵੇਂ ਹੀ ਪੈਸੇ ਟ?ਰਾਂਸਫਰ ਕਰਕੇ ਮੋਬਾਈਲ 'ਤੇ ਸਕ੍ਰੀਨਸ਼ਾਟ ਦਿਖਾਇਆ, ਠੱਗ ਨੇ ਜੇਬਾਂ ਫਰੋਲਣ ਦਾ ਡਰਾਮਾ ਸ਼ੁਰੂ ਕਰ ਦਿੱਤਾ। ਠੱਗ ਨੇ ਜੇਬ ਵਿਚ ਪੈਸੇ ਨਾ ਹੋਣ ਦਾ ਬਹਾਨਾ ਬਣਾਇਆ ਅਤੇ ਕਿਹਾ ਕਿ ਉਹ ਆਪਣੀ ਐਕਟਿਵਾ ਦੀ ਡਿੱਗੀ ਵਿਚੋਂ ਪੈਸੇ ਕੱਢ ਕੇ ਹੁਣੇ ਦਿੰਦਾ ਹੈ। ਸ਼ਾਤਰ ਅਪਰਾਧੀ ਨੇ ਆਪਣੀ ਐਕਟਿਵਾ ਪਹਿਲਾਂ ਹੀ ਸਟਾਰਟ ਛੱਡੀ ਹੋਈ ਸੀ। ਜਿਵੇਂ ਹੀ ਉਹ ਡਿੱਗੀ ਕੋਲ ਪਹੁੰਚਿਆ, ਪੈਸੇ ਕੱਢਣ ਦੀ ਬਜਾਏ ਉਹ ਤੁਰੰਤ ਐਕਟਿਵਾ 'ਤੇ ਸਵਾਰ ਹੋ ਕੇ ਤੇਜ਼ੀ ਨਾਲ ਰਫੂਚੱਕਰ ਹੋ ਗਿਆ। ਦੁਕਾਨਦਾਰ ਨੇ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਇਸ ਘਟਨਾ ਤੋਂ ਬਾਅਦ ਇਕ ਹੋਰ ਮਨੀ ਟ?ਰਾਂਸਫਰ ਦੁਕਾਨਦਾਰ ਸਚਿਨ ਨੇ ਖੁਲਾਸਾ ਕੀਤਾ ਕਿ ਤਿੰਨ-ਚਾਰ ਦਿਨ ਪਹਿਲਾਂ ਇਹੀ ਠੱਗ ਉਸ ਦੀ ਦੁਕਾਨ 'ਤੇ ਵੀ ਆਇਆ ਸੀ ਅਤੇ ਇਸੇ ਤਰ੍ਹਾਂ ਝਾਂਸਾ ਦੇ ਕੇ 10,000 ਰੁਪਏ ਆਨਲਾਈਨ ਪਵਾ ਕੇ ਫਰਾਰ ਹੋ ਗਿਆ ਸੀ। ਇਸ ਤੋਂ ਸਪੱਸ਼ਟ ਹੈ ਕਿ ਇਹ ਠੱਗ ਯੋਜਨਾਬੱਧ ਤਰੀਕੇ ਨਾਲ ਸਿਰਫ਼ ਮਨੀ ਟ?ਰਾਂਸਫਰ ਵਾਲਿਆਂ ਨੂੰ ਹੀ ਸ਼ਿਕਾਰ ਬਣਾ ਰਿਹਾ ਹੈ। ਪੁਲਸ ਨੇ ਸੀ.ਸੀ.ਟੀ.ਵੀ. ਫੁਟੇਜ ਕਬਜ਼ੇ ਵਿਚ ਲੈ ਕੇ ਠੱਗ ਦੀ ਭਾਲ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

## ਡਿਜੀਟਲ ਮੁਲਾਂਕਣ ਪ੍ਰਣਾਲੀ 'ਤੇ ਉੱਠੇ ਸਵਾਲਾਂ ਤੋਂ ਬਾਅਦ ਸੀ. ਬੀ. ਐੱਸ. ਈ. ਨੇ ਅਪਣਾਇਆ 'ਟੂਲਕਿੱਟ' ਦਾ ਰਸਤਾ

ਕੌਮੀ ਪਤ੍ਰਿਕਾ

ਲੁਧਿਆਣਾ 19 ਜੂਨ। ਡਿਜੀਟਲ ਚੈਕਿੰਗ ਭਾਵ ਆਨ-ਸਕ੍ਰੀਨ ਮਾਰਕਿੰਗ (ਓ. ਐੱਸ. ਐੱਮ.) ਪ੍ਰਣਾਲੀ 'ਚ ਗੜਬੜੀਆਂ ਦੀ ਪੋਲ ਖੁੱਲ੍ਹਣ ਤੋਂ ਬਾਅਦ ਚੌਤਰਫਾ ਆਲੋਚਨਾਵਾਂ ਦਾ ਸਾਹਮਣਾ ਕਰ ਰਿਹਾ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ. ਬੀ. ਐੱਸ. ਈ.) ਹੁਣ ਆਪਣੀਆਂ ਕਮੀਆਂ ਨੂੰ ਸੁਧਾਰਨ ਦੀ ਬਜਾਏ ਉਨ੍ਹਾਂ ਦਾ ਬਚਾਅ ਕਰਨ 'ਚ ਪੂਰੀ ਤਾਕਤ ਲਾ ਰਿਹਾ ਹੈ। ਓ. ਐੱਸ. ਐੱਮ. ਨੂੰ ਲੈ ਕੇ ਪੈਦਾ ਹੋਏ ਵਿਵਾਦ ਦਰਮਿਆਨ ਹੁਣ ਇਕ ਨਵਾਂ ਮਾਮਲਾ ਭਖ ਗਿਆ ਹੈ। ਸੂਤਰਾਂ ਮੁਤਾਬਕ ਮਾਮਲੇ ਨੂੰ ਰਫਾ-ਦਫਾ (ਡੈਮੇਜ ਕੰਟਰੋਲ) ਕਰਨ ਦੇ ਉਦੇਸ਼ ਨਾਲ ਬੋਰਡ ਦੇ ਖੇਤਰੀ ਦਫਤਰਾਂ ਵੱਲੋਂ ਇਸ ਹਫਤੇ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਸੋਸ਼ਲ ਮੀਡੀਆ ਲਈ ਇਕ ਖਾਸ ਗਾਈਡਲਾਈਨ (ਟੂਲਕਿੱਟ) ਭੇਜੀ ਗਈ। ਇਸ 'ਚ ਸਾਫ ਤੌਰ 'ਤੇ ਨਿਰਦੇਸ਼ ਦਿੱਤੇ ਗਏ ਸਨ ਕਿ ਉਹ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਆ ਕੇ ਬੋਰਡ ਦੀ ਇਸ ਵਿਵਾਦਿਤ ਚੈਕਿੰਗ ਪ੍ਰਣਾਲੀ ਦੇ ਪੱਖ 'ਚ ਮਾਹੌਲ ਤਿਆਰ ਕਰਨ। ਇਸ ਨਿਰਦੇਸ਼ ਤੋਂ ਬਾਅਦ ਸਰਕਾਰੀ ਕੇਂਦਰੀ ਵਿਦਿਆਲਿਆ ਅਤੇ ਜਵਾਹਰ ਨਵੋਦਿਆ ਵਿਦਿਆਲਿਆ ਸਮੇਤ ਸੈਂਕੜੇ ਸੰਸਥਾਵਾਂ ਵੱਲੋਂ ਅਜਿਹੇ ਵੀਡੀਓ ਜਾਰੀ ਕੀਤੇ ਗਏ, ਜਿਨ੍ਹਾਂ 'ਚ ਪੂਰਨ ਤੌਰ 'ਤੇ ਟੂਲਕਿੱਟ 'ਚ ਦਿੱਤੀਆਂ ਗੱਲਾਂ ਨੂੰ ਹੀ ਦੁਹਰਾਉਂਦੇ ਹੋਏ ਓ. ਐੱਸ. ਐੱਮ. ਦੀਆਂ ਤਰੀਫਾਂ ਦੇ ਪੁਲ ਬੰਨ੍ਹੇ ਗਏ। ਸਾਹਮਣੇ ਆਏ ਇਕ ਦਸਤਾਵੇਜ਼ 'ਮਟੀਰੀਅਲ ਫਾਰ ਪ੍ਰਿੰਸੀਪਲਜ਼' ਤੋਂ ਸਾਫ ਪਤਾ ਚੱਲਦਾ ਹੈ ਕਿ ਅਧਿਕਾਰੀਆਂ ਨੂੰ ਕੀ ਅਤੇ ਕਿਵੇਂ ਬੋਲਣਾ ਹੈ, ਇਸ ਦੀ ਪੂਰੀ ਸਕ੍ਰਿਪਟ ਪਹਿਲਾਂ ਹੀ ਤਿਆਰ ਸੀ। ਇਸ 'ਚ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਜਨਤਾ ਵਿਚਾਲੇ ਬੋਰਡ ਦਾ ਅਕਸ ਬੇਹੱਦ ਸਰਗਰਮ, ਸੰਵੇਦਨਸ਼ੀਲ ਅਤੇ ਸੰਵਾਦ ਕਰਨ ਵਾਲੀ ਸੰਸਥਾ ਵਜੋਂ ਪੇਸ਼ ਕਰਨ। ਇਸ ਦੇ ਨਾਲ ਹੀ ਸਕ੍ਰਿਪਟ 'ਚ ਇਹ ਵੀ ਲਿਖਿਆ ਸੀ ਕਿ ਜਦੋਂ ਵੀ ਇੰਨੇ ਵੱਡੇ ਪੱਧਰ 'ਤੇ ਕਿਸੇ ਨਵੀਂ ਤਕਨੀਕ (ਟੈਕਨਾਲੋਜੀ) ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਸ਼ੁਰੂਆਤ 'ਚ ਕੁਝ ਤਕਨੀਕੀ ਰੁਕਾਵਟਾਂ ਆਉਣਾ ਸੁਭਾਵਿਕ ਹੈ, ਜਿਸ ਤੋਂ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ ਹੈ। ਵਿਦਿਆਰਥੀਆਂ ਅਤੇ ਮਾਪਿਆਂ ਨੂੰ ਇਹ ਭਰੋਸਾ ਦਿੱਤਾ ਜਾਣਾ ਚਾਹੀਦਾ ਹੈ ਕਿ ਤਕਨੀਕੀ ਖਾਮੀਆਂ ਕਾਰਨ ਕਿਸੇ ਵੀ ਬੱਚੇ ਦਾ ਭਵਿੱਖ ਪ੍ਰਭਾਵਿਤ ਨਹੀਂ ਹੋਵੇਗਾ। ਜੇਕਰ ਕਿਸੇ ਵਿਦਿਆਰਥੀ ਨੂੰ ਆਪਣੇ ਅੰਕਾਂ ਅਤੇ ਡਿਜੀਟਲ ਸ਼ੀਟ ਦੇ ਮੁਲਾਂਕਣ 'ਚ ਕੋਈ ਫਰਕ ਨਜ਼ਰ ਆਉਂਦਾ ਹੈ, ਤਾਂ ਉਹ ਬੋਰਡ ਦੀ ਅਧਿਕਾਰਤ ਰੀ-ਇਵੈਲਿਊਏਸ਼ਨ (ਮੁੜ-ਮੁਲਾਂਕਣ) ਪ੍ਰਕਿਰਿਆ ਦਾ ਸਹਾਰਾ ਲੈ ਸਕਦਾ ਹੈ। ਨਿਰਦੇਸ਼ਾਂ ਤੋਂ ਬਾਅਦ ਸੋਸ਼ਲ ਮੀਡੀਆ, ਵਿਸ਼ੇਸ਼ ਤੌਰ 'ਤੇ ਇੰਸਟਾਗ੍ਰਾਮ ਰੀਲਾਂ 'ਤੇ ਅਜਿਹੇ ਵੀਡੀਓਜ਼ ਦੀ ਹੜ੍ਹ ਆ ਗਈ, ਜਿਨ੍ਹਾਂ 'ਚ ਵਿਦਿਆਰਥੀ ਅਤੇ ਪ੍ਰਿੰਸੀਪਲ ਬਿਲਕੁਲ ਉਹੀ ਭਾਸ਼ਾ ਅਤੇ ਕੋਟਸ ਦੀ ਵਰਤੋਂ ਕਰਦੇ ਦਿਸੇ, ਜੋ ਬੋਰਡ ਵੱਲੋਂ ਭੇਜੇ ਗਏ ਦਸਤਾਵੇਜ਼ 'ਚ ਲਿਖੀ ਸੀ। ਹਾਲਾਂਕਿ ਸਾਰੇ ਪ੍ਰਿੰਸੀਪਲਾਂ ਨੇ ਬੋਰਡ ਦੇ ਇਸ ਫਰਮਾਨ ਨੂੰ ਸਵੀਕਾਰ ਨਹੀਂ ਕੀਤਾ। ਇਕ ਨਾਮੀ ਪ੍ਰਾਈਵੇਟ ਸਕੂਲ ਦੇ ਪ੍ਰਿੰਸੀਪਲ ਨੇ ਗੁਪਤਤਾ ਦੀ ਸ਼ਰਤ 'ਤੇ ਦੱਸਿਆ ਕਿ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਸ ਡਿਜੀਟਲ ਚੈਕਿੰਗ ਕਾਰਨ ਬੱਚਿਆਂ ਨੂੰ ਕਿੰਨਾ ਮਾਨਸਿਕ ਤਣਾਅ ਝੱਲਣਾ ਪਿਆ ਹੈ। ਅਜਿਹੇ 'ਚ ਖੇਤਰੀ ਦਫਤਰ ਦੇ ਮੁਖੀ ਵੱਲੋਂ ਭੇਜੀ ਇਸ ਸਮੱਗਰੀ ਦੇ ਆਧਾਰ 'ਤੇ ਬੋਰਡ ਦਾ ਅੰਨ੍ਹਾ ਸਮਰਥਨ ਕਰਨਾ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਰਗਾ ਹੈ। ਇਹੀ ਵਜ?ਹਾ ਹੈ ਕਿ ਉਨ੍ਹਾਂ ਨੇ ਇਸ ਦੇ ਪੱਖ 'ਚ ਕੋਈ ਵੀ ਵੀਡੀਓ ਜਾਰੀ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਪੂਰੇ ਘਟਨਾਕ੍ਰਮ 'ਤੇ ਜਿੱਥੇ ਮੁੱਖ ਬੁਲਾਰੇ ਨੇ ਪੂਰੀ ਤਰ੍ਹਾਂ ਚੁੱਪ ਧਾਰੀ ਹੋਈ ਹੈ, ਉੱਥੇ ਹੀ ਇਕ ਹੋਰ ਸੀਨੀਅਰ ਅਧਿਕਾਰੀ ਨੇ ਨਾਮ ਉਜਾਗਰ ਨਾ ਕਰਨ ਦੀ ਸ਼ਰਤ 'ਤੇ ਦਾਅਵਾ ਕੀਤਾ ਕਿ ਬੋਰਡ ਨੇ ਕਿਸੇ ਨੂੰ ਵੀ ਜ਼ਬਰਦਸਤੀ ਵੀਡੀਓ ਬਣਾਉਣ ਦਾ ਕੋਈ ਆਦੇਸ਼ ਨਹੀਂ ਦਿੱਤਾ ਸੀ। ਦੂਜੇ ਪਾਸੇ 26 ਮਈ ਦੀ ਤੈਅ ਸਮਾਂ-ਹੱਦ ਤੱਕ 12ਵੀਂ ਜਮਾਤ ਦੇ ਕਰੀਬ 18 ਲੱਖ ਵਿਦਿਆਰਥੀਆਂ 'ਚੋਂ ਹਰ ਚੌਥੇ ਵਿਦਿਆਰਥੀ ਨੇ ਆਪਣੀਆਂ ਉੱਤਰ-ਪੱਤਰੀਆਂ ਦੀ ਸਕੈਨ ਕਾਪੀ ਲਈ ਅਪਲਾਈ ਕਰ ਦਿੱਤਾ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਅਰਜ਼ੀਆਂ 'ਚ 208 ਫੀਸਦੀ ਤੋਂ ਵੱਧ ਦਾ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। ਇਸ ਭਾਰੀ ਉਛਾਲ ਦੀ ਮੁੱਖ ਵਜ?ਹਾ ਫੀਸ ਨੂੰ 700 ਰੁਪਏ ਤੋਂ ਘਟਾ ਕੇ ਮਾਤਰ 100 ਰੁਪਏ ਕਰਨਾ ਮੰਨਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ 13 ਮਈ ਨੂੰ ਐਲਾਨੇ 12ਵੀਂ ਦੇ ਨਤੀਜਿਆਂ 'ਚ ਇਸ ਵਾਰ ਕੁੱਲ ਪਾਸ ਫੀਸਦੀ ਪਿਛਲੇ ਸਾਲ ਦੇ 88.39 ਫੀਸਦੀ ਤੋਂ ਡਿੱਗ ਕੇ 85.20 ਫੀਸਦੀ 'ਤੇ ਆ ਗਈ ਹੈ। ਇਸ ਸਾਲ ਕਰੀਬ 98 ਲੱਖ ਕਾਪੀਆਂ ਦਾ ਮੁਲਾਂਕਣ ਓ. ਐੱਸ. ਐੱਮ. ਰਾਹੀਂ ਡਿਜੀਟਲ ਤਰੀਕੇ ਨਾਲ ਹੋਇਆ, ਜਦੋਂਕਿ ਸਿਰਫ 13000 ਕਾਪੀਆਂ ਹੀ ਰਵਾਇਤੀ (ਮੈਨੂਅਲ) ਤਰੀਕੇ ਨਾਲ ਜਾਂਚੀਆਂ ਗਈਆਂ। ਜਦੋਂ ਵਿਦਿਆਰਥੀਆਂ ਦੇ ਹੱਥ 'ਚ ਉਨ੍ਹਾਂ ਦੀਆਂ ਕਾਪੀਆਂ ਦੀ ਸਕੈਨ ਕਾਪੀ ਆਈ, ਤਾਂ ਉਨ੍ਹਾਂ ਨੇ ਸਟੈੱਪ ਵਾਈਜ਼ ਮਾਰਕਿੰਗ ਨਾ ਹੋਣ, ਉੱਤਰ-ਪੱਤਰੀਆਂ 'ਚ ਹੇਰ-ਫੇਰ ਹੋਣ ਅਤੇ ਬਹੁ-ਬਦਲ ਪ੍ਰਸ਼ਨਾਂ 'ਚ ਗਲਤ ਤਰੀਕੇ ਨਾਲ ਨੰਬਰ ਕੱਟੇ ਜਾਣ ਦੀਆਂ ਗੰਭੀਰ ਖਾਮੀਆਂ ਉਜਾਗਰ ਕੀਤੀਆਂ। ਵਿਸ਼ੇਸ਼ ਤੌਰ 'ਤੇ ਫਿਜ਼ਿਕਸ, ਕੈਮਿਸਟਰੀ, ਬਾਇਓਲੋਜੀ ਅਤੇ ਮੈਥਸ ਵਰਗੇ ਮੁੱਖ ਵਿਸ਼ਿਆਂ 'ਚ ਘੱਟ ਅੰਕ ਆਉਣ ਤੋਂ ਬਾਅਦ ਹੀ ਵਿਦਿਆਰਥੀਆਂ ਨੂੰ ਦੁਬਾਰਾ ਜਾਂਚ (ਰੀ-ਇਵੈਲਿਊਏਸ਼ਨ) ਦਾ ਬਦਲ ਦਿੱਤਾ ਗਿਆ ਸੀ।

### ਸਨੇਹਵਾਲ ਦੇ ਮੱਕੀ ਦੇ ਖੇਤ 'ਚੋਂ ਗਲੀ-ਸੜੀ ਲਾਸ਼ ਬਰਾਮਦ

ਸਨੇਹਵਾਲ 19 ਜੂਨ। ਸਨੇਹਵਾਲ ਇਲਾਕੇ ਵਿੱਚ ਉਸ ਸਮੇਂ ਦਹਿਸ਼ਤ ਅਤੇ ਸਨਸਨੀ ਫੈਲ ਗਈ ਜਦੋਂ ਪੁਰਾਣੇ ਬਾਈਪਾਸ ਨੇੜੇ ਸਥਿਤ ਲੜਕਿਆਂ ਦੇ ਸਰਕਾਰੀ ਹਾਈ ਸਕੂਲ ਦੇ ਬਿਲਕੁਲ ਕੋਲ ਇਕ ਮੱਕੀ ਦੇ ਖੇਤ ਵਿੱਚੋਂ ਇਕ ਅਣਪਛਾਤੇ ਵਿਅਕਤੀ ਦੀ ਬੁਰੀ ਤਰ੍ਹਾਂ ਗਲੀ-ਸੜੀ ਲਾਸ਼ ਬਰਾਮਦ ਹੋਈ। ਲਾਸ਼ ਦੀ ਹਾਲਤ ਇੰਨੀ ਖਰਾਬ ਸੀ ਕਿ ਉਸ ਦੇ ਚਿਹਰੇ 'ਤੇ ਕੀੜੇ ਚੱਲ ਰਹੇ ਸਨ। ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਖੌਫਨਾਕ ਮਾਮਲੇ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਖੇਤ ਦੇ ਮਾਲਕ ਵਿੱਕੀ ਨੇ ਆਪਣੇ ਖੇਤ ਵਿੱਚ ਇਕ ਲਾਵਾਰਿਸ ਲਾਸ਼ ਪਈ ਦੇਖੀ ਅਤੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ। ਮਾਮਲੇ ਦੀ ਤਫਤੀਸ਼ ਕਰ ਰਹੇ ਏ.ਐੱਸ.ਆਈ. ਗੁਰਮੀਤ ਸਿੰਘ ਨੇ ਦੱਸਿਆ ਕਿ ਲਾਸ਼ ਕਰੀਬ 5 ਤੋਂ 7 ਦਿਨ ਪੁਰਾਣੀ ਪ੍ਰਤੀਤ ਹੁੰਦੀ ਹੈ। ਤੇਜ਼ ਧੁੱਪ ਅਤੇ ਕਈ ਦਿਨ ਬੀਤ ਜਾਣ ਕਾਰਨ ਲਾਸ਼ ਇੰਨੀ ਜ਼ਿਆਦਾ ਖਰਾਬ ਹੋ ਚੁੱਕੀ ਹੈ ਕਿ ਮ੍ਰਿਤਕ ਦੀ ਪਛਾਣ ਕਰਨਾ ਪੁਲਸ ਲਈ ਇਕ ਵੱਡੀ ਚੁਣੌਤੀ ਬਣਿਆ ਹੋਇਆ ਹੈ। ਪੁਲਸ ਨੇ ਲਾਸ਼ ਨੂੰ ਸ਼ਨਾਖਤ ਲਈ ਲੁਧਿਆਣਾ ਦੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ 72 ਘੰਟਿਆਂ ਲਈ ਰਖਵਾ ਦਿੱਤਾ ਹੈ। ਪੁਲਸ ਅਨੁਸਾਰ, ਇਹ ਇਲਾਕਾ ਸੁਨਸਾਨ ਹੋਣ ਕਾਰਨ ਇੱਥੇ ਅਕਸਰ ਨਸ਼ੇੜੀ ਅਨਸਰਾਂ ਦੀ ਆਵਾਜਾਈ ਰਹਿੰਦੀ ਹੈ। ਅੰਦੇਸ਼ਾ ਜਤਾਇਆ ਜਾ ਰਿਹਾ ਹੈ ਕਿ ਸ਼ਾਇਦ ਨਸ਼ੇ ਦੀ ਜ਼ਿਆਦਾ ਮਾਤਰਾ (ਓਵਰਡੋਜ਼) ਜਾਂ ਨਸ਼ੇ ਦਾ ਟੀਕਾ ਲਗਾਉਣ ਕਾਰਨ ਵਿਅਕਤੀ ਦੀ ਮੌਤ ਹੋਈ ਹੋਵੇਗੀ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਤ ਦੇ ਅਸਲ ਕਾਰਨਾਂ ਦਾ ਪਤਾ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਲੱਗੇਗਾ ਕਿ ਇਹ ਨਸ਼ੇ ਨਾਲ ਹੋਈ ਮੌਤ ਹੈ ਜਾਂ ਇਸ ਦੇ ਪਿੱਛੇ ਕੋਈ ਡੂੰਘੀ ਸਾਜ਼ਿਸ਼ ਹੈ।